Digitized by Arya Samaj Foundation Chennai and eGangotri

65प/2

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ओ३म्

पुस्तक संख्या...... ६७ ५/२

पञ्जिका संख्या...... २६०२८

पुस्तक पर सर्व प्रकार की निशानियां लगाना वर्जित है। कोई सज्जन पन्द्रह दिन से अधिक देर तक पुस्तक अपने पास नहीं रख सकते। अधिक देर तक रखने के लिये पुनः आज्ञा प्राप्त करनी चाहिये।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਰਸ਼ ਮਾਤਾ

ਪ੍ਰਥਮ ਭਾਗ

CHECKED 1973
स्टॉक प्रमाणीकरण १९८४-१९८५

ਸ੍ਰੀ ਮਤੀ ਹੇਮੰਤ ਕੁਮਾਰੀ ਚੌਧਰੀ

H. K. CHAUDHRI.

पुस्तकालय
गुरुकुल कांगड़ी

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧ ਓ ਸਤਿਗੁਰਪ੍ਰਸਾਦਿ ॥

ਆਦਰਸ਼ ਮਾਤਾ

ਪ੍ਰਥਮ ਭਾਗ

ਰਚਿਤ

ਸ੍ਰੀ ਮਤੀ ਹੇਮੰਤ ਕੁਮਾਰੀ ਚੌਧਰੀ

ਭੂਤ ਪੂਰਵ ਸੰਪਾਦਿਕਾ ਹਿੰਦੀ ਮਾਸਕ ਪਤ੍ਰਕਾ "ਸੁਗ੍ਰਹਣੀ" ਅਤੇ ਬੰਗਾਲੀ ਮਾਸਕ ਪਤ੍ਰਕਾ "ਅੰਤਹ ਪੁਰ"

ਪੁਸਤਕ ਮਿਲਨ ਦਾ ਪਤਾ

ਸ੍ਰੀ ਮਤੀ ਹੇਮੰਤ ਕੁਮਾਰੀ ਚੌਧਰੀ

ਸੁਪ੍ਰੰਟੈਂਡੈਂਟ ਵਿਕਟੋਰੀਆ ਕੰਨਯਾਂ ਪਾਠਸ਼ਾਲਾ ਪਟਿਆਲਾ

All rights reserved.

ਸ੍ਰੀ ਗੁਰਮਤ ਪ੍ਰੇਸ ਅੰਮ੍ਰਿਤਸਰ ਵਿਚ
ਭਾਈ ਬੁਧਸਿੰਘ ਮੈਨੇਜਰ ਦੇ ਪ੍ਰਬੰਧ ਨਾਲ ਛਪੀ

ਪਹਿਲੀ ਵਾਰ ੧੦੦੦] March 1912 [ਮੁਲ ॥)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਰਸ਼ ਮਾਤਾ

ਪ੍ਰਿਥਮ ਭਾਗ

ਹਿੰਦੀ ਭਾਸ਼ਾ ਦੀ ਆਦਰਸ਼ ਮਾਤਾ ਪੁਸਤਕ ਨੂੰ ਪੜ੍ਹਕੇ ਲਾਹੌਰ ਚੀਫਕੋਰਟ ਦੇ ਜੱਜ ਸ੍ਰੀਮਾਨ ਸਰ ਪ੍ਰਤੂਲ ਚੰਦ ਚੈਟਰ ਜੀ ਐਮ. ਏ. ਐਲ. ਐਲ ਡੀ. ਸੀ. ਆਈ. ਈ. ਨੇ ਆਪਣੀ ਇਹ ਰਾਏ ਲਿਖੀ ਹੈ।

FOREWORD,

(By Sir Pratul Chandra Chatterjee Kt., M.A. L.L.D.,C.I.E., *Retired Judge of the Punjab Chief Court*)

The writer of this book Srimati Hemanta Kumari Chaudhuri is a Bengali lady born at Lahore and educated mostly in Upper India but finally in Calcutta. She is the daughter of the late Pandit Navina Chandra Rai, who was probably the most prominent Bengali in the Punjab a generation ago, and highly esteemed both in official and non-official circlee for his general erudition and public spirit. He belonged to the Brahmo Samaj, of which he was a distinguished member, and always took a warm interest and usually participated in all movements for the public good.

The authoress of this book is, like her father, a member of the Brahmo Samaj and has tried all her life to follow his footsteps. Being free from the restrictions of very rigid *Parda* and the trammels of caste, she has been able to make herself at home in every part of northern India and thus has picked up

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

a great deal of information about the manners and customs of the different populations of those parts. Her philanthropic and educational activities have had a wido range and have extended from the Punjab on the west to Sylhet in Eastern Bengal and Assam. She has thus been able to establish efficient girl schools in East Bengal which have won her the good opinion of the authorities including Sir Bampfylde Fuller and Sir Lancelot Haro. At the same time she has organized a girl school in Patiala *viz.*, the Victoria Girl School established by His Highness the Maharaja and opened by Lady Rivaz in 1906, and raised it by her exertions to a condition of efficiency and popularitp that has secured her a high place in the esteem of its ruler.

These are no ordinary achievements for an Indian Lady, and I rejoice that a country woman of mine has been able, by her personal exertions to do so much for the advancement of her backward sisters in Bengal and in the Punjab. The admiration I feel for her self-devoted efforts in the cause of female education and for the general good of Indian women has induced me to write these few lines by way of introduction to her book.

The little book itself is an attempt in the Hindi language to teach young women the duties of motherhood from the time of conception to that of the attainment of adolescence by their children. She has preferred to give her instruction in the form of a history of the experiences of a young lady wedded to an enlightened husband to putting it in a didactic form. Her lessons conveyed by means of a series of incidents introduced in her narrative have acquired a dramatic

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

interest from the air of realism possessed by the latter which is calculated to rivet the attention and to impress the memory of her readers much more than if they had been givən in the form of abstract propositions. The book is styled ਆਦਰਸ਼ ਮਾਤਾ (Adarsha-Mata) or the *Model Mother*, and the authoress's remarks have a particular value as coming from a mother of children, some of whom I am glad to find have attained Unversity distinction, and as embodying the practical results of her personal experience.

I believe such a book is rare in the Hindi language and probably supplies a want that is felt. The language is simple, though she has used a number of words of Sanscritic origin. Possibly she might have more largely used colloquial expressions, but these have a tendency to be local and would have, to some extent, restricted the circle of her readers and impaired the practical usefulness of the book, whereas the language she employs would be understood probably over the whole of Northern India. I need not say more as I am not writing a critique on her book but merely bringing its utility to public notice. The authoress's aim is mainly the imparting of practicle and useful information for the good of her sex.

LAHORE:
November 25th 1911.

P. C. CHATTERJEE,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧ ਓੰ

ਨਿਵੇਦਨ

ਮਾਤਾ ਦੀ ਪਦਵੀ ਸੰਸਾਰ ਵਿਚ ਸਭ ਤੋਂ ਸ੍ਰੇਸ਼ਟ ਹੈ, ਜਾਤੀ ਉੱਨਤ ਦਾ ਮੂਲ ਭੀ ਸੁਮਾਤਾ ਹੈ। ਇੰਗਲੈਂਡ ਆਦਿਕ ਸਭ੍ਯ ਦੇਸਾਂ ਦੀ ਸੱਭ੍ਯਤਾ ਸੁਮਾਤਾ ਕਰਕੇ ਹੀ ਹੋਈ ਹੈ ਅਰ ਏਸੇ ਦੇ ਅਭਾਵ ਕਰਕੇ ਭਾਰਤ ਵਰਸ਼ ਦੀ ਇਹ ਦੁਰਦਸ਼ਾ ਹੋ ਰਹੀ ਹੈ। ਜਦ ਤਕ ਸਾਡੇ ਦੇਸ਼ ਦੀਆਂ ਮਾਵਾਂ ਆਪਣੇ ਮਾਤ੍ਰ ਧਰਮ ਦੇ ਪਾਲਣ ਯੋਗ ਨਾ ਬਣਨਗੀਆਂ ਤਦ ਤਕ ਦੇਸ਼ ਦੀ ਉੱਨਤੀ ਹੋਣੀ ਅਸੰਭਵ ਹੈ। ਯੂਰੋਪ, ਅਮਰੀਕਾ ਆਦਿਕ ਦੇਸਾਂ ਵਿਚ ਮਾਵਾਂ ਨੂੰ ਮਾਤ੍ਰ ਧਰਮ ਪਾਲਣ ਦੀ ਸਿੱਖ੍ਯਾ, ਅਤੇ ਸਹਾਇਤਾ ਦੇਣ ਵਾਸਤੇ ਇਸਤ੍ਰੀ ਸਭਾ ਬਣੀਆਂ ਹੋਈਆਂ ਹਨ ਪ੍ਰੰਤੂ ਸਾਡੇ ਦੇਸ ਦੀਆਂ ਇਸਤ੍ਰੀਆਂ ਬਾਲ ਅਵਸਥਾ ਬਤੀਤ ਹੋਣ ਤੋਂ ਪਹਿਲਾਂ ਪਹਿਲਾਂ ਹੀ ਮਾਵਾਂ ਬਣ ਜਾਂਦੀਆਂ ਹਨ। ਫੇਰ ਭੀ ਏਥੇ ਸੁਮਾਤਾ ਬਣਾਉਣ ਵਾਸਤੇ ਕੋਈ ਯਤਨ ਨਜ਼ਰ ਨਹੀਂ ਆਉਂਦਾ।

ਜਦ ਤਕ ਮੇਰੇ ਸੰਤਾਨ ਨਹੀਂ ਹੋਈ ਸੀ ਤਦ ਤੋਂ ਹੀ ਮੈਨੂੰ ਇਹ ਪ੍ਰਤੀਤ ਹੁੰਦਾ ਸੀ ਕਿ ਬਿਨਾ ਮਾਤਾ ਦੇ ਗੁਣ ਸਿੱਖੇ ਦੇ ਸੰਤਾਨ ਚੰਗੀ ਨਹੀਂ ਹੋ ਸਕਦੀ। ਹੁਣ ਤਾਂ ਈਸ਼੍ਵਰ ਦੀ ਦਯਾ ਨਾਲ ਕਿੰਨੇ ਹੀ ਬਾਲਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਮਾਤਾ ਹਾਂ ਅਰ ਭਾਰਤ ਵਰਸ਼ ਦੇ ਅਨੇਕਾਂ ਸ਼ਹਿਰਾਂ ਵਿਚ ਫਿਰਕੇ ਹਿੰਦੂ ਮੁਸਲਮਾਨ ਭੈਣਾਂ ਦੀ ਦਸ਼ਾ ਦੇਖਕੇ ਮੈਨੂੰ ਬਹੁਤ ਸ਼ੋਕ ਹੁੰਦਾ ਹੈ। ਸਾਡੇ ਦੇਸ ਵਿਚ ਵਿਚਾਰੀਆਂ ਇਸਤ੍ਰੀਆਂ ਨੂੰ ਓਨਾਂ ਦੇ ਕਠਨ ਕਰਤੱਵ ਪਾਲਨ ਵਿਚ ਕਿਸੇ ਪ੍ਰਕਾਰ ਦੀ ਸਹਾਇਤਾ ਨਹੀਂ ਮਿਲਦੀ ਕੇਵਲ ਪ੍ਰਵਾਰਿਕ ਸਿਖਯਾ ਦਾ ਪ੍ਰਭਾਵ ਮਾਨਸ ਜੀਵਨ ਦੀ ਭਵਿਖਤ ਉਨਤੀ ਦੀ ਸੂਚਨਾ ਨਹੀਂ ਦੇਂਦਾ ਪ੍ਰੰਤੂ ਮਾਤਾ ਦੀ ਦੇਹ ਅਤੇ ਮਨ ਦੋਹਾਂ ਨਾਲ ਸੰਤਾਨ ਦਾ ਬਹੁਤ ਗੂੜ੍ਹਾ ਸੰਬੰਧ ਹੁੰਦਾ ਹੈ ਅਰੋਗ ਅਤੇ ਧਾਰਮਕ ਮਾਤਾ ਦੀ ਸੰਤਾਨ ਭੀ ਓਹੋ ਜੇਹੀ ਹੋਵੇਗੀ ਤੇ ਰੋਗ ਗ੍ਰਸਤ ਤੇ ਧਰਮ ਹੀਨ ਮਾਤਾ ਦੀ ਸੰਤਾਨ ਓਹੋ ਜੇਹੀ ਨਹੀਂ ਹੋ ਸਕਦੀ। ਇਸ ਲਈ ਮੈਂ ਇਸ ਪੁਸਤਕ ਦੇ ਪਹਿਲੇ ਦੋ ਅੱਧਯਾਵਾਂ ਵਿਚ ਮਾਤਾ ਦੇ ਸ੍ਵਾਸਥ ਰੱਖਯਾ ਸੰਬੰਧੀ ਗੱਲਾਂ ਵਰਨਣ ਕਰਕੇ ਫੇਰ ਓਸਦੇ ਨੀਤ ਵਿਸ਼ਯਕ ਗੱਲਾਂ ਦਾ ਵਰਨਣ ਕੀਤਾ ਹੈ ਸੰਤਾਨ ਪਾਲਣ ਵਿਚ ਇਸਤ੍ਰੀ ਨੂੰ ਜੇਹੀ ਸਹਾਇਤਾ ਆਪਣੇ ਪਤੀ ਪਾਸੋਂ ਮਿਲੇਗੀ ਹੋਰ ਕਿਸੇ ਪਾਸੋਂ ਨਹੀਂ ਮਿਲ ਸਕਦੀ। ਇਸਤ੍ਰੀ,ਭਰਤਾ ਦੋਹਾਂਦੇ ਸੱਤ ਭਾਵਨਾਲ ਮਿਲਕੇ ਸੰਤਾਨ ਦੀ ਸਿੱਖਯਾ ਦਾ ਪ੍ਰਬੰਧ ਕਰਨ ਨਾਲ ਹੀ ਆਸ਼ਾ ਪੂਰਨ ਹੁੰਦੀ ਹੈ।

ਸਾਡੀ ਸਰਕਾਰ ਅੰਗ੍ਰੇਜ਼ੀ ਵਿਦਯਾਲਯ ਦੇ ਵਿ-ਦਯਾਰਥੀਆਂ ਨੂੰ ਨੀਤਿ ਸਿੱਖਯਾ ਦੇਣ ਦਾ ਪ੍ਰਬੰਧ ਕਰਨ ਲਈ ਬਹੁਤ ਵਿਚਾਰ ਕਰ ਰਹੀ ਹੈ ਪ੍ਰੰਤੂ ਇਸਤ੍ਰੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਸਿਖਯਾ ਦਾ ਕੋਈ ਚੰਗਾ ਪ੍ਰਬੰਧ ਨਹੀਂ । ਇਸ ਵਾਸਤੇ ਇਕ ਅਜੇਹੀ ਪੁਸਤਕ ਦੀ ਬਹੁਤ ਲੋੜ ਦੇਖਕੇ ਮੈਂ ਇਹ ਪੁਸਤਕ ਆਪਣੇ ਦੇਸ ਦੀਆਂ ਮਾਵਾਂ ਦੇ ਚਰਨ ਕਵਲਾਂ ਵਿਚ ਭੇਟਾ ਕਰਦੀ ਹਾਂ । ਜੇ ਕਿਸੇ ਮਾਤਾਨੂੰ ਇਸ ਨਾਲ ਕੁਛ ਭੀ ਸਹਾਇਤਾ ਮਿਲੇ ਤਾਂ ਮੈਂ ਆਪਣਾ ਯਤਨ ਸਫਲ ਸਮਝਾਂ ਗੀ । ਅਰ ਛੇਤੀ ਹੀ ਦੂਸਰਾ ਭਾਗ ਪ੍ਰਕਾਸ਼ਤ ਕਰਨ ਦਾ ਹੀਲਾ ਕਰਾਂਗੀ । ਮੈਂ ਆਪਣੀ ਸੰਤਾਨ ਪਾਲਨ ਕਰਨ ਅਤੇ ਬਾਲਾਂ ਦੀ ਸਿਖਿਆ ਦਾ ਯਤਨ ਕਰਨ ਵਿਚ ਜੋ ਕੁਛ ਸਿਖਿਆ ਪ੍ਰਾਪਤ ਕੀਤੀ ਹੈ ਓਸੇ ਦੇ ਅਨੁਸਾਰ ਏਹ ਪੁਸਤਕ ਲਿਖੀ ਹੈ ॥

ਮੈਂ ਬੜੀ ਪ੍ਰਸੰਨਤਾ ਨਾਲ ਲਿਖਦੀ ਹਾਂ ਕਿ ਪੰਜਾਬ ਚੀਫ ਕੋਰਟ ਦੇ ਭੂਤ ਪੂਰਵ ਜੱਜ ਸ੍ਰੀ ਮਾਨ, ਸਰ ਪ੍ਰਤੂਲ ਚੰਦ੍ਰ ਚੈਟਰ ਜੀ ਐਮ. ਏ. ਐਲ. ਐਲ. ਡੀ. ਸੀ. ਆਈ. ਈ. ਨੇ ਅਤ੍ਯੰਤ ਕ੍ਰਿਪਾ ਕਰਕੇ ਆਦਰਸ਼ ਮਾਤਾ (ਹਿੰਦੀ ਭਾਸ਼ਾ) ਨੂੰ ਪੜ੍ਹਕੇ ਅੰਗ੍ਰੇਜ਼ੀ ਵਿਚ ਆਪਣੀ ਰਾਇ ਪ੍ਰਗਟ ਕੀਤੀ ਹੈ ਜੋ ਕਿ ਇਸ ਪੁਸਤਕ ਦੇ ਨਾਲ ਛਾਪੀ ਗਈ ਹੈ ਜਿਸਦੇ ਵਾਸਤੇ ਮੈਂ ਓਨਾਂ ਦਾ ਸਚੇ ਮਨ ਨਾਲ ਧੰਨਯਵਾਦ ਕਰਦੀ ਹਾਂ ॥

ਪਟਿਆਲਾ
ਨਵੰਬ੍ਰ ੧੯੧੧ } ਸ੍ਰੀ ਮਤੀ ਹੇਮੰਤ ਕੁਮਾਰੀ ਚੌਧਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧ ਓ ਸਤਿਗੁਰਪ੍ਰਸਾਦਿ ॥

ਆਦਰਸ਼ ਮਾਤਾ

ਭਾਗ ਪਹਿਲਾ

ਪਹਿਲਾ ਅਧਜਾਇ

ਲਾਲਾ ਰਾਮ ਨਾਰਾਇਣ ਜੀ ਕਾਨ ਪੁਰ ਦੇ ਰਹਿਣ ਵਾਲੇ ਹਨ ਇਨ੍ਹਾਂ ਦੇ ਪ੍ਰਵਾਰ ਵਿੱਚ ਓਨ੍ਹਾਂ ਦੀ ਇਕ ਬ੍ਰਿਧ ਮਾਤਾ ਅਰ ਇਕ ਇਸਤ੍ਰੀ ਹੈ, ਰਾਮ ਨਾਰਾਇਣ ਜੀ ਨੇ ਐਮ. ਏ. ਪਾਸ ਕੀਤਾ ਹੋਯਾ ਹੈ ਹੁਣ ਕਾਨ ਪੁਰ ਦੇ ਸ੍ਰਕਾਰੀ ਮਦਰਸੇ ਵਿਚ ਹੈਡ ਮਾਸਟਰ ਹਨ ਇਨ੍ਹਾਂ ਦੀ ਵਿਦਜਵਾ-ਨਤਾ ਅਤੇ ਸੀਲ ਸੁਭਾਵ ਨੂੰ ਦੇਖਕੇ ਸਭ ਇਨਾਂ ਦੀ ਉ-ਪਮਾਂ ਕਰਦੇ ਅਰ ਸਭ ਥਾਂ ਇਨ੍ਹਾਂ ਦਾ ਮਾਨ ਹੁੰਦਾ ਸੀ, ਇਨ੍ਹਾਂ ਦਾ ਸੁਭਾਵ ਉਪਕਾਰ ਅਤੇ ਧਰਮ ਵਾਲਾ ਸੀ। ਇਨ੍ਹਾਂ ਦੀ ਇਸਤ੍ਰੀ ਪਾਰਬਤੀ ਨੂੰ ਗ੍ਰਭ ਅਵਸਥਾ ਵਿੱਚ ਜਦ ਚਾਰ ਪੰਜ ਮਹੀਨੇ ਹੋਏ ਤਾਂ ਇਕ ਦਿਨ ਓਹ ਬੜੀ ਚਿੰਤਾਤੁਰ ਹੋਈ ਬੈਠੀ ਸੀ, ਲਾਲਾ ਰਾਮ ਨਾਰਾਇਣ ਜੀ ਨੇ ਆਪਣੀ ਇਸਤ੍ਰੀ ਦੀ ਇਹ ਦਸ਼ਾ ਦੇਖ ਕੇ ਉਸਨੂੰ ਆ-ਪਣੇ ਪਾਸ ਬੁਲਾਇਆ ਅਤੇ ਬੜੇ ਪ੍ਰੇਮ ਨਾਲ ਓਸ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੋਕਾਤੁ ਹੋਣਦਾ ਕਾਰਣ ਪੁਛਿਆ। ਪਾਰਬਤੀ ਨੇ ਭੀ ਆ-ਪਣੇ ਦੁਖੀ ਮਨ ਦੀ ਬਿਵਸਥਾ ਸੁਣਾ ਕੇ ਮਨ ਦੇ ਭਾਰ ਨੂੰ ਹੌਲਾ ਕੀਤਾ। ਰਾਮ ਨਾਰਾਇਣ ਜੀ ਨੇ ਕਾਰਨ ਸੁਣ ਕੇ ਕੁਛ ਉਦਾਸ ਹੋਕੇ ਇਸਤ੍ਰੀ ਨੂੰ ਕਿਹਾ:—

ਕੀ ਤੁਸੀਂ ਨੇਕ ਤੇ ਸੁਘੜ ਸੰਤਾਨ ਪ੍ਰਾਪਤ ਕਰਨ ਦੀ ਇਛਾ ਰਖਦੇ ਹੋ ?

ਪਾਰਬਤੀ–ਕਿਉਂ ਜੀ! ਕੇਹੜੀ ਅਜੇਹੀ ਮੂਰਖ ਇ-ਸਤ੍ਰੀ ਹੈ ਜੋ ਸੁਘੜ ਸੰਤਾਨ ਪ੍ਰਾਪਤ ਕਰਨ ਦੀ ਇੱਛਾ ਨਹੀਂ ਰਖਦੀ ? ਮੇਰੀ ਤਾਂ ਆਪਣੀ ਏਹ ਇੱਛਾ ਹੈ ਕਿ ਈਸ਼੍ਵਰ ਮੈਨੂੰ ਇਕ ਪ੍ਰੇਮ ਸੁੰਦਰ ਰੂਪ ਗੁਣਵਾਨ ਪੁਤ੍ਰ ਦੇਵੇ।

ਰਾਮ– ਪ੍ਰਿਯ! ਸਾਡੇ ਦੇਸ਼ ਵਿੱਚ ਵੱਡੀ ਭੈੜੀ ਚਾਲ ਤਾਂ ਇਹ ਹੈ ਕਿ ਇਸਤ੍ਰੀ ਭਰਤਾ ਹੋਰ ਓਪਰੇ ਆਦਮੀਆਂ ਨਾਲ ਹਾਸੇ ਠੱਠੇ ਵਿੱਚ ਤਾਂ ਕਈ ਅਯੋਗ ਤੇ ਬੇਸ਼ਰਮੀ ਦੀਆਂ ਗੱਲਾਂ ਕਰ ਲੈਂਦੇ ਹਨ ਪ੍ਰੰਤੂ ਆਪਸ ਵਿਚ ਜੀ ਖੋਲ੍ਹ ਕੇ ਗੱਲ ਬਾਤ ਕਰਨ ਵਿਚ ਭੀ ਸ਼ਰਮ (ਸਮਝਦੇ) ਕਰਦੇ ਹਨ ਏਸੇ ਹੀ ਕਰਕੇ ਸਾਡੇ ਦੇਸਦੇ ਇਸਤ੍ਰੀ ਪੁਰਸ਼ਾਂ ਵਿੱਚ ਪ੍ਰਸਪਰ ਪ੍ਰੇਮ ਨਹੀਂ ਰਹਿੰਦਾ, ਇਕ ਦੂਸਰੇ ਦੇ ਭਾਵ ਨੂੰ ਚੰਗੀ ਤਰਾਂ ਸਮਝਦੇ ਨਹੀਂ। ਪ੍ਰੰਤੂ ਅੱਜ ਮੈ ਤੁਹਾਨੂੰ ਕਈ ਇਕ ਗੱਲਾਂ ਅਜੇਹੀਆਂ ਦਸਾਂਗਾ ਜੋ ਭਾਵੇਂ ਸਾਡੇ ਦੇਸਦੀ ਚਾਲ ਦੇ ਵਿਰੁਧ ਹਨ ਪਰ ਮੈਨੂੰ ਆਸ਼ਾ ਹੈ ਕਿ ਤੁਸੀਂ ਭੀ ਮਨ ਲਗਾ ਕੇ ਸੁਣੋਗੀ।

ਪਾਰਬਤੀ–ਸੁਵਾਮੀ ! ਜੋ ਆਪ ਦੀ ਇਛਾ ਹੋਵੇ ਸੋ ਕਹੋ, ਜੋ ਆਪ ਦੀ ਆਗਜ੍ਯਾ ਵਿੱਚ ਤੁਰਨ ਨਾਲ ਲੋਕੀ ਮੈਨੂੰ ਨਿਰਲੱਜ ਤੇ ਮੂਰਖ ਆਖਕੇ ਮੇਰੀ ਨਿੰਦ੍ਯਾ ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਦ ਭੀ ਮੈਂ ਆਪਦੀ ਆਗਜ਼ਾ ਤੋਂ ਬੇਮੁਖ ਨਾਂ ਹੋਵਾਂਗੀ, ਸਵਾਮੀ ਦੀ ਆਗਜ਼ਾ ਪਾਲਨ ਕਰਨਾ ਸਤੀ ਇਸਤ੍ਰੀਆਂ ਦਾ ਮੁਖ ਧਰਮ ਹੈ।

ਰਾਮ—ਪ੍ਰਿਯ! ਸੁਨੋ, ਗ੍ਰਭ ਅਵਸਥਾ ਵਿੱਚ ਗ੍ਰਭ-ਣੀ ਇਸਤ੍ਰੀ ਆਪਣੇ ਮਨ ਅਤੇ ਸ੍ਰੀਰ ਨੂੰ ਜੇਹੀ ਅਵਸਥਾ ਵਿੱਚ ਰਖੇਗੀ ਅੱਗੇ ਨੂੰ ਉਸਦੀ ਸੰਤਾਨ ਭੀ ਓਹੋ ਜੇਹੀ ਹੋਵੇਗੀ। ਸੋ ਹੇ ਪਿਆਰੀ! ਤੁਸੀਂ ਇਸ ਵੇਲੇ ਆਪਣੇ ਮਨ ਨੂੰ ਸਦਾ ਪ੍ਰਸੰਨ ਪਵਿਤ੍ਰ ਅਤੇ ਧਰਮ ਵਲ ਝੁਕਾਈ ਰੱਖੋ ਅਤੇ ਸਰੀਰਨੂੰ ਭੀ ਸਾਫ ਸੁਥਰਾ ਅਤੇ ਅਰੋਗ ਰੱਖਣ ਦਾ ਯਤਨ ਕਰੋ ਜਿਸ ਨਾਲ ਅੱਗੇ ਨੂੰ ਤੁਸੀਂ ਆਪਣੀ ਇੱਛਾ ਅਨੁਸਾਰ ਸੰਤਾਨ ਪ੍ਰਾਪਤ ਕਰਕੇ ਸੁਖੀ ਹੋਵੋ। ਇਸ ਅਵਸਥਾ ਵਿੱਚ ਮਨ ਨੂੰ ਚਿੰਤ੍ਰਤ ਅਤੇ ਸੋਕਾਤੁਰ ਨਹੀਂ ਨਹੀਂ ਰਖਣਾ ਚਾਹੀਦਾ। ਜੋ ਗ੍ਰਭਵੰਤੀ ਇਸਤ੍ਰੀ ਮਨ ਨੂੰ ਦੁਖੀ ਅਤੇ ਵਿਆਕੁਲ ਰਖਦੀ ਹੈ ਉਸ ਦੀ ਸੰਤਾਨ ਭੀ ਓਸੇ ਤਰਾਂ ਦੀ ਉਤਪੰਨ ਹੁੰਦੀ ਹੈ।

ਪਾਰਬਤੀ—ਅੱਜ ਆਪ ਦਾ ਏਹ ਉਪਦੇਸ਼ ਸੁਣਕੇ ਮੈਨੂੰ ਬਹੁਤ ਸਮਝ ਆ ਗਈ ਹੈ, ਆਪ ਨੇ ਤਾਂ ਮੈਨੂੰ ਮੇਰੀ ਭੁੱਲ ਜਤਾ ਦਿੱਤੀ ਹੈ ਅੱਜ ਤੋਂ ਮੈਂ ਅਪਣੇ ਸਰੀਰ ਅਤੇ ਮਨ ਨੂੰ ਬੜੀ ਸਾਵਧਾਨੀ ਨਾਲ ਰਖਿਆ ਕਰਾਂਗੀ ਜਿਸ ਨਾਲ ਮੇਰੀ ਸੰਤਾਨ ਭੀ ਚੰਗੀ ਹੋਵੇ। ਹੱਛਾ ਜੋ ਹੋਰ ਕੀ ਕੀ ਕਰਨਾ ਚਾਹੀਦਾ ਹੈ ?

ਰਾਮ—ਦੇਖੋ ਮਾਨੁੱਖ ਜੀਵਣ ਦਾ ਮੁਖ ਧਰਮ ਧਰਮਾਵਲੰਭੀ ਅਤੇ ਈਸ਼ੁਰ ਭਗਤ ਹੋਣਾ ਹੈ, ਮੈਂ ਪਹਿਲਾਂ ਹੀ ਕਿਹਾ ਹੈ ਕਿ ਗ੍ਰਭ ਅਵਸਥਾ ਵਿਚ ਮਾਤਾ ਦੇ ਮਨ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਬਿਵਸਥਾ ਹੁੰਦੀ ਹੈ ਅੱਗੇ ਹੋਣ ਵਾਲੀ ਸੰਤਾਨ ਭੀ ਉਸੇ ਤਰਾਂ ਦੀ ਹੁੰਦੀ ਹੈ। ਸੋ ਜੇ ਸੰਤਾਨ ਨੂੰ ਭੀ ਈਸ਼ੂਰ ਭਗਤ ਅਰ ਧਰਮ ਅਨੁਰਾਗੀ ਬਨਾਉਣਾ ਹੋਵੇ ਤਾਂ ਮਾਤਾ ਨੂੰ ਹੁਣ ਤੋਂ ਹੀ ਇਨ੍ਹਾਂ ਕੰਮਾਂ ਵਿਚ ਲੀਨ ਹੋਣਾ ਚਾਹੀਏ ਧਰਮ ਸੰਬੰਧੀ ਸ਼ੁਭ ਪੁਸਤਕਾਂ ਦਾ ਪੜ੍ਹਨਾ, ਸਦਾ ਭਲੇ ਕੰਮਾਂ ਵਲ ਧਿਆਨ ਰਖਣਾ ਅਰ ਨਿੱਤਨੇਮ, ਈਸ਼ੂਰ ਦਾ ਭਜਨ ਕਰਨਾ ਬਹੁਤ ਆਵਸ਼ਕ ਹੈ। ਕੁਛ ਦਿਨ ਹੋਏ ਹਨ ਕਿ ਮੈਂ ਤੁਹਾਨੂੰ ਜੋ "ਸਾਵਿਤ੍ਰੀ ਚਰਿਤ੍ਰ" ਅਤੇ ਮੀਰਾਂ ਬਾਈ ਦਾ ਜੀਵਨ ਚਰਿਤ੍ਰ ਨਾਮੇ ਦੋ ਪੁਸਤਕਾਂ ਦਿੱਤੀਆਂ ਸਨ ਕੀ ਓਹ ਤੁਸਾਂ ਪੜ੍ਹੀਆਂ ਸਨ? ਅਰ ਉਨ੍ਹਾਂ ਦੇ ਪੜ੍ਹਨ ਨਾਲ ਤੁਹਾਡੇ ਚਿੱਤ ਦੀ ਕੀ ਦਸ਼ਾ ਹੋਈ।

ਪਾਰਬਤੀ—ਹਾਂਜੀ ਓਹ ਦੋਵੇਂ ਪੁਸਤਕਾਂ ਮੈਂ ਬੜੇ ਪ੍ਰੇਮ ਨਾਲ ਮਨ ਲਾਕੇ ਪੜ੍ਹੀਆਂ ਹਨ ਓਨ੍ਹਾਂ ਨੂੰ ਪੜ੍ਹਨ ਨਾਲ ਮੇਰੇ ਮਨ ਵਿਚ ਬਹੁਤ ਪ੍ਰੇਮ ਭਗਤੀ ਹੋ ਗਈ ਹੈ ਆਹਾ! ਦੇਖੋ ਮੀਰਾਂ ਬਾਈ ਕੇਹੀ ਈਸ਼ੂਰਦੀ ਭਗਤਣੀ ਸੀ ਜਿਨ੍ਹਾ ਦੇ ਜੀਵਣ ਚਰਿਤ੍ਰ ਪੜ੍ਹਨ ਨਾਲ ਹੀ ਪੱਥਰ ਵਰਗਾ ਕਠੋਰ ਹਿਰਦਾ ਭੀ ਪਾਣੀ ੨ ਹੋ ਜਾਂਦਾ ਹੈ ਅਤੇ ਸਾਵਿਤ੍ਰੀ ਦਾ ਸਤ ਤੇ ਪਤਿ ਭਗਤੀ ਦੇਖ ਕੇ ਤਾਂ ਆਪ ਧਰਮ ਰਾਜ ਜੀ ਆਸਚਰਜ ਹੋ ਗਏ, ਬਹੁਤ ਉਤਮ ਪੁਸਤਕਾਂ ਹਨ ਅਜੇਹੀਆਂ ਸ਼ੁਭ ਪੁਸਤਕਾਂ ਦੇ ਪੜ੍ਹਨ ਨਾਲ ਕਿਸਦੇ ਮਨ ਵਿੱਚ ਧਰਮ ਭਾਵਨਾਂ ਨਹੀਂ ਹੁੰਦੀ?

ਰਾਮ-ਹਾਂ ਠੀਕ ਹੈ ਮੇਰੀ ਸਮਝ ਵਿੱਚ ਤਾਂ ਹਰ ਇਕ ਘਰ ਵਿਚ ਇਕ ਛੋਟਾ ਜੇਹਾ ਪੁਸਤਕਾਲਯ(ਲਾਇਬ੍ਰੇਰੀ) ਹੋਣਾ ਚਾਹੀਦਾ ਹੈ ਜਿਸ ਵਿਚ ਚੰਗੀਆਂ ੨ ਧਰਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਬੰਧੀ ਤੇ ਹੋਰ ਸ਼ੁਭ ਉਪਦੇਸ਼ ਦੇਣ ਵਾਲੀਆਂ ਪੁਸਤਕਾਂ ਹੋਣੀਆਂ ਚਾਹੀ ਦੀਆਂ ਹਨ ਮਨ ਨੂੰ ਭਲੇ ਪਾਸੇ ਲਾਉਣ ਲਈ ਸ਼ੁਭ ਪੁਸਤਕਾਂ ਦਾ ਪੜ੍ਹਨਾ ਬੜਾ ਚੰਗਾ ਉਪਾਯ ਹੈ। ਇਕ ਗਲ ਹੋਰ ਹੈ ਗੁਭਣੀ ਇਸਤ੍ਰੀ ਨੂੰ ਰੋਜ ੧ ਘੰਟਾ ਤਾਜ਼ੀ ਹਵਾ ਭਖਣੀ ਚਾਹੀਦੀ ਹੈ ਅਰਥਾਤ ਇਕ ਘੰਟਾ ਭਰ ਨਿੱਤ ਖੁੱਲੀ ਪੌਣ ਵਿਚ ਤੁਰਨਾ ਫਿਰਨਾ ਚਾਹੀਦਾ ਹੈ। ਕਦੇ ਗਿੱਲਾ ਕਪੜਾ ਨਹੀਂ ਪੌਣਾ ਚਾਹੀਦਾ। ਖਾਣ ਪੀਣ ਵਲੋਂ ਭੀ ਬਹੁਤ ਸੁਚੇਤ ਰਹਿਣਾ ਚਾਹੀਏ ਅਰਥਾਤ ਅਜੇਹੀ ਕੋਈ ਚੀਜ ਨਹੀ ਖਾਣਾ ਚਾਹੀਦੀ ਜਿਸ ਨਾਲ ਸਰੀਰ ਦੁਖੀ ਹੋਵੇ।

ਪਾਰਬਤੀ-ਜੀ ਏਹ ਮੈਂ ਤਾਂ ਸਭ ਕੁਛ ਕਰ ਲਵਾਂ ਗੀ ਪਰ ਤੁਸਾਂ ਜੋ ਕਿਹਾ ਕਿ ਰੋਜ ਹਵਾ ਭੱਖਣੀ ਚਾਹੀ ਦੀ ਹੈ ਇਹ ਕਿਸਤਰਾਂ ਹੋਵੇ ? ਸਾਡੇ ਦੇਸ ਦੀਆਂ ਪਰਦੇ ਵਾਲੀਆਂ ਇਸਤ੍ਰੀਆਂ ਤਾਂ ਬਾਹਰ ਨਹੀਂ ਨਿਕਲ ਸਕਦੀਆਂ, ਉਨਾਂ ਨੂੰ ਕੀ ਕਰਨਾ ਚਾਹੀਦਾ ਹੈ ? ।

ਰਾਮ-ਇਹ ਕਿਉਂ ਨਹੀਂ ਹੋ ਸਕਦਾ ? ਹਰ ਇਕ ਘਰ ਵਿਚ ਛੱਤਾਂ ਬਰਾਂਡੇ ਹਨ ਜੇ ਘਰ ਦੇ ਪਾਸ ਕੋਈ ਖੁਲ੍ਹਾ ਵੇਹੜਾ ਆਦਿਕ ਹੋਵੇ ਤਾਂ ਓਸ ਵਿਚ ਕੁਛ ਫੁਲਾਂ ਦੇ ਗਮਲੇ ਆਦਿਕ ਰਖਣੇ ਚਾਹੀਦੇ ਹਨ, ਓਥੇ ਹੀ ਘੜੀ ਭਰ ਫਿਰ ਤੁਰਕੇ ਹਵਾ ਭੱਖਣੀ ਚਾਹੀਦੀ ਹੈ।

ਪਾਰਬਤੀ-ਹਾਂ ਇਹ ਹੋ ਸਕਦਾ ਹੈ ਹੱਛਾ ਹੋਰ ਕਹੋ।

ਰਾਮ-ਹਾਂ ਹਾਂ ਇਕ ਹੋਰ ਵਡੀ ਜ਼ਰੂਰੀ ਗਲ ਕਹਿਣੀ ਤਾਂ ਮੈਂ ਭੁੱਲ ਹੀ ਗਿਆ ਹਾਂ।

ਪਾਰਬਤੀ- (ਕੁਛ ਅਚੰਭਤ ਹੋਕੇ) ਕਿਉਂ ਓਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀ ਗੱਲ ਹੈ ?।

ਰਾਮ–ਦੇਖੋ, ਬਹੁਤ ਇਸਤ੍ਰੀਆਂ ਕਹਿੰਦੀਆਂ ਹਨ ਕਿ ਗਰਭ ਅਵਸਥਾ ਵਿਚ ਕੰਮ ਕਾਰਜ ਨਹੀਂ ਕਰਨਾ ਚਾਹੀਦਾ, ਪ੍ਰੰਤੂ ਬੜੇ ੨ ਸਿਆਣੇ ਡਾਕਟਰਾਂ ਨੇ ਪ੍ਰੀਛਾ ਕਰ ਕਰਕੇ ਇਹ ਸਿੱਟਾ ਕੱਢਿਆ ਹੈ ਕਿ ਜੋ ਇਸਤ੍ਰੀ ਗਰਭ ਵਤੀ ਹੋਕੇ ਕੰਮ ਕਾਜ ਨਹੀਂ ਕਰਦੀ ਕੇਵਲ ਬੈਠੀ ਰਹਿੰਦੀ ਹੈ ਓਸਦੀ ਸੰਤਾਨ ਤਕੜੀ ਨਹੀਂ ਹੁੰਦੀ ਅਰ ਜਣਨ ਵੇਲੇ ਬਹੁਤ ਦੁਖ ਹੁੰਦਾ ਹੈ ਅਤੇ ਜੋ ਇਸਤ੍ਰੀ ਅਜਿਹੀ ਅਵਸਥਾ ਵਿਚ ਰੋਜ਼ ਨਿਯਮ ਅਨੁਸਾਰ ਕੰਮ ਕਰਦੀ ਹੈ ਓਸਨੂੰ ਵਿਅੰਮ ਪੈਣ ਵੇਲੇ ਕੋਈ ਕਸ਼ਟ ਨਹੀਂ ਹੁੰਦਾ। ਇਹ ਗੱਲ ਬ੍ਰਿਧ ਇਸਤ੍ਰੀਆਂ ਚੰਗੀ ਤਰਾਂ ਜਾਣਦੀਆਂ ਹਨ ਦ੍ਰਿਸ਼ਟਾਂਤ ਲਈ ਦੇਖ ਲਵੋ ਜੋ ਇਸਤ੍ਰੀਆਂ ਮੇਹਨਤ ਮਜ਼ਦੂਰੀ ਆਦਿਕ ਦਾ ਕੰਮ ਕਰਦੀਆਂ ਹਨ ਕਦੇ ੨ ਓਨਾਂ ਦੀਆਂ ਗੱਲਾਂ ਸੁਣੀਦੀਆਂ ਹਨ ਕਿ ਓਨਾਂ ਨੂੰ ਕੰਮ ਕਰਦਿਆਂ ੨ ਬਾਲਕ ਉਤਪੰਨ ਹੋਗਿਆ ਹੈ ਅਰ ਫੇਰ ਓਹ ਪ੍ਰਸੂਤਾ ਬਾਲਕ ਨੂੰ ਚੁਕ ਕੇ ਆਪੇ ਘਰ ਆ ਗਈ ਹੈ।

ਪਾਰਬਤੀ–ਹਾਂ ਜੀ ਇਹ ਤਾਂ ਤੁਸੀ ਠੀਕ ਕਿਹਾ ਹੈ ਪਰ ਤੁਸੀ ਮਰਦ ਹੋ ਸਾਡੀ ਅਵਸਥਾ ਨੂੰ ਨਹੀਂ ਸਮਝ ਸਕਦੇ। ਇਸ ਅਵਸਥਾ ਵਿਚ ਤਾਂ ਉੱਕਾ ਹੀ ਉੱਠਣ ਬੈਠਣ ਨੂੰ ਮਨ ਨਹੀਂ ਕਰਦਾ, ਫੇਰ ਕੀ ਕੀਤਾ ਜਾਵੇ ?

ਰਾਮ–(ਧੀਰਜ ਨਾਲ) ਇਹ ਠੀਕ ਹੈ ਪਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਤਰਾਂ ਗਰਭਵਤੀ ਨੂੰ ਉੱਕਾ ਹੀ ਆਲਸਣ ਬਣਕੇ ਬੈਠੇ ਰਹਿਣ ਨਾਲ ਪ੍ਰਸੂਤਾ ਹੋਣ ਵੇਲੇ ਕਸ਼ਟ ਹੁੰਦਾ ਹੈ ਓਸੇ ਤਰਾਂ ਗਰਭ ਵਤੀ ਨੂੰ ਵਿਤੋਂ ਵਧਕੇ ਕੰਮ ਕਰਨਨਾਲ ਭੀ ਦੁੱਖ ਹੁੰਦਾ ਹੈ ਗਰਭਵਤੀ ਨੂੰ ਕੋਈ ਭਾਰੀ ਚੀਜ ਨਹੀਂ ਚੁਕਣੀ ਚਾਹੀਦੀ, ਬਹੁਤ ਦੌੜਨਾ ਭੱਜਣਾਂ ਜਾਂ ਬਹੁਤਾ ਪੈਂਡਾ ਨਹੀਂ ਕਰਨਾ ਚਾਹੀਦਾ ਬਹੁਤੀ ਵਾਰੀ ਪੌੜੀਆਂ ਉਤ੍ਰਨ ਚੜ੍ਹਨ ਨਾਲ ਭੀ ਗਰਭ ਪਾਤ ਹੋ ਜਾਣ ਦਾ ਡਰ ਹੈ। ਇਸ ਲਈ ਨਿਯਮ ਅਨੁਸਾਰ ਥੋੜਾ ਬਹੁਤ ਕੰਮ ਕਰਦੇ ਰਹਿਣਾ ਚਹੀਦਾ ਹੈ।

ਪਾਰਬਤੀ–ਤਾਂ ਤਾਂ ਇਸ ਅਵਸਥਾ ਵਿਚ ਬੜੀ ਸਾਵਧਾਨੀ ਨਾਲ ਰਹਿਣਾ ਚਾਹੀਦਾ ਹੈ।

ਰਾਮ–ਇਸ ਵਿਚ ਕੀ ਸੰਦੇਹ ਹੈ ? ਇਸਤ੍ਰੀਆਂ ਦੇ ਜੀਵਨ ਵਿਚ ਇਹ ਅਵਸਥਾ ਬੜੀ ਭੈਦਾਇਕ ਹੁੰਦੀ ਹੈ ਇਸ ਅਵਸਥਾ ਵਿਚ ਜੇ ਕੋਈ ਜ਼ਰਾ ਭੀ ਭੁਲ ਹੋ ਜਾਵੇ ਤਾਂ ਜਾਨ ਜਾਣ ਦਾ ਖਤਰਾ ਹੁੰਦਾ ਹੈ।

ਪਾਰਬਤੀ–ਹੱਛਾ ਕੁਛ ਹੋਰ ਭੀ ਦੱਸੋ।

ਰਾਮ–ਗਰਭ ਅਵਸਥਾ ਵਿਚ ਸੁੰਦਰ ਤੇ ਸੋਹਣੀ ਆਂ ੨ ਚੀਜ਼ਾਂ ਵੇਖਨ ਨਾਲ ਮਨ ਪ੍ਰਸੰਨ ਹੁੰਦਾ ਹੈ ਅਰ ਓਸਦੇ ਪ੍ਰਭਾਵ ਨਾਲ ਸੰਤਾਨ ਭੀ ਸੁੰਦਰ ਉਤਪਤ ਹੁੰਦੀ ਹੈ।

ਪਾਰਬਤੀ—ਹਛਾ ਠੀਕ ! ਇਹ ਕਿਸਤਰਾਂ ਹੋ ਸਕਦਾ ਹੈ ?

ਰਾਮ–ਕੀ ਤੁਸਾਂ ਮਹਾਭਾਰਤ ਵਿਚ ਨਹੀ ਪੜ੍ਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆ ਕਿ ਅਰਜਨ ਦੀ ਇਸਤ੍ਰੀ ਸੁਭੱਦਰਾਂ ਨੇ ਇਕ ਦਿਨ ਗਰਭ ਅਵਸਥਾ ਵਿਚ ਅਰਜਨ ਪਾਸੋਂ ਸ਼ਤ੍ਰੂਆਂ ਦੇ ਕਿਲੇ ਦਾ ਭੇਦ ਪੁਛਿਆ ਸੀ ਤਾਂ ਉਨਾਂ ਨੇ ਧਰਤੀ ਉੱਤੇ ਚਿੱਤ੍ਰ ਬਨਾਕੇ ਕਿਲੇ ਵਿਚ ਪ੍ਰਵੇਸ਼ ਕਰਨਾ ਦੱਸਿਆ ਪਰ ਕਿਲੇ ਵਿਚੋਂ ਨਿਕਲਣ ਦਾ ਰਸਤਾ ਨਾ ਦੱਸਿਆ। ਇਸੇ ਲਈ ਜਦ ਉਸ ਦੇ ਸੂਰਬੀਰ ਪੁਤ੍ਰ ਅਭਮਨ੍ਯੂ ਨੇ ਜਨਮ ਲਿਆ ਤਾਂ ਉਹ ਪਿਤਾ ਨਾਲੋਂ ਭੀ ਵਧ ਸੂਰਬੀਰ ਹੋਇਆ। ਕੌਰਵਾਂ ਪਾਂਡਵਾਂ ਦੀ ਲੜਾਈ ਵੇਲੇ ਉਸ ਬਾਲਕ ਨੂੰ ਮਾਰਨ ਲਈ ਦਰੋਣਾਚਾਰਯ ਨੇ ਜਦ ਇਕ ਕਿਲ੍ਹਾ ਬਨਾਯਾ ਤਾਂ ਅਭਿਮਨ੍ਯੂ ਉਸ ਕਿਲੇ ਵਿਚ ਚਲਾ ਤਾਂ ਗਿਆ ਪਰ ਬਾਹਰ ਨਾ ਨਿਕਲ ਸਕਿਆ (ਕਿਉਂ ਕਿ ਅਰਜਨ ਨੇ ਬਾਹਰ ਨਿਕਲਨ ਦਾ ਰਸਤਾ ਨਹੀਂ ਦਸਿਆ ਸੀ) ਉਥੇ ਹੀ ਵੈਰੀਆਂ ਨੇ ਉਸਨੂੰ ਮਾਰ ਸੁਟਿਆ ਹੋਰ ਇਕ ਵੱਡੇ ਰਿਖੀ ਦੀ ਭੀ ਗੱਲ ਸੁਣੀ ਹੈ ਕਿ ਉਹ ਮਾਤਾ ਦੇ ਗਰਭ ਵਿਚ ਹੀ ਵੇਦ ਪਾਠ ਸੁਣ ਸੁਣਕੇ ਬੜੇ ਭਾਰੇ ਵੇਦ ਪੰਡਿਤ ਬਣੇ ਸਨ। ਇਹ ਤਾਂ ਇਕ ਸਾਧਾਰਨ ਗੱਲ ਹੈ। ਇਸੇ ਗੱਲ ਦਾ ਨਿਰਨਾ ਕੱਢਨ ਲਈ ਇਕ ਡਾਕਟਰ ਨੇ ਭੀ ਦੋ ਗਰਭਵਤੀ ਇਸਤ੍ਰੀਆਂ ਦੇ ਸਾਹਮਣੇ ਵਖੋ ਵਖ ਚੇਹਰਿਆਂ ਦੀਆਂ ਦੋ ਮੂਰਤਾਂ ਰੱਖ ਦਿਤੀਆਂ ਸਨ ਉਨਾਂ ਮੂਰਤਾਂ ਨੂੰ ਨਿਤ ਵੇਖਣ ਕਰਕੇ ਠੀਕ ਉਸੇ ਹੀ ਨੁਹਾਰ ਦੇ ਬਾਲਕ ਉਤਪੰਨ ਹੋਏ। ਜਿਨਾਂ ਨੂੰ ਦੇਖਕੇ ਡਾਕਟਰ ਨੇ ਨਿਸ਼ਚਾ ਕੀਤਾ ਕਿ ਗਰਭ ਅਵਸਥਾ ਵਿਚ ਮਾਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਤਨ ਮਨ ਦਾ ਪ੍ਰਭਾਵ ਸੰਤਾਨ ਦੇ ਉੱਤੇ ਹੁੰਦਾ ਹੈ ਅਰ ਏਸੇ ਹੀ ਕਰਕੇ ਇਕ ਹੀ ਮਾਤਾ ਦੇ ਗਰਭ ਵਿਚੋਂ ਭਿੰਨ ੨ ਸੂਰਤ ਤੇ ਸੁਭਾਵ ਦੇ ਬਾਲਕ ਉਤ ਪੰਨ ਹੁੰਦੇ ਹਨ ਏਸੇ ਲਈ ਗਰਭਵਤੀ ਨੂੰ ਚਾਹੀਦਾ ਹੈ ਕਿ ਸਦਾ ਸੁੰਦਰ ਵਸਤੂ ਦੇਖੇ ਅਰ ਪ੍ਰਸੰਨ ਚਿਤ ਰਹੇ ।

ਪਾਰਬਤੀ—ਇਹ ਸਾਰੀਆਂ ਗੱਲਾਂ ਚੰਗੀ ਤਰਾਂ ਮੇਰੀ ਸਮਝ ਵਿਚ ਆ ਗਈਆਂ ਹਨ ਅੱਗੇ ਨੂੰ ਮੈਂ ਭੀ ਬੜੀ ਸੁਚੇਤੀ ਨਾਲ ਆਪਣੇ ਤਨ ਮਨ ਦੀ ਰੱਛਾ ਕਰ ਂਗੀ ॥

—

ਦੂਸਰਾ ਅਧਯਾਇ

ਇਕ ਦਿਨ ਰਾਮ ਨਰਾਇਣ ਜੀ ਨੇ "ਦਾਈ ਸਿੱਖਯਾ" ਦੀ ਪੁਸਤਕ ਲਿਆਕੇ ਪਾਰਬਤੀ ਨੂੰ ਦਿੱਤੀ, ਅਰ ਕਿਹਾ ਪ੍ਰਿਯ ! ਦੇਖੋ ਇਹ ਪੁਸਤਕ ਤੁਹਾਡੇ ਲਈ ਲਿਆਯਾ ਹਾਂ ਇਸ ਵਿਚ ਗਰਭਵਤੀ ਲਈ ਸਭ ਸਿੱਖਯਾ ਹਨ ਗਰਭਵਤੀ ਨੂੰ ਕੀ ਕੁਛ ਕਰਨਾ ਚਾਹੀਏ ਪ੍ਰਸੂਤਾ ਹੋਣ ਤੋਂ ਪਹਿਲਾਂ ਕੀ ਕੀ ਚੀਜ਼ ਪਾਸ ਰਖਣੀ ਚਾਹੀਏ ਅਰ ਉਸ ਵੇਲੇ ਕੀ ਕੁਛ ਕਰਨਾ ਚਾਹੀਏ ਸਭ ਕੁਛ ਲਿਖਿਆ ਹੈ ਤੁਸੀ ਇਸਨੂੰ ਜ਼ਰੂਰ ਪੜ੍ਹਨਾ । ਇਹ ਇਕ ਬੜੇ ਸਿਆਣੇ ਡਾਕਟਰ ਦੀ ਲਿਖੀ ਹੋਈ ਅਤਿ ਉੱਤਮ ਪੁਸਤਕ ਹੈ। ਹਾਂ ਪ੍ਰਿਯ ! ਤੁਹਾਡੇ ਵਿਅੰਮ ਪੈਣ ਦੇ ਦਿਨ ਭੀ ਨੇੜੇ ਆ ਰਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ । ਜਿਸ ਜਿਸ ਚੀਜ਼ ਦੀ ਲੋੜ ਹੋਵੇ ਕਹਿ ਦੇਣਾ ਮੈਂ ਲੈ ਆਵਾਂਗਾ । ਬਾਲਕ ਵਾਸਤੇ ਕੁਰਤੇ ਆਦਿਕ ਬਣਾਉਣ ਲਈ ਕਪੜਾ ਭੀ ਲੈ ਆਵਾਂਗਾ।

ਪਾਰਬਤੀ– (ਅਸਚਰਜ ਹੋਕੇ) ਬਾਲਕ ਵਾਸਤੇ ਹੁਣੇ ਕੀ ਲੋੜ ਹੈ ? ਇਹ ਤਾਂ ਮੈਂ ਕਦੇ ਨਹੀਂ ਸੁਣਿਆਂ ਜੋ ਬਾਲ ਹੋਣ ਤੋਂ ਪਹਿਲਾਂ ਹੀ ਕਪੜੇ ਸੀਉਂ ਕੇ ਰੱਖੇ ਜਾਣ ਏਸ ਤਰਾਂ ਤਾਂ ਕਰਾਂਨੀ ਕਰਦੇ ਹਨ । ਮੇਰੇ ਪੇਕੇ ਇਕ ਮੇਮ ਆਉਂਦੀ ਹੁੰਦੀ ਸੀ ਓਸ ਨੇ ਇਕ ਦਿਨ ਕਿਹਾ ਸੀ ਕਿ ਅਸੀਂ ਬਾਲ ਹੋਣ ਤੋਂ ਪਹਿਲਾਂ ਹੀ ਬਾਲ ਵਾਸਤੇ ਕੁਰਤੇ ਟੋਪੀ ਜੁਰਾਬਾਂ ਆਦਿਕ ਸੀਉਂ ਰਖਦੇ ਹਾਂ, ਪਰ ਹਿੰਦੂਆਂ ਵਿੱਚ ਤਾਂ ਏਹ ਰੀਤ ਨਹੀਂ, ਅਜੇਹਾ ਕਰਨ ਨਾਲ ਤਾਂ ਸਗੋਂ ਉਲਟੀ ਨਿੰਦਿਆ ਹੁੰਦੀ ਹੈ ਅਰ ਲੋਕੀ ਕਹਿੰਦੇ ਹਨ ਕਿ ਲੌ ਜੀ ਬਾਲ ਦੇ ਮਰਨ ਜੀਊਣ ਦਾ ਕੁਛ ਪਤਾ ਨਹੀਂ ਤੇ ਕਪੜੇ ਹੁਣ ਤੋਂ ਹੀ ਸੀਉਂ ਛਡੇ ਹਨ। ਅਜੇਹਾ ਕਰਨ ਨਾਲ ਜਗਤ ਵਿਚ ਹਾਸਾ ਹੁੰਦਾ ਹੈ । ਪਹਿਲਾਂ ਬਾਲ ਤਾਂ ਹੋਲਵੇ ਫੇਰ ਪ੍ਰਮੇਸ਼ਰ ਚਾਹੇ ਤਾਂ ਬਥੇਰੇ ਕਪੜੇ ਬਣ ਜਾਣਗੇ ।

ਰਾਮ–ਤੁਹਾਡੀ ਇਸਤ੍ਰੀਆਂ ਵਿਚ ਇਹੋ ਤਾਂ ਵੱਡੀ ਮੂਰਖਤਾ ਹੈ । ਜੇ ਪੋਹ ਮਾਘ ਵਿੱਚ ਬਾਲ ਹੋਵੇ ਤਾਂ ਓਨ੍ਹਾਂ ਦਿਨਾਂ ਵਿਚ ਕੇਹੀ ਠੰਢ ਹੁੰਦੀ ਹੈ ਸਾਥੋਂ ਤਾਂ ਲੋਈ ਚਦਰਾਂ ਲਏ ਬਿਨਾਂ ਰਿਹਾ ਨਹੀਂ ਜਾਂਦਾ ਫੇਰ ਏਸ ਛੋਟੇ ਜੇਹੇ ਬਚੇ ਨੂੰ ਜੋ ਅਤਯੰਤ ਕੋਮਲ ਹੁੰਦਾ ਹੈ ਜਿਸ ਨੂੰ ਮਾਤਾ ਦੇ ਗ੍ਰਭ ਵਿਚ ਅਤਯੰਤ ਗਰਮੀ ਪਹੁੰਚਦੀ ਹੈ ਬਾਹਰ ਦੀ ਠੰਢੀ ਹਵਾ ਲਗ ਜਾਵੇ ਤਾਂ ਕੀ ਓਹ ਜੀਉਂਦਾ ਰਹੇਗਾ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀ ਓਹ ਓਸੇ ਵੇਲੇ ਰੋਗੀ ਨ ਹੋ ਜਾਵੇਗਾ ? ਏਸੇ ਤਰਾਂ ਮਾਵਾਂ ਦੀ ਮੂਰਖਤਾ ਕਰਕੇ ਹਰ ਵਰਹੇ ਹਜਾਰਾਂ ਬਚੇ ਸਾਡੇ ਦੇਸ਼ ਵਿਚ ਜੰਮਦਿਆਂ ਮਰ ਜਾਂਦੇ ਹਨ, ਏਹ ਚੰਗੀ ਗੱਲ ਹੈ ਕਿ ਆਪਣੀ ਸੰਤਾਨ ਦੀ ਜਾਨ ਬਚਾਉਣ ਲਈ ਦੋ ਚਾਰ ਕਪੜੇ ਬਣਾ ਰੱਖਣੇ ਚੰਗੀ ਗੱਲ ਹੈ। ਏਸੇ ਮੂਰਖਤਾ ਦੇ ਕਾਰਨ ਇਸਤ੍ਰੀਆਂ ਆਪ ਭੀ ਦੁਖ ਭੋਗਦੀਆਂ ਹਨ ਤੇ ਸਾਰੇ ਪ੍ਰਵਾਰ ਨੂੰ ਭੀ ਚਿੰਤਾ ਵਿਚ ਪਾ ਦੇਂਦੀਆਂ ਹਨ। ਅੰਗ੍ਰੇਜ਼ਾਂ ਦੀਆਂ ਇਸਤ੍ਰੀਆਂ ਪੜ੍ਹੀਆਂ ਹੋਈਆਂ ਹੁੰਦੀਆਂ ਹਨ ਏਸੇ ਕਰਕੇ ਓਹ ਅਪਣੇ ਬੱਚਿਆਂ ਦੀ ਜਾਨ ਦੀ ਰਖਿਆ ਭਲੀ ਭਾਂਤ ਕਰਦੀਆਂ ਹਨ ਓਹ ਪਹਿਲਾਂ ਹੀ ਸਾਰਾ ਪ੍ਰਬੰਧ ਕਰ ਛਡਦੀਆਂ ਹਨ। ਸਾਡੇ ਦੇਸ਼ ਵਾਸੀਆਂ ਦੇ ਬਚੇ ਜਨਮ ਤੋਂ ਹੀ ਰੋਗੀ ਹੋਕੇ ਸਾਰਾ ਜੀਵਣ ਦੁਖ ਵਿਚ ਬਤੀਤ ਕਰਦੇ ਹਨ। ਜੋ ਗੱਲ ਸੁਖਦਾਈ ਹੈ ਓਹ ਭਾਵੇਂ ਪ੍ਰਚੱਲਤ ਰੀਤ ਦੇ ਅਨੁਸਾਰ ਹੋਵੇ ਭਾਵੇਂ ਨਾ ਹੋਵੇ ਇਸ ਦੀ ਕੁਛ ਪ੍ਰਵਾਹ ਨਹੀਂ ਕਰਨੀ ਚਾਹੀਦੀ। ਓਹ ਗੱਲ ਕਰਨੀ ਜ਼ਰੂਰ ਉਚਿਤ ਹੈ।

ਪਾਰਬਤੀ—ਮੇਰੀ ਮਾਸੀ ਨੂੰ ਜਦ ਕੁੜੀ ਜੰਮੀ ਸੀ ਤਾਂ ਮੇਰੀ ਮਾਂ ਨੇ ਓਸ ਦੇ ਵਾਸਤੇ ਝੱਗਾ ਚੁੱਨੀ ਭੇਜਿਆ ਮੇਰੀ ਮਾਸੀ ਦੀ ਸੱਸ ਤੇ ਨਿਨਾਣ ਨੇ ਏਸ ਤੇ ਬਹੁਤ ਵਿਚਾਰ ਕੀਤੀ ਅਰ ਕਿਹਾ "ਦੇਖੋ ਜੀ ਏਹ ਕੇਹੀ ਅਯੋਗ ਗੱਲ ਕੀਤੀ ਹੈ ਕਿ ਕਰਾਨੀਆਂ ਵਾਂਗੂ ਅਗੇਤਰੇ ਹੀ ਕਪੜੇ ਬਨਵਾ ਭੇਜੇ ਹਨ ਏਹ ਹਿੰਦੂਆਂ ਵਾਲੀ ਰੀਤ ਹੀ ਨਹੀਂ ਜਾਣਦੇ ? ਅਸੀਂ ਤਾਂ ਕਪੜੇ ਕਦੇ ਨਾਂ ਪੁਆ ਵਾਂਗੇ ਜਦ ਨਹਾ ਧੋਕੇ ਉਠੇਗੀ ਚਲੀਹਾ ਹੋ ਜਾਊ ਤਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਖੀ ਜਾਵੇਗੀ" ਗੱਲ ਕੀ ਓਨ੍ਹਾਂ ਨੇ ਓਹ ਕਪੜੇ ਨਹੀਂ ਪੁਆਏ ਠੰਢ ਦੇ ਦਿਨਾਂ ਵਿਚ ਓਸ ਕੰਨਜਾਂ ਨੂੰ ਪਾਟੀਆਂ ਲੀਰਾਂ ਵਿਚ ਲਪੇਟ ਛੱਡਿਆ ਅਰ ਫਿਰ ਛੀਵੇਂ ਦਿਨ ਨੁਹਾ ਦਿੱਤਾ। ਕੁੜੀ ਨੂੰ ਤਾਂ ਪਹਿਲਾਂ ਹੀ ਠੰਢ ਲੱਗੀ ਹੋਈ ਸੀ ਫੇਰ ਰੇਸ਼ਾ (ਜ਼ੁਕਾਮ) ਹੋ ਗਿਆ ਨਾਲ ਹੀ ਨਮੂਨੀਆਂ ਹੋ ਗਿਆ ਥੋੜੇ ਦਿਨਾਂ ਦੇ ਅੰਦਰ ਹੀ ਕੁੜੀ ਵਿਚਾਰੀ ਚਲਦੀ ਹੋਈ ਏਹ ਤਾਂ ਮੈਂ ਆਪਣੀ ਅਖੀਂ ਦੇਖਿਆ ਹੈ ਪਰ ਕੀ ਕੀਤਾ ਜਾਵੇ ਤੀਵੀਂਆਂ ਏਸ ਹਠ ਨੂੰ ਨਹੀਂ ਛਡ ਦੀਆਂ, ਝਟ ਪਟ ਇਕੋ ਵਾਰੀ ਦੇਸਾ ਚਾਲ ਨੂੰ ਤੋੜਨਾ ਮਹਾਂ ਕਠਨ ਹੈ। ਮੈਂ ਇਸ ਪੁਸਤਕ ਨੂੰ ਚੰਗੀ ਤਰਾਂ ਮਨ ਲਾਕੇ ਪੜ੍ਹਾਂਗੀ ਪਰ ਮੈਨੂੰ ਹੁਣ ਤਾਂ ਹੀ ਡਰ ਲਗ ਰਿਹਾ ਹੈ ਕਿਉਂਕਿ ਮੈਂ ਸੁਣਿਆ ਹੈ ਜੋ ਬਹੁਤ ਤੀਵੀਂਆਂ ਓਸ ਵੇਲੇ ਮਰ ਭੀ ਜਾਂਦੀਆਂ ਹਨ।

ਰਾਮ—ਨਹੀਂ ਨਹੀਂ! ਡਰ ਕਾਹਦਾ ? ਜੋ ਮੂਰਖ ਇਸਤ੍ਰੀਆਂ ਗਰਭ ਦੇ ਦਿਨਾਂ ਵਿਚ ਖਰਾਬੀ ਕਰਦੀਆਂ ਹਨ ਭੁੱਸ ਖੇਹ ਖਾਂਦੀਆਂ ਹਨ ਜਿਨ੍ਹਾਂ ਦਾ ਭਗਵਾਨ ਤੇ ਪੂਰਾ ਨਿਸਚਾ ਨਹੀਂ ਓਹ ਮਰਦੀਆਂ ਹਨ ਤੁਸੀਂ ਤਾਂ ਈਸ਼ੂਰ ਦੀ ਪਿਆਰੀ ਹੋ ਨਿੱਤਜਨੇਮ ਦੀ ਪੂਰੀ ਹੋ ਤੁਹਾਡੀ ਆਪ ਪ੍ਰਮਾਤਮਾਂ ਰੱਛਾ ਕਰੇਗਾ।

ਪਾਰਬਤੀ—ਹਾਂ ਜੀ! ਓਸ ਵੇਲੇ ਦਾਈ ਕੇਹੜੀ ਸਦਾਂਗੇ ? ਮੈਨੂੰ ਓਸ ਬੁੱਢੀ ਦਾਈ ਤੋਂ ਤਾਂ ਬਹੁਤ ਡਰ ਲਗਦਾ ਹੈ, ਬੇਬ ਜੀ (ਸੱਸ) ਤਾਂ ਕਹਿੰਦੇ ਹਨ ਕਿ ਓਹ ਬਹੁਤ ਸਿਆਣੀ ਹੈ ਪਰ ਮੈਂ ਸੁਣਿਆ ਹੈ ਕਿ ਓਹ ਬਹੁਤ ਦੁਖ ਦੇਂਦੀ ਹੈ ਅਰ ਸੁਣਿਆ ਹੈ ਕਿ ਵਿਚਾਰੀ ਰਾਮ ਦੇਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀ ਮੌਤ ਹੀ ਓਸੇ ਦੀ ਹਥੀਂ ਆਈ ਹੈ ।

ਰਾਮ—ਹਾਂ ਹਾਂ ਅਨਾੜੀ ਦਾਈਆਂ ਦੀ ਮੂਰਖਤਾ ਕਰਕੇ ਬਥੇਰੀਆਂ ਇਸਤ੍ਰੀਆਂ ਦੀ ਜਾਨ ਜਾਂਦੀ ਹੈ ਪਰ ਤੁਸੀਂ ਕੋਈ ਚਿੰਤਾ ਨਾ ਕਰੋ ਮੈਂ ਆਪਣੇ ਮਿੱਤ੍ਰ ਡਾਕਟਰ ਮਨੋਹਰ ਲਾਲ ਨੂੰ ਕਹਿਕੇ ਇਕ ਬੜੀ ਸਿਆਣੀ ਦਾਈ ਨਿਯਤ ਕੀਤੀ ਹੈ । ਮੇਰਾ ਮਿਤ੍ਰ ਵਲਾਇਤੋਂ ਡਾਕਟਰੀ ਪਾਸ ਕਰਕੇ ਆਯਾ ਹੈ ਏਸੇ ਸ਼ਹਿਰ ਵਿਚ ਦਾਈਆਂ ਨੂੰ ਪੜ੍ਹਾਉਣ ਲਈ ਇਕ ਸਕੂਲ ਖੁੱਲਾ ਹੋਯਾ ਹੈ ਓਹ ਰੋਜ ਓਥੇ ਜਾਕੇ ਲੈਕਚਰ ਦੇਂਦੇ ਹਨ ਓਨ੍ਹਾਂ ਨੂੰ ਕਹਿਕੇ ਚੰਗੀ ਦਾਈ ਨਿਯਤ ਕਰਾਂਗੇ । ਅੱਜ ਕੱਲ ਤਾਂ ਬਹੁਤ ਪਾਸ ਕੀਤੀਆਂ ਹੋਈਆਂ ਦਾਈਆਂ ਮਿਲ ਜਾਂਦੀਆਂ ਹਨ ਫੇਰ ਪਤਾ ਨਹੀਂ ਜੋ ਕਿਉਂ ਲੋਕ ਏਨ੍ਹਾਂ ਅਨ ਪੜ੍ਹ ਮੂਰਖ ਦਾਈਆਂ ਦੇ ਹਵਾਲੇ ਆਪਣੀ ਜਾਨ ਕਰ ਦੇਂਦੇ ਹਨ ਮੈਂ ਅੱਜ ਹੀ ਤੁਹਾਨੂੰ ਕੁਛ ਨਰਮ ਕਪੜਾ ਲਿਆ ਦੇਵਾਂਗਾ ਓਸ ਦੇ ਦੋ ਚਾਰ ਕੁੜਤੇ ਸੀਊਂ ਲੈਣੇ । ਤੁਸੀਂ ਤਾਂ ਏਹ ਭੈੜੀ ਰਸਮ ਤਿਆਗੋ, ਇਸਤ੍ਰੀਆਂ ਦਾ ਹਠ ਹੀ ਓਨ੍ਹਾਂ ਨੂੰ ਸਦਾ ਦੁਖ ਦੇਂਦਾ ਹੈ ਸੋ ਪ੍ਰਿਯ! ਤੁਸੀਂ ਮੇਰੀ ਖੁਸ਼ੀ ਪ੍ਰਸੰਨਤਾ ਲਈ ਇਸ ਹਠ ਦਾ ਤਿਆਗ ਕਰ ਦੇਵੋ ।

ਅੱਜ ਰਾਤ ਤਾਂ ਬਹੁਤ ਹੋ ਗਈ ਹੈ ਪਰ ਮੈਂ ਅਜੇ ਕੁਛ ਹੋਰ ਦੋ ਚਾਰ ਗੱਲਾਂ ਸੁਣਾਵਾਂਗਾ ਕਾਰਨ ਏਹ ਜੋ ਅੱਜ ਕੱਲ ਮੈਨੂੰ ਵੇਹਲ ਘੱਟ ਮਿਲਦਾ ਹੈ ਅਗਲੇ ਮਹੀਨੇ ਸਾਡੇ ਸਕੂਲ ਦੀ ਪ੍ਰੀਛਾ ਹੋਣ ਵਾਲੀ ਹੈ ਓਦੋਂ ਤਾਂ ਮੈਨੂੰ ਗੱਲ ਕਰਨ ਦਾ ਭੀ ਵੇਹਲ ਮਿਲਣਾ ਔਖਾ ਹੈ ।

ਪਾਰਬਤੀ—ਚੰਗਾ ਜੋ ਕੁਛ ਦਸਣਾ ਹੈ ਅੱਜ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੱਸ ਦੇਵੋ ਫੇਰ ਮੈਂ ਆਪ ਨੂੰ ਔਖਿਆਂ ਨਹੀਂ ਕਰਾਂਗੀ।

ਰਾਮ–ਹੋਰ ਗੱਲ ਕੀ ਹੈ, ਆਪਣੇ ਵਿਅੰਮ ਦਾ ਸਤੇ ਉਪਰਲਾ ਹਵਾਦਾਰ ਚੋਬਾਰਾ ਚੰਗਾ ਹੈ ਓਹ ਖਾਲੀ ਕਰਵਾ ਲੈਣਾ ਮੈਂ ਆਪਣੀਆਂ ਪੁਸਤਕਾਂ ਕਾਗਤ ਪੱਤ੍ਰ ਹੇਠਾਂ ਲੈ ਆਵਾਂਗਾ ਤੁਹਾਡੇ ਵਾਸਤੇ ਉਸ ਵੇਲੇ ਅਜੇਹਾ ਥਾਂ ਚਾਹੀਦੀ ਹੈ ਜਿਥੇ ਹਵਾ ਤੇ ਧੁਪ ਚੰਗੀ ਤਰਾਂ ਆ ਸਕੇ। ਥਲੇ ਦੀਆਂ ਤੇ ਹਨੇਰੀਆਂ ਕੋਠੜੀਆਂ ਵਿਚ ਸਿਲ੍ਹਾਬਾ ਹੁੰਦਾ ਹੈ। ਸਾਡੇ ਦੇਸ ਵਿਚ ਏਹ ਸਭ ਤੋਂ ਭੈੜੀ ਚਾਲ ਹੈ ਕਿ ਸਾਰੇ ਘਰ ਵਿਚੋਂ ਜੋ ਸਭ ਤੋਂ ਛੋਟੀ ਤੇ ਹਨੇਰੀ ਕੋਠੜੀ ਹੋਵੇ ਓਹ ਪ੍ਰਸੂਤਾ ਵਾਸਤੇ ਰੱਖੀ ਜਾਂਦੀ ਹੈ ਜਿਸ ਵਿਚ ਰਹਿਣ ਨਾਲ ਪ੍ਰਸੂਤਾ ਤੇ ਬਾਲ ਦੋਹਾਂ ਨੂੰ ਕਸ਼ਟ ਮਿਲਦਾ ਹੈ ਤੇ ਕਈ ਅਜੇਹੇ ਰੋਗ ਹੋ ਜਾਂਦੇ ਹਨ ਜਿਨਾਂ ਨਾਲ ਸਾਰੀ ਉਮਰ ਦੁਖ ਭੋਗਣਾ ਪੈਂਦਾ ਹੈ ਇਸ ਲਈ ਪਹਿਲਾਂ ਹੀ ਏਨਾਂ ਗਲਾਂ ਦਾ ਪ੍ਰਬੰਧ ਕਰ ਲੈਣਾ ਉਚਿਤ ਹੈ॥

ਪਾਰਬਤੀ–ਜੀ ਮੈਂ ਤਾਂ ਇਹ ਭੀ ਸੁਣਿਆਂ ਹੈ ਕਿ ਬੰਗਾਲੇ ਵਲ ਕਿਤੇ ੨ ਪ੍ਰਸੂਤਾ ਵਾਸਤੇ ਸਿੱਲੀ ਧਰਤੀ ਤੇ ਵੱਖਰੀ ਇਕ ਕੱਖਾਂ ਦੀ ਝੁੱਗੀ ਪਾ ਦੇਂਦੇ ਹਨ ਮਹੀਨਾ ਭਰ ਪ੍ਰਸੂਤਾ ਨੂੰ ਓਸ ਵਿਚ ਰਖਦੇ ਹਨ ਫੇਰ ਨੁਹਾਕੇ ਪ੍ਰਸੂਤਾ ਤੇ ਬੱਚੇ ਨੂੰ ਘਰ ਲੈ ਆਉਂਦੇ ਹਨ ਤੇ ਓਸ ਕੁੱਲੀ ਨੂੰ ਅੱਗ ਲਾਕੇ ਸਾੜ ਦੇਂਦੇ ਹਨ।

ਰਾਮ–ਤੁਹਾਡੇ ਤਾਂ ਚੰਗੇ ਭਾਗ ਹਨ ਕਿ ਤੁਹਾਨੂੰ ਅਜਿਹੀ ਥਾਂ ਨਹੀਂ ਰਹਿਣਾ ਪਵੇਗਾ ਜਿਥੋਂ ਤਕ ਹੋ ਸਕੇਗਾ ਮੈਂ ਅਜਿਹਾ ਪ੍ਰਬੰਧ ਕਰ ਦੇਵਾਂਗਾ ਜਿਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਤੁਹਾਨੂੰ ਕੋਈ ਦੁਖ ਨਾ ਹੋਵੇ ਬੜੇ ਆਨੰਦ ਨਾਲ ਰਹੋਗੇ, ਮੈਂ ਕੱਲ ਓਸ ਦਾਈ ਨੂੰ ਸਦਵਾਵਾਂਗਾ ਤੁਸੀ ਆਪ ਓਸਤੋਂ ਸਭ ਕੁਛ ਪੁਛ ਲੈਣਾ ਫੇਰ ਜਿਸ ਤਰਾਂ ਓਹ ਕਹੇਗੀ ਓਸੇ ਤਰਾਂ ਕਰਾਂਗੇ।

ਪਾਰਬਤੀ--ਮੇਰੇ ਧੰਨ ਭਾਗ ਹਨ ਕਿ ਮੈਨੂੰ ਆਪ ਵਰਗੇ ਪਰਮ ਸਨੇਹੀ ਪਤੀ ਮਿਲੇ ਹਨ ਜੇ ਸਭ ਇਸਤ੍ਰੀਆਂ ਨੂੰ ਆਪ ਜੇਹੇ ਯੋਗ ਪਤੀ ਮਿਲਣ ਤਾਂ ਫੇਰ ਓਹ ਕਿਉਂ ਸਾਰੀ ਉਮਰ ਦੁਖ ਭੋਗਣ।

ਦੂਸਰੇ ਦਿਨ ਲਾਲਾ ਰਾਮਨਰਾਇਨ ਜੀ ਨੇ ਮੋਹਿਨੀ ਦਾਈ ਨੂੰ ਸੱਦਿਆ ਓਸਨੇ ਵਿਧਵਾ ਹੋਣ ਦੇ ਪਿੱਛੋਂ ਹਸਪਤਾਲ ਵਿਚ ਜਾਕੇ ਦਾਈ ਦੀ ਵਿੱਦਯਾ ਸਿੱਖੀ ਸੀ ਅਰ ਦੋ ਸਾਲ ਪੜ੍ਹਾਈ ਕਰਕੇ ਚੰਗੀ ਤਰਾਂ ਪਾਸ ਕਰ ਲਿਆ ਸੀ ਹੁਣ ਸਾਰੇ ਵੱਡੇ ਵੱਡੇ ਘਰਾਂ ਵਿਚ ਏਹੋ ਜਾਂਦੀ ਸੀ ਇਸਦਾ ਸੁਭਾਵ ਬਹੁਤ ਚੰਗਾ ਹੈ ਉਵ ਭੀ ਚਤੁਰ ਹੈ ਇਸ ਲਈ ਥੋੜੇ ਚਿਰ ਵਿਚ ਹੀ ਏਸਦੀ ਧੁੰਮ ਪੈ ਗਈ ਮਨੋਹਰ ਲਾਲ ਦੇ ਘਰ ਭੀ ਓਹੋ ਜਾਂਦੀ ਹੈ ਏਸ ਕਰਕੇ ਰਾਮ ਨਾਰਾਇਣ ਜੀ ਨੇ ਉਸਨੂੰ ਸੱਦਿਆ ਹੈ। ਜਦ ਦਾਈ ਆ ਗਈ ਤਾਂ ਓਨਾਂ ਨੇ ਉਸਨੂੰ ਆਪਣੀ ਮਾਤਾ ਦੇ ਪਾਸ ਭੇਜ ਦਿੱਤਾ।

ਰਾਮਨਾਰਾਇਣ ਦੀ ਮਾਤਾ ਭਾਵੇਂ ਕੁਛ ਭਰਮਣ ਸੀ ਪਰ ਫੇਰ ਭੀ ਓਹ ਬੜੀ ਸਿਆਣੀ ਤੇ ਹਿਤ ਵਾਲੀ ਸੀ ਓਹ ਆਪਣੇ ਵਿਦਵਾਨ ਪੁਤ੍ਰ ਤੇ ਉਸਦੀ ਵਹੁਟੀ ਨੂੰ ਕਿਸੇ ਗੱਲੋਂ ਨਹੀਂ ਰੋਕਦੀ ਸੀ ਉਸਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਿਤ ਕਰਕੇ ਪਾਰਬਤੀ ਭੀ ਸਦਾ ਉਸਦੀ ਆਗਜ਼ਾ ਵਿਚ ਰਹਿੰਦੀ ਸੀ ਏਸੇ ਕਰਕੇ ਹੋਰਨਾ ਘਰਾਂ ਵਾਂਗ ਏਨਾਂ ਦੇ ਘਰ ਕਦੇ ਲੜਾਈ ਝਗੜਾ ਨਹੀਂ ਹੁੰਦਾ ਸੀ। ਦਾਈ ਨੂੰ ਦੇਖਦਿਆਂ ਹੀ ਉਸਨੇ ਬੜੇ ਆਦਰ ਨਾਲ ਉਸਨੂੰ ਬਠਾਯਾ ਅਰ ਪਾਰਬਤੀ ਨੂੰ ਸੱਦਕੇ ਕਿਹਾ "ਕਾਕੋ ਏਨਾਂ ਨੂੰ ਆਪਣੇ ਕਮਰੇ ਵਿਚ ਲੈ ਜਾਹ ਅਰ ਜੋ ਕੁਝ ਇਹ ਕਹਿਣ ਧਿਆਨ ਨਾਲ ਸੁਣ ਫੇਰ ਅਸੀ ਓਸੇ ਤਰਾਂ ਪ੍ਰਬੰਧ ਕਰ ਦੇਵਾਂਗੇ ਸਾਡੇ ਵੇਲੇ ਤਾਂ ਏਹੋ ਜੇਹੀਆਂ ਚਤੁਰ ਦਾਈਆਂ ਮਿਲਦੀਆਂ ਹੀ ਨਹੀਂ ਸਨ। ਹੁਣ ਤੂੰ ਏਨਾਂ ਦੀ ਸਾਰੀ ਗੱਲ ਸੁਣ ਲੈ। ਈਸ਼੍ਵਰ ਕ੍ਰਿਪਾ ਕਰੇਗਾ ਤਾਂ ਮੈਂ ਭੀ ਪੋਤ੍ਰੇ ਦਾ ਮੂੰਹ ਵੇਖਾਂਗੀ"।

ਸ਼ੋਕ ਨਾਲ ਲਿਖਣਾ ਪੈਂਦਾ ਹੈ ਜੋ ਅੱਜ ਕਲ ਪੰਜਾਬ ਵਿਚ ਕੋਈ ਹਿੰਦੂ ਦਾਈ ਮਿਲਦੀ ਹੀ ਨਹੀਂ ਹਿੰਦੂ ਕੌਮ ਵਿਚ ਇਹ ਭਾਰੇ ਘਾਟੇ ਦੀ ਗੱਲ ਹੈ!

(ਉਲਥਾ ਕਾਰ)

ਤੀਸਰਾ ਅਧਯਾਇ

ਸਾਵਨ ਦੇ ਮਹੀਨੇ ਪੂਰਨਮਾਸੀ ਵਾਲੇ ਦਿਨ ਲਾਲਾ ਰਾਮ ਨਰਾਇਣ ਜੀ ਦੇ ਘਰ ਇਕ ਪਰਮ ਸੁੰਦਰ ਬਾਲਕ ਉਤਪੰਨ ਹੋਇਆ ਇਸ ਲਈ ਲਾਲਾ ਰਾਮ ਨਰੈਣ ਜੀ ਦੇ ਘਰ ਖੁਸ਼ੀਆਂ ਹੋ ਰਹੀਆਂ ਹਨ ਗਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹੱਲੇ ਦੀਆਂ ਇਸਤ੍ਰੀਆਂ ਵਧਾਈ ਦੇਣ ਆ ਰਹੀ ਆਂ ਹਨ ਲਾਲਾ ਜੀ ਦੀ ਮਾਤਾ ਸਭਨੂੰ ਮਿਸਰੀ ਦੇ ਕੁੱਜੇ ਦੇ ਰਹੀ ਹੈ। ਪ੍ਰੰਤੂ ਲਾਲਾ ਜੀ ਨੂੰ ਤਾਂ ਇਹੋ ਸੋਚ ਹੋ ਰਹੀ ਹੈ ਕਿ ਉਨਾਂ ਦਾ ਸਜਾਯਾ ਪੁੱਤ੍ਰ ਕਿਸ ਤਰਾਂ ਅਰੋਗ ਰਹੇ ਅਰ ਪਾਰਬਤੀ ਭੀ ਛੇਤੀ ਤਕੜੀ ਹੋਜਾਵੇ। ਸਾਡੇ ਦੇਸ ਵਿਚ ਪ੍ਰਸੂਤਾ ਇਸਤ੍ਰੀ ਨੂੰ ਇਕ ਤੰਗ ਤੇ ਭੈੜੀ ਕੋਠੜੀ ਵਿਚ ਰਖਦੇ ਹਨ ਜਿਸ ਵਿਚ ਨਾ ਹਵਾ ਤੇ ਨਾ ਹੀ ਧੁੱਪ ਜਾ ਸਕਦੀ ਹੈ ਫੇਰ ਉੱਤੋਂ ਸਾਰਾ ਦਿਨ ਬੂਹਾ ਬੰਦ ਰਖਦੇ ਹਨ ਪ੍ਰਸੂਤਾ ਨੂੰ ਭੁੰਏ ਇਕ ਮੈਲੇ ਕੰਬਲ ਜਾਂ ਦਰੀ ਤੇ ਸੁਵਾਉਂਦੇ ਹਨ ਬੱਚੇ ਨੂੰ ਭੀ ਕੋਈ ਚੰਗਾ ਕਪੜਾ ਨਹੀਂ ਪਾਉਂਦੇ ਹਰ ਇਕ ਗੱਲ ਉਲਟੀ ਹੀ ਕਰਦੇ ਹਨ। ਪ੍ਰਸੂਤਾ ਨੂੰ ਬਹੁਤਾ ਘਿਉ ਤੇ ਦੁੱਧ ਤੇ ਤਲੇ ਹੋਏ ਲੱਡੂ ਆਦਿਕ ਦਿੱਤੇ ਜਾਂਦੇ ਹਨ ਜੋ ਅਜਿਹੀ ਅਵਸਥਾ ਵਿਚ ਚੰਗੀ ਤਰਾਂ ਨਹੀਂ ਪਚਦੇ ਇਸ ਨਾਲ ਮਾਂ ਤੇ ਬੱਚੇ ਦੋਹਾਂ ਨੂੰ ਔਖਆਈ ਹੁੰਦੀ ਹੈ ਏਸੇ ਕਰਕੇ ਸਾਡੇ ਦੇਸ਼ ਵਿਚ (ਇਸਤ੍ਰੀਆਂ ਦੀ ਮੂਰਖਤਾ ਕਰਕੇ) ਅਨੇਕਾਂ ਬੱਚੇ ਇਕ ਮਹੀਨਾ ਭਰ ਦੇ ਹੋਣ ਤੋਂ ਭੀ ਪਹਿਲਾਂ ੨ ਮਰ ਜਾਂਦੇ ਹਨ ਅਤੇ ਜੇਹੜੇ ਈਸ਼੍ਵਰ ਦੀ ਕ੍ਰਿਪਾ ਨਾਲ ਬਚ ਭੀ ਰਹਿੰਦੇ ਹਨ ਉਨਾਂ ਨੂੰ ਕੋਈ ਨਾ ਕੋਈ ਰੋਗ ਚੰਮੜ ਜਾਂਦਾ ਹੈ ਜਿਸ ਨਾਲ ਸਾਰੀ ਉਮਰ ਦੁਖ ਭੋਗਣਾ ਪੈਂਦਾ ਹੈ। ਲਾਲਾ ਰਾਮ ਨਾਰਾਇਣ ਜੀ ਬੜੇ ਬੁਧਵਾਨ ਹਨ ਅਰ ਉਨਾਂ ਦੀ ਇਸਤ੍ਰੀ ਪਾਰਬਤੀ ਭੀ ਸਦਾ ਉਨਾਂ ਦੀ ਆਗਯਾ ਵਿੱਚ ਰਹਿੰਦੀ ਹੈ ਇਸ ਲਈ ਓਹ ਇਨ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰੀਆਂ ਕੁਰੀਤੀਆਂ ਨੂੰ ਦੂਰ ਕਰਨ ਦਾ ਯਤਨ ਕਰ ਰਹੇ ਹਨ ।

ਪਾਰਬਤੀ ਦੇ ਵਿਅੰਮ ਲਈ ਬੜਾ ਸਾਫ ਸੁਥਰਾ ਚੌਬਾਰਾ ਦਿੱਤਾ ਗਿਆ ਜਿਸ ਵਿਚ ਹਵਾ ਤੇ ਧੁੱਪ ਖੁਲ੍ਹੀ ਆ ਰਹੀ ਹੈ । ਵੇਲੇ ਸਿਰ ਮੋਹਿਨੀ ਦਾਈ ਨੂੰ ਸੱਦਿਆ ਗਿਆ ਓਸ ਨੇ ਭੀ ਆਪਣਾ ਕੰਮ ਬੜੀ ਚੰਗੀ ਤਰਾਂ ਨਿਬਾਹਿਆ । ਸਾਡੇ ਦੇਸ਼ ਦੀਆਂ ਇਸਤ੍ਰੀਆਂ ਆਪਣੀ ਅਰੋਗਤਾ ਵੱਲ ਜਰਾ ਭੀ ਧਿਆਨ ਨਹੀਂ ਕਰਦੀਆਂ, ਸਫਾਈ ਦਾ ਤਾਂ ਅਰਥ ਭੀ ਨਹੀਂ ਜਾਣਦੀਆਂ ਪਰ ਇਕ ਬੁਧਵਾਨ ਪ੍ਰਵਾਰ ਨੇ ਪਾਰਬਤੀ ਤੇ ਓਸਦੇ ਬੱਚੇ ਨੂੰ ਅਜੇਹੀ ਸਫਾਈ ਤੇ ਸੁਚੇਤੀ ਨਾਲ ਰੱਖਯਾ ਕਿ ਵੇਖ ਕੇ ਮਨ ਪ੍ਰਸੰਨ ਹੁੰਦਾ ਸੀ । ਝੂਠਾ ਲੋਕਾ ਚਾਰੀ ਤੇ ਦਿਖਾਵੇ ਦਾ ਕੋਈ ਕੰਮ ਨਾ ਕੀਤਾ ਜਿਸਦੇ ਵੱਸ ਹੋਕੇ ਅਨੇਕਾਂ ਇਸਤ੍ਰੀਆਂ ਆਪਣੀ ਜਾਨ ਸਦਾ ਲਈ ਦੁਖੀ ਕਰ ਬੈਠ ਦੀਆਂ ਹਨ । ਇਕ ਹੋਰ ਵੱਡੀ ਭੈੜੀ ਗੱਲ ਇਹ ਹੈ ਕਿ ਬਾਲ ਜੰਮਣ ਤੋਂ ਥੋੜਾ ਹੀ ਚਿਰ ਪਿੱਛੋਂ ਪ੍ਰਸੂਤਾ ਤੁਰਨ ਫਿਰਨ ਜਾਂ ਉੱਠਣ ਬੈਠਣ ਲਗ ਪੈਂਦੀ ਹੈ ਅਰ ਤੀਸਰੇ ਚੌਥੇ ਦਿਨ ਨਹਾ ਲੈਂਦੀ ਹੈ । ਪ੍ਰਸੂਤਾ ਨੂੰ ਘੱਟ ਤੋਂ ਘੱਟ ੯, ੧੦ ਦਿਨ ਪਿੱਛੋਂ ਉੱਠਣਾ ਬੈਠਣਾ ਚਾਹੀਦਾ ਹੈ ਹੌਲੀ ਤੇ ਬਲਵਾਨ ਚੀਜ਼ ਖਾਣ ਨੂੰ ਦੇਣੀ ਚਾਹੀਦੀ ਹੈ ਜਿਹਾ ਕੁ ਦੁੱਧ ਚਾਵਲ, ਸਾਬੂਦਾਣਾ ਜਾਂ ਦੁਧ, ਡਬਲ ਰੋਟੀ ਭੀ ਦੇ ਸਕਦੇ ਹਾਂ ਪੰਜ ਚਾਰ ਦਿਨ ਏਹੋ ਜੇਹੀਆਂ ਚੀਜ਼ਾਂ ਦੇਕੇ ਫੇਰ ਹੌਲੀ ਹੌਲੀ ਹੋਰ ਬਲਵਾਲੀਆਂ ਚੀਜ਼ਾਂ ਦੇਣੀਆਂ ਚਾਹੀਏ । ਏਸੇ ਤਰਾਂ ਬੜਾ ਉੱਤਮ ਪ੍ਰਬੰਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨ ਨਾਲ ਮਹੀਨੇ ਦੇ ਅੰਦਰ ੨ ਹੀ ਪਾਰਬਤੀ ਅਰੋਗ ਤੇ ਤਕੜੀ ਹੋਕੇ ਬਾਲਕ ਨੂੰ ਲੈਕੇ ਬਾਹਰ ਨਿਕਲ ਆਈ ਉਸ ਦਿਨ ਬੜੀ ਭਾਰੀ ਖੁਸ਼ੀ ਮਨਾਈ ਗਈ। ਸਾਰੇ ਸਾਕਾਂ ਸੰਬੰਧੀਆਂ ਮਿੱਤ੍ਰ ਪਿਆਰਿਆਂ ਨੂੰ ਬੜੇ ਪ੍ਰੇਮ ਨਾਲ ਸ਼ਾਦ ਛਕਾਇਆ ਗਿਆ ਅਰ ਬਾਲਕ ਦੇ ਚਿਰੰਜੀਵ ਤੇ ਅਰੋਗ ਹੋਣ ਲਈ ਈਸ਼੍ਵਰ ਅਗੇ ਪ੍ਰਾਰਥਨਾ ਕੀਤੀ ਗਈ। ਬਾਲਕ ਦਾ ਸੁੰਦਰ ਮੁਖ ਦੇਖ ਮਾਤਾ ਪਿਤਾ ਦੋਹਾਂ ਦੇ ਮਨ ਆਨੰਦਤ ਹੋ ਰਹੇ ਸਨ। ਸੱਚ ਹੈ ਗ੍ਰਹਸਤ ਆਸ਼੍ਰਮ ਦਾ ਵੱਡਾ ਆਨੰਦ ਦਾਇਕ ਫਲ ਏਹੋ ਹੈ।

ਜਿਸ ਘਰ ਵਿਚ ਬਾਲਕ ਨੇ ਜਨਮ ਨਹੀਂ ਲਿਆ ਓਹ ਘਰ ਸ਼ਮਸ਼ਾਨ ਤੁਲ੍ਯ ਹੈ ਬਾਲਕਾਂ ਦੇ ਆਨੰਦ ਨਾਲ ਹੀ ਘਰ ਆਨੰਦ ਭਵਨ ਬਣਦਾ ਹੈ।

ਪਾਰਬਤੀ, ਮੋਹਿਨੀ ਦੇ ਕਹੇ ਅਨੁਸਾਰ ਪੁੱਤ੍ਰ ਨੂੰ ਆਪਣਾ ਦੁੱਧ ਪਿਆਉਂਦੀ ਸੀ ਦੂਸਰੀਆਂ ਇਸਤ੍ਰੀਆਂ ਵਾਂਗ ਸਾਰਾ ਦਿਨ ਕੁੱਛੜ ਨਹੀਂ ਲਈ ਬੈਠੀ ਰਹਿੰਦੀ ਸੀ ਕਿਉਂ ਕਿ ਇਸ ਨਾਲ ਬੱਚੇ ਨੂੰ ਭੈੜੀ ਵਾਦੀ ਪੈ ਜਾਂਦੀ ਹੈ ਅਰ ਓਹ ਫੇਰ ਕੁੱਛੜ ਰਹਿਣ ਲਈ ਰੋਂਦਾ ਹੈ ਤੇ ਸਦਾ ਕੁੱਛੜ ਰੱਖਣ ਨਾਲ ਬਾਲ ਨਿਰਬਲ ਤੇ ਰੋਗੀ ਹੋ ਜਾਂਦੇ ਹਨ। ਇਲਾਇਤ ਦੀਆਂ ਇਸਤ੍ਰੀਆਂ ਬਾਲ ਨੂੰ ਵੱਖ ਸੁਆਉਂਦੀਆਂ ਹਨ ਏਸ ਤਰਾਂ ਬਾਲ ਨੂੰ ਨੀਂਦ ਚੰਗੀ ਤਰਾਂ ਆਉਂਦੀ ਹੈ ਓਹ ਘੜੀ ਮੁੜੀ ਦੁੱਧ ਨਹੀਂ ਪੀਂਦਾ। ਪਾਰਬਤੀ ਰੋਜ਼ ਦੋ ਵੇਲੇ ਆਪਣੇ ਪੁਤ੍ਰ ਦੇ ਕਪੜੇ ਧੋ ਸੁਟਦੀ, ਅਰ ਰੋਜ਼ ਉਸਨੂੰ ਨੁਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਟਦੀ ਸੀ, ਨੁਹਾਉਣ ਨਾਲ ਬਾਲ ਅਰੋਗ ਰਹਿੰਦੇ ਹਨ ਮੈਲੇ ਰਹਿਣ ਨਾਲ ਬੱਚੇ ਨੂੰ ਕਈ ਪ੍ਰਕਾਰ ਦੇ ਰੋਗ ਚੰਬੜ ਜਾਂਦੇ ਹਨ, ਓਹ ਹਰ ਇਕ ਪ੍ਰਕਾਰ ਦੀ ਸਫਾਈ ਰੱਖਦੀ ਸੀ।

ਇੱਕ ਦਿਨ ਰਾਮੇ ਦੀ ਮਾਂ ਤੇ ਕੁਛਕੁ ਹੋਰ ਇਸ ਤ੍ਰੀਆਂ ਇਨ੍ਹਾਂ ਦੇ ਘਰ ਆਈਆਂ, ਉਸੇ ਵੇਲੇ ਪਾਰਬਤੀ ਅਪਣੇ ਪੁਤ੍ਰ ਨੂੰ ਨੁਹਾਕੇ ਨਵੇਂ ਕਪੜੇ ਪਾਕੇ ਬੈਠੀ ਹੀ ਸੀ ਅਰ ਦੁੱਧ ਪਿਆਉਣ ਲੱਗੀ ਸੀ ਓਹ ਬਾਲ ਨੂੰ ਗੋਕੇ ਦੁੱਧ ਵਿਚ ਕੁਝ ਪਾਣੀ ਰਲਾਕੇ ਪਿਆਉਂਦੀ ਸੀ।

ਉਨ੍ਹਾਂ ਆਈਆਂ ਹੋਈਆਂ ਇਸਤ੍ਰੀਆਂ ਨੇ ਏਹ ਦੇਖਕੇ ਬੜੀਆਂ ਗੱਲਾਂ ਬਨਾਈਆਂ, "ਰਾਮੇ ਦੀ ਮਾਂ ਬੋਲੀ ਕਿਉਂ ਬੀਬੀ ਬਾਲ ਵਾਸਤੇ ਤੁਹਾਡੇ ਘਰ ਦੁੱਧ ਦਾ ਘਾਟਾ ਹੈ ਜੋ ਤੂੰ ਪਾਣੀ ਰਲਾਕੇ ਪਿਆਉਂਦੀ ਹੈਂ? ਦੂਸਰੀ ਬੋਲੀ ਸੁਖ ਨਾਲ ਅਜੇ ਦੋ ਮਹੀਨੇ ਭੀ ਨਹੀਂ ਹੋਏ ਤੂੰ ਅਜੇ ਹੁਣੇ ਏਸ ਨੂੰ ਏਨੇ ਚਿੱਟੇ ਕੱਪੜੇ ਕਿਉਂ ਪਾਉਂਦੀ ਹੈਂ ਏਹ ਗੱਲ ਚੰਗੀ ਨਹੀਂ। ਤੀਸ੍ਰੀ ਮੂਰਖ ਬੋਲੀ ਕੁੜੀਏ ਹੁਣੇ ਏਸ ਨੂੰ ਬਾਹਰ ਨਾ ਕੱਢਿਆ ਕਰ ਜੇ ਕੱਢੇਂ ਤਾਂ ਮੱਥੇ ਤੇ ਕਾਲਾ ਟਿੱਕਾ ਲਾ ਦਿਆ ਕਰ ਜੋ ਕਿਸੇ ਦੀ ਨਜਰ ਨਾਂ ਲੱਗੇ, ਤੁਸੀਂ ਤਾਂ ਏਹ ਗੱਲਾਂ ਮੰਨਦੇ ਨਹੀਂ ਪਰ ਸਿਆਣਿਆਂ ਨੇ ਐਵੇਂ ਤਾਂ ਨਹੀਂ ਕਿਹਾ। ਵੱਡਿਆਂ ਦੀ ਮੱਤ ਮੰਨਣੀ ਚਾਹੀਦੀ ਹੈ। ਚੌਥੀ ਨੇ ਕਿਹਾ ਕਿਸੇ ਸਾਧ ਫਕੀਰ ਪਾਸੋਂ ਧਾਗਾ ਤਵੀਤ ਕਰਵਾਕੇ ਏਸਦੇ ਗਲ ਪਾ ਦੇਹ।"

ਪਾਰਬਤੀ ਓਨ੍ਹਾਂਦੀਆਂ ਗੱਲਾਂ ਸੁਣਕੇ ਹੱਸ ਪਈ ਅਰ ਬੋਲੀ:—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੈਣ ਜੀ ਦੁੱਧ ਦਾ ਤਾਂ ਤੁਹਾਡੀ ਦਯਾ ਨਾਲ ਕੋਈ ਘਾਟਾ ਨਹੀਂ ਪਰ ਬਾਲ ਨੂੰ ਨਿਰਾ ਗੋਕਾ ਦੁੱਧ ਪਚਦਾ ਨਹੀਂ ਏਸ ਲਈ ਪਹਿਲਾਂ ਅੱਧਾ ਦੁੱਧ ਤੇ ਅੱਧਾ ਪਾਣੀ ਫੇਰ ਹੌਲੀ ੨ ਪਾਣੀ ਘੱਟ ਕਰਦਿਆਂ ੨ ਨਿਰਾ ਦੁੱਧ ਦੇਣਾ ਚਾਹੀਦਾ ਹੈ ਹਰ ਵਾਰ ਜਰਾ ਕੁ ਕੋਸਾ ਦੁਧ ਕਰ ਲਈਦਾ ਹੈ। ਫੇਰ ਉਸ ਨੇ ਦੂਸਰੀਆਂ ਤੀਵੀਂਆਂ ਵਲ ਵੇਖਕੇ ਕਿਹਾ ਭੈਣ ਜੀ ਈਸ਼੍ਵਰ ਨੇ ਕ੍ਰਿਪਾ ਕੀਤੀ ਹੈ ਏਹ ਜੀਵ ਜੇਹਾ ਬਖਸ਼ਿਆ ਹੈ ਜੇ ਅਸੀਂ ਏਸ ਨੂੰ ਸਾਫ ਸੁਥਰਾ ਨਾ ਰਖਾਂਗੇ ਤੇ ਚੰਗੀ ਤਰਾਂ ਏਸ ਦੀ ਸੇਵਾ ਨਾ ਕਰਾਂਗੇ ਤਾਂ ਜਰੂਰ ਏਹ ਰੋਗੀ ਹੋਜਾਵੇਗਾ। ਬਾਲਦੀ ਦੇਹ ਫੁਲ ਵਰਗੀ ਕੋਮਲ ਹੁੰਦੀ ਹੈ ਜਰਾ ਧੁੱਪ ਜਾਂ ਮੈਲਾ ਹੱਥ ਲੱਗੇ ਤਾਂ ਜਰੂਰ ਕੁਮਲਾ ਜਾਵੇਗਾ ਸਾਡੀ ਮੂਰਖਤਾ ਤੇ ਮੈਲੇ ਪੁਣੇ ਕਰਕੇ ਹੀ ਬਾਲ ਰੋਗੀ ਹੋ ਜਾਂਦੇ ਹਨ ਫੇਰ ਅਸੀਂ ਕਿਸ ਤਰਾਂ ਪ੍ਰਮੇਸ਼ਰ ਦੇ ਸਾਹਮਣੇ ਮੂੰਹ ਕਰ ਸਕਾਂਗੀਆਂ ?। ਪ੍ਰਮੇਸ਼ਵਰ ਆਪ ਬਾਲਾਂ ਦਾ ਸਹਾਈ ਹੈ ਲੋਕਾਂ ਦੀ ਨਜਰ ਕੁਛ ਨਹੀਂ ਵਿਗਾੜ ਸਕਦੀ। ਤੇ ਭੈਣੋਂ ਜਦ ਬਾਲ,ਮਾਤਾ ਦੇ ਗ੍ਰਭ ਵਿਚ ਹੁੰਦਾ ਹੈ ਉਸ ਵੇਲੇ ਇਸ ਦੀ ਰਖਿਆ ਕੇਹੜਾ ਫਕੀਰ ਕਰਦਾ ਹੈ? ਏਹ ਤਾਂ ਸਭ ਸਾਡੀ ਮੂਰਖਤਾ ਦੀਆਂ ਗੱਲਾਂ ਹਨ ਮੈਂ ਏਹਨਾਂ ਗੱਲਾਂ ਨੂੰ ਨਹੀਂ ਮੰਨਦੀ। ਪਤੀ ਦੀ ਆਗਯਾ ਵਿੱਚ ਤੁਰਨਾ ਇਸਤ੍ਰੀ ਦਾ ਮੁੱਖ ਧਰਮ ਹੈ ਮੈਂ ਤਾਂ ਪਤੀ ਜੀ ਦੀ ਆਗਯਾ ਵਿੱਚ ਤੁਰਦੀ ਹਾਂ ਜਿੰਵੇਂ ਓਹ ਕਹਿੰਦੇ ਹਨ ਤਿੰਵੇਂ ਕਰਦੀ ਹਾਂ।

ਓਨ੍ਹਾਂ ਇਸਤ੍ਰੀਆਂਨੂੰ ਪਾਰਬਤੀ ਦੀ ਏਹ ਗੱਲ ਨਾ ਭਾਈ ਮੂੰਹ ਬਣਾ ਬੁੜ ੨ ਕਰਦੀਆਂ ਘਰਾਂ ਨੂੰ ਚਲੀਆਂ

ਪੁਸਤਕਾਲਯ
CC-0. In Public Domain. Gurukul Kangri Collection, Haridwar
ਗੁਰੁਕੁਲ ਕਾਂਗੜੀ

Digitized by Arya Samaj Foundation Chennai and eGangotri

ਗਈਆਂ।

ਰਾਮ ਨਾਰਾਇਣ ਜੀ ਦੀ ਮਾਤਾ ਨੇ ਆਪਣੇ ਪੋਤ੍ਰੇ ਦਾ ਨਾਉਂ ਪ੍ਰੇਮ ਨਾਰਾਇਣ ਰਖਿਆ ਅਰ ਓਹ ਉਸ ਨੂੰ ਬਹੁਤ ਹੀ ਪਿਆਰ ਕਰਦੀ ਸੀ। ਰਾਮ ਨਾਰਾਇਣ ਨੇ ਪੁਤ੍ਰ ਦੀ ਸੇਵਾ ਵਾਸਤੇ ਇੱਕ ਦਾਸੀ ਰਖ ਲਈ ਹੈ ਪਰ ਫੇਰ ਭੀ ਪਾਰਬਤੀ ਆਪਣੇ ਹਥੀਂ ਉਸ ਨੂੰ ਨੁਹਾਉਂਦੀ ਧੁਆਉਂਦੀ ਦੁੱਧ ਪਿਆਉਂਦੀ ਸੀ। ਓਹ ਨੌਕਰਾਂ ਦੇ ਭਰੋਸੇ ਬਾਲ ਨੂੰ ਨਹੀਂ ਛੱਡਣਾ ਚਾਹੁੰਦੀ। ਪਾਰਬਤੀ ਦਾਸੀ ਨੂੰ ਭੀ ਸਾਫ ਸੁਥਰੇ ਕੱਪੜੇ ਪੁਆਉਂਦੀ ਹੈ, ਦਾਸੀ ਨੂੰ ਘਰ ਦਾ ਸਭ ਕੰਮ ਧੰਧਾ ਸਿਖਾ ਦਿਤਾ ਹੈ ਪਰ ਫੇਰ ਭੀ ਪਾਰਬਤੀ ਚੈਨ ਨਹੀਂ ਲੈਂਦੀ, ਭਾਵੇਂ ਮੰਗਲਾਂ ਦਾਸੀ ਭੀ ਚਤੁਰ ਹੈ ਪਰ ਪਾਰਬਤੀ ਬਹੁਤਾ ਚਿਰ ਬਾਲ ਨੂੰ ਉਸ ਦੇ ਪਾਸ ਨਹੀਂ ਰਹਿਣ ਦੇਂਦੀ। ਸਿਆਣੀ ਇਸਤ੍ਰੀ ਜਾਣਦੀ ਹੈ ਕਿ ਦਾਸ ਦਾਸੀਆਂ ਦੇ ਭਰੋਸੇ ਬਾਲ ਨੂੰ ਛੱਡਣ ਵਿਚ ਕਿੰਨੀਕੁ ਹਾਨੀ ਹੁੰਦੀ ਹੈ। ਇਨ੍ਹਾਂ ਨੇ ਆਪਣੇ ਗਵਾਂਢ ਹੀ ਦੇਖਿਆ ਹੈ ਕਿ ਸੇਠ ਮੋਤੀ ਲਾਲ ਦੀ ਇਸਤ੍ਰੀ ਆਪਣੇ ਬੱਚਿਆਂ ਨੂੰ ਸਦਾ ਨੌਕਰਾਂ ਦੇ ਭਰੋਸੇ ਛੱਡ ਦੇਂਦੀ ਸੀ ਸਾਰਾ੨ ਦਿਨ ਉਨ੍ਹਾਂ ਦੀ ਖਬਰ ਹੀ ਨਹੀਂ ਲੈਂਦੀ ਸੀ ਓਸ ਦੇ ਛੋਟੇ ਪੁੱਤ੍ਰ ਦੀ ਖਿਡਾਵੀ ਬੁੱਢੀ ਦਾਈ ਨੂੰ ਅਫੀਮ ਖਾਣ ਦੀ ਵਾਦੀ ਸੀ। ਇਕ ਦਿਨ ਓਸ ਦਾਈ ਨੇ ਅਫੀਮ ਖਾਕੇ ਡੱਬੀ ਮੰਜੇ ਉਤੇ ਹੀ ਰੱਖ ਦਿਤੀ ਅਰ ਆਪ ਸੌਂ ਗਈ ਸੇਠ ਦਾ ਪੁੱਤ੍ਰ ਜੋ ਵਰ੍ਹੇ ਕੁ ਦਾਸੀ ਡੱਬੀ ਫੜਕੇ ਖੇਡਣ ਲਗ ਪਿਆ। ਖੇਡ ਦਿਆਂ ਖੇਡਦਿਆਂ ਡੱਬੀ ਖੁੱਲ ਗਈ ਬਾਲ ਨੇ ਅਫੀਮ ਦੀ ਗੋਲੀ ਚੁਕ ਕੇ ਮੂੰਹ ਵਿਚ ਪਾ ਲਈ ਅਰ ਖਾਂਦਿਆਂ ਸਾਰ ਰੋਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਗ ਪਿਆ ਤਾਂ ਦਾਈ ਦੀ ਅੱਖ ਖੁੱਲ੍ਹੀ ਓਸ ਨੇ ਬਾਲ ਦਾ ਮੂੰਹ ਬਾਹਰੋਂ ਤਾਂ ਪੂੰਝ ਦਿਤਾ ਪਰ ਜੇਹੜੀ ਗੋਲੀ ਓਹ ਖਾ ਚੁਕਾ ਸੀ ਓਹ ਨਾ ਕੱਢੀ ਅਰ ਨਾ ਹੀ ਕਿਸੇ ਨੂੰ ਦੱਸਿਆ, ਕੁਝ ਚਿਰ ਪਿਛੋਂ ਬੱਚਾ ਨਸ਼ੇ ਵਿਚ ਆਕੇ ਸੌਂ ਗਿਆ ਫੇਰ ਨਾ ਉਠਿਆ, ਬਹੁਤ ਚਿਰ ਸੁੱਤੇ ਨੂੰ ਹੋਗਿਆ ਤਾਂ ਓਸਦੀ ਭੈਣ ਉਠਾਉਣ ਲੱਗੀ ਦੇਖਿਆ ਕਿ ਬਾਲ ਤਾਂ ਠੰਢਾ ਹੋਇਆ ਪਿਆ ਹੈ ਓਸ ਨੇ ਝਟ ਦੌੜਕੇ ਮਾਂ ਪਿਓ ਨੂੰ ਖਬਰ ਕੀਤੀ ਸਾਰੇ ਦੌੜੇ ਆਏ, ਡਾਕਟਰ ਨੂੰ ਸੱਦਿਆ ਪਰ ਕੀ ਬਣ ਸਕਦਾ ਸੀ ਬਾਲ ਦੇ ਪ੍ਰਾਣ ਤਾਂ ਪਹਿਲਾਂ ਹੀ ਨਿਕਲ ਚੁੱਕੇ ਸਨ। ਡਾਕਟਰ ਨੇ ਆਕੇ ਇਹ ਸਿੱਟਾ ਕੱਢਿਆ ਜੋ ਏਸ ਨੇ ਅਫੀਮ ਖਾਧੀ ਹੋਈਹੈ। ਸਾਰੇ ਜਾਣਦੇ ਸਨ ਕਿ ਏਸ ਦੀ ਦਾਈ ਅਫੀਮ ਖਾਂਦੀ ਹੈ ਉਸ ਨੂੰ ਪੁਛਿਆ ਪਰ ਓਸ ਨੇ ਇਕੋ ਨਾਂਹ ਫੜ ਲਈ। ਏਸੇ ਤਰਾਂ ਮੂਰਖ ਦਾਸ ਦਾਸੀਆਂ ਦੇ ਭਰੋਸੇ ਬਾਲਾਂ ਨੂੰ ਛੱਡਣ ਨਾਲ ਬੜੀ ਹਾਨੀ ਹੁੰਦੀ ਹੈ। ਉਸ ਦਿਨ ਤੋਂ ਮੋਤੀ ਲਾਲ ਦੇ ਘਰ ਦੀਆਂ ਇਸਤ੍ਰੀਆਂ ਨੂੰ ਮੱਤ ਆਈ ਕਿ ਬਾਲਾਂ ਨੂੰ ਨੌਕਰਾਂ ਦੇ ਭਰੋਸੇ ਨਹੀਂ ਛੱਡਨਾ ਚਾਹੀਦਾ। ਏਸੇ ਤਰਾਂ ਪਾਰਬਤੀ ਸ੍ਰਦਾਰ ਬਲਵੰਤ ਸਿੰਘ ਦੇ ਘਰ ਉਨ੍ਹਾਂ ਦੇ ਪੁੱਤ੍ਰ ਦੇ ਝੰਡ ਗੁੰਦਨ ਵਾਲੇ ਦਿਨ ਗਈ ਸੀ ਓਥੇ ਹੋਰ ਭੀ ਵੱਡੇ ੨ ਘਰਾਂਦੀਆਂ ਇਸਤ੍ਰੀਆਂ ਆਈਆਂ ਹੋਈਆਂ ਸਨ ਸਾਰੀਆਂ ਤੀਵੀਆਂ ਤਾਂ ਅਦਰ ਕੰਮ ਧੰਦੇ ਤੇ ਗੱਲਾਂ ਬਾਤਾਂ ਵਿਚ ਲੱਗੀਆਂ ਰਹੀਆਂ ਤੇ ਬਾਲ ਬਾਲਕੀਆਂ ਬਾਹਰ ਬਾਗ ਵਿੱਚ ਖੇਡ ਰਹੀਆਂ ਸਨ, ਪਾਸ ਹੀ ਇਕ ਤਲਾ ਸੀ, ਬਾਲਾਂ ਦਾ ਸੁਭਾਵ ਬੜਾ ਚੰਚਲ ਹੁੰਦਾ, ਹੈ, ਤਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀਆਂ ਮੱਛੀਆਂ ਦੇਖਣ ਲਈ ਸਾਰੇ ਬਾਲਕ ਉਸ ਵੱਲ ਦੌੜ ਗਏ। ਅਚਾਨਕ ਸੇਠ ਭਗਵਾਨ ਦਾਸ ਦਾ ਛੋਟਾ ਪੁੱਤ੍ਰ ਤਲਾ ਵਿਚ ਡਿੱਗ ਪਿਆ, ਕਿਸੇ ਨੇ ਦੇਖਿਆ ਹੀ ਨਹੀਂ। ਸੰਧਯਾਂ ਵੇਲੇ ਜਦ ਆਪਣੇ ੨ ਘਰੀਂ ਜਾਣਦਾ ਵੇਲਾ ਹੋਯਾ ਤਾਂ ਮਾਵਾਂ ਨੂੰ ਬਾਲਾਂ ਦਾ ਚੇਤਾ ਆਯਾ, ਤਦ ਜਾਕੇ ਪਤਾ ਲੱਗਾ ਜੋ ਸੇਠ ਜੀ ਦੇ ਮੁੰਡੇ ਦਾ ਕਿਤੇ ਪਤਾ ਨਹੀਂ ਲਗਦਾ। ਸਾਰੇ ਜਣੇ ਢੂੰਢਣ ਲਗ ਪਏ, ਲਭ ਦਿਆਂ ੨ ਤਲਾ ਵਲ ਗਏ ਤਾਂ ਮੋਯਾ ਹੋਯਾ ਬਾਲਕ ਪਾਣੀ ਉਤੇ ਤਰਦਾ ਹੋਯਾ ਲੱਭਾ। ਓਸ ਵੇਲੇ ਦੀ ਦਸ਼ਾ ਲਿਖੀ ਨਹੀਂ ਜਾਂਦੀ। ਓਸ ਦੀ ਮਾਤਾ ਦਾ ਵਿਰਲਾਪ ਕਲੇਜੇ ਨੂੰ ਛੇਕ ਕਰਦਾ ਜਾਂਦਾ ਸੀ। ਓਸ ਤੋਂ ਸਾਰੀਆਂ ਇਸਤ੍ਰੀਆਂ ਨੇ ਕੰਨਾਂ ਨੂੰ ਹੱਥ ਲਗਾਯਾ ਕਿ ਬਾਲਾਂ ਨੂੰ ਕਦੇ ਕੱਲਿਆਂ ਛੱਡਕੇ ਨਿਸਚਿੰਤ ਹੋਕੇ ਨਹੀਂ ਬੈਠਨਾ ਚਾਹੀਦਾ। ਜਿੱਥੇ ਖੁਸ਼ੀ ਦੇ ਵਾਜੇ ਵੱਜ ਰਹੇ ਸਨ ਓਥੇ ਰੋਣਾ ਪਿਟਣਾ ਪੈ ਗਿਆ। ਰੋਜ ਅਨੇਕਾਂ ਇਹੋ ਜੇਹੀਆਂ ਗੱਲਾਂ ਹੋ ਰਹੀਆਂ ਹਨ ਪ੍ਰੰਤੂ ਸਾਡੇ ਦੇਸ ਦੀਆਂ ਇਸਤ੍ਰੀਆਂ ਨੂੰ ਕੁਛ ਸਮਝ ਨਹੀਂ ਆਉਂਦੀ। ਪਾਰਬਤੀ ਨੂੰ ਏਹੋ ਜੇਹੀਆਂ ਗੱਲਾਂ ਦਾ ਬਹੁਤ ਧਿਆਨ ਸੀ। ਪਾਰਬਤੀ ਆਪਣੇ ਪੁੱਤ੍ਰ ਨੂੰ ਘੜੀ ਵੇਖਕੇ ਵੇਲੇ ਸਿਰ ਦੁੱਧ ਪਿਆਉਂਦੀ। ਕਈਤੀਵੀਂਆਂ ਇਸ ਤਰਾਂ ਕਰਦੀਆਂ ਹਨ ਜੋ ਕਿਸੇ ਦਿਨ ਤਾਂ ਬਾਲ ਨੂੰ ੪-੫ ਵਾਰ ਤੇ ਕਿਸੇ ਦਿਨ ਦੋ ਵਾਰ ਹੀ ਦੁੱਧ ਪਿਆਕੇ ਚੁੱਪ ਹੋ ਰਹਿੰਦੀਆਂ ਹਨ ਇਸ ਤਰਾਂ ਅਨਿਯਮ ਕਰਨ ਨਾਲ ਬਾਲ ਕਮਜੋਰ ਤੇ ਬੀਮਾਰ ਹੋਕੇ ਮਰ ਜਾਂਦੇ ਹਨ ਸਦਾ ਵੇਲੇ ਸਿਰ ਦੁੱਧ ਦੇਣਾ ਚਾਹੀਦਾ ਹੈ। ਜੇ ਮਾਤਾ ਸਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਣੀ ਹੋਵੇ ਤਾਂ ਬਾਲ ਨੂੰ ਤਕੜਾ ਕਰਕੇ ਅਕਾਲ ਮੌਤ ਦੇ ਹੱਥੋਂ ਬਚਾ ਸਕਦੀ ਹੈ । ਪਾਰਬਤੀ ਦੇ ਯਤਨ ਨਾਲ ਉਸਦਾ ਪ੍ਰੇਮ ਨਾਰਾਇਣ ਸੁੰਦਰ ਤੇ ਰਿਸ਼ਟ ਪੁਸ਼ਟ ਹੋਕੇ ਦਿਨ ਦਿਨ ਚੰਦ੍ਰਮਾਂ ਵਤ ਵਧਨ ਲਗ ਪਿਆ ਜਿਸ ਨੂੰ ਵੇਖਕੇ ਮਾਤਾ ਪਿਤਾ ਦੇ ਮਨ ਸੁਖ ਅਤੇ ਆਨੰਦ ਵਧ ਰਿਹਾ ਸੀ ॥

ਚੌਥਾ ਅੱਧਯਾਇ ।

ਇਕ ਦਿਨ ਸੰਧ੍ਯਾਂ ਵੇਲੇ ਸਕੂਲੋਂ ਆਉਂਦਿਆਂ ਦੇਖਿਆ ਕਿ ਬਾਹਰ ਥੜੇ ਉਤੇ ਦਾਸੀ ਪ੍ਰੇਮ ਨਾਰਾਇਣ ਨੂੰ ਖਿਡਾ ਰਹੀ ਹੈ ਖਿਡਾਉਂਦਿਆਂ ੨ ਦਾਸੀ ਨੇ ਪ੍ਰੇਮ ਨਾਰਾਇਣ ਵਲ ਦੇਖਕੇ ਮੂੰਹ ਚਿੜਾਯਾ। ਅਗੋਂ ਪ੍ਰੇਮ ਨਾਰਾਇਣ ਨੇ ਭੀ ਉਸੇਤਰਾਂ ਮੂੰਹ ਬਣਾਯਾ। ਇਸ ਵੇਲੇ ਪ੍ਰੇਮ ਨਾਰਾਇਣ ਦੀ ਉਮਰ ਡੂਢ ਵਰਹੇ ਦੀ ਸੀ। ਏਹ ਦੇਖਕੇ ਰਾਮ ਨਾਰਾਇਣ ਜੀ ਨੂੰ ਬਹੁਤ ਚਿੰਤਾ ਹੋਈ ॥

ਸਾਡੀਆਂਪਾਠਕਾਂ ਏਹਪੜ੍ਹਕੇ ਹਸਣਗੀਆਂਕਿ ਬਾਲਨੇ ਖੇਡਦਿਆਂ ੨ ਮੂੰਹ ਬਨਾਯਾ ਤਾਂ ਕੀ ਹੋ ਗਿਆ ਏਸ ਵਿਚ ਕੀ ਚਿੰਤਾ ਆ ਗਈ? ਪ੍ਰੰਤੂ ਰਾਮ ਨਾਰਾਇਣ ਜੀ ਬੜੇ ਦੂਰ ਦਰਸ਼ੀ ਸਨ ਪੁਤ੍ਰ ਨੂੰ ਸ਼ੁਭ ਸਿਖਿਆ ਦੇਕੇ ਸਪੁਤ੍ਰ ਬਨਾਉਂਣਾ ਚਾਹੁੰਦੇ ਸਨ। ਉਨ੍ਹਾਂ ਨੇ ਘਰ ਆਕੇ ਹੱਥ ਮੂੰਹ ਧੋਕੇ ਭੋਜਨ ਕੀਤਾ । ਜਦ ਰਾਤ ਨੂੰ ਪਾਰਬਤੀ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਮ ਨਾਰਾਇਣ ਸੌਣ ਵਾਲੇ ਕਮਰੇ ਵਿਚ ਗਏ ਤਾਂ ਪਤੀ ਨੂੰ ਕੁਛ ਉਦਾਸ ਵੇਖਕੇ ਪਾਰਬਤੀ ਨੇ ਚਿੰਤਾਦਾ ਕਾਰਨ ਪੁਛਿਆ ਤਾਂ ਰਾਮ ਨਾਰਾਇਣ ਜੀਨੇ ਕਿਹਾ ਦੇਖੋ ਕਿੰਨਾ ਹੀ ਚਿਰ ਹੋ ਗਿਆ ਹੈ ਮੈਂ ਕਦੇ ਪ੍ਰੇਮ ਨਾਰਾਇਣ ਵਲੋਂ ਕੁਛ ਨਹੀਂ ਦੱਸਿਆ, ਮੈਂ ਕੀ ਕਰਾਂ, ਮੈਨੂੰ ਕੁਛ ਵੇਹਲ ਹੀ ਨਹੀਂ ਮਿਲਦਾ। ਅੱਜ ਇਕ ਗੱਲ ਹੋਣ ਕਰਕੇ ਮੈਨੂੰ ਏਹ ਗੱਲ ਚੇਤੇ ਆ ਗਈ ਹੈ। ਅੱਜ ਜਦ ਮੈਂ ਸਕੂਲੋਂ ਆਯਾ ਤਾਂ ਕੀ ਦੇਖਿਆ ਜੋ ਰਾਮ ਨਾਰਾਇਣ ਬਾਹਰ ਖੜੇ ਤੇ ਮੰਗਲਾਂਦੇ ਪਾਸ ਖੇਡ ਰਿਹਾ ਹੈ ਖੇਡ ਵਿਚ ਹੀ ਮੰਗਲਾਂ ਨੇ ਉਸ ਨੂੰ ਮੂੰਹ ਚਿੜਾਯਾ ਅੱਗੋਂ ਪ੍ਰੇਮ ਨਾਰਾਇਣ ਨੇ ਭੀ ਓਸੇਤਰਾਂ ਦੰਦ ਕੱਢੇ ਸਗੋਂ ਬੜੇ ਪ੍ਰੇਮ ਤੇ ਉਤਸ਼ਾਹ ਨਾਲ ਦੂਸਰੀ ਵਾਰੀ ਈਹੋ ਕੰਮ ਕੀਤਾ। ਏਹ ਦੇਖਕੇ ਮੇਰੇ ਮਨ ਵਿਚ ਬੜੀ ਚਿੰਤਾ ਹੋਈ ਤੇ ਸੋਚ ਫੁਰੀ ਕਿ ਇਸ ਨੂੰ ਹੁਣ ਤੋਂ ਹੀ ਸ਼ੁਭ ਸਿਖ੍ਯਾ ਦੇਣੀ ਚਾਹੀਦੀ ਹੈ।

ਪਾਰਬਤੀ ਬੜੀ ਹੈਰਾਨਹੋਕੇ ਬੋਲੀ"ਜੀ ਅਜੇ ਤਾਂ ਡੂਢ ਵਰਹੇ ਦਾ ਬਾਲਹੈ" ਹੁਣੇ ਓਸ ਨੂੰ ਕੀ ਸਿਖਿਆ ਦੇਵੋਗੇ? ਅਰ ਓਹ ਅਜੇ ਕੀ ਸਮਝੇਗਾ ?

ਰਾਮ–ਹੈਰਾਨ ਨ ਹੋਵੋ ! ਇਹੋ ਭਾਰੀ ਚਿੰਤਾ ਦੀ ਗੱਲ ਹੈ। ਦੇਖੋ ਅੱਜ ਓਹ ਦਾਸੀ ਨੂੰ ਮੂੰਹ ਬਨਾਉਂਦਿਆਂ ਵੇਖਕੇ ਕਿੱਡੀ ਛੇਤੀ ਮੂੰਹ ਬਨਾਉਂਣਾ ਸਿਖ ਗਿਆ ਹੈ ਈਸ਼੍ਵਰ ਦੀ ਮਾਯਾ ਹੈ। ਬਾਲ ਜੋ ਕੁਛ ਦੇਖਦੇ ਹਨ ਓਹ ਸਿਖਦੇ ਹਨ ਬੁਰੇ ਭਲੇ ਦੀ ਓਨ੍ਹਾਂ ਨੂੰ ਕੁਛ ਸਮਝ ਨਹੀਂ ਪ੍ਰੰਤੂ ਰੀਸ ਕਰਨੀ ਝੱਟ ਸਿਖ ਲੈਂਦੇ ਹਨ ਸੋ ਜੇ ਹੁਣ ਤੋਂ ਹੀ ਅਸੀਂ ਓਸ ਨੂੰ ਚੰਗੀਆਂ ਗੱਲਾਂ ਦਸਾਂਗੇ ਚੰਗਾ ਸਿਖੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਾ ਜੇ ਬੁਰੇ ਕੰਮ ਦੇਖੂ ਤਾਂ ਬੁਰਿਆਈ ਸਿਖੇਗਾ ।

ਪਾਰਬਤੀ—ਜੀ ਹਾਂ ਹੁਣ ਮੇਰੀ ਸਮਝ ਵਿਚ ਆ ਗਿਆ ਕਿ ਹੁਣ ਤੋਂ ਹੀ ਕਿਉਂ ਓਸ ਨੂੰ ਭਲੀ ਸਿਖਿਆ ਦੇਣੀ ਚਾਹੀਦੀ ਹੈ। ਬੇਬੇ ਜੀ (ਸੱਸ) ਦੀ ਕੋਠੜੀ ਵਿਚ ਜੋ ਧ੍ਰੂਅ ਭਗਤ ਦੀ ਮੂਰਤ ਹੈ ਜਿਸ ਵਿਚ ਧ੍ਰੂਅ ਭਗਤ ਹੱਥ ਜੋੜਕੇ ਪ੍ਰਮਾਤਮਾ ਦੀ ਉਸਤਤ ਕਰ ਰਿਹਾ ਹੈ ਉਸ ਮੂਰਤ ਨੂੰ ਵੇਖਕੇ ਪ੍ਰੇਮ ਨਾਰਾਇਣ ਭੀ ਠੀਕ ਓਸੇ ਤਰਾਂ ਹੱਥ ਜੋੜਕੇ ਬੈਠਦਾ ਹੈ ਏਹ ਦੇਖਕੇ ਮੇਰੇ ਮਨ ਵਿੱਚ ਆਈ ਕਿ ਕੋਈ ਭੈੜੀ ਮੂਰਤ ਘਰਵਿਚ ਨਹੀਂ ਰਖਣੀ ਚਾਹੀਦੀ। ਚੰਗੇ੨ ਭਗਤਾਂ ਤੇ ਧਰਮਾਤਮਾਂ ਪੁਰਸ਼ਾਂਦਿਆਂ ਮੂਰਤਾਂ ਘਰ ਵਿੱਚ ਲਾਉਣੀਆਂ ਚਾਹੀਦੀਆਂ ਹਨ ।

ਰਾਮ—ਠੀਕ ਗੱਲ ਹੈ, ਸਾਡੇ ਦੇਸ਼ ਦੇ ਲੋਕ ਏਸ ਗੱਲ ਨੂੰ ਚੰਗੀ ਤਰਾਂ ਸਮਝਦੇ ਹੋਏ ਭੀ ਬੇਸਮਝ ਬਣੀ ਬੈਠੇ ਹਨ ਅੱਖਾਂ ਹੁੰਦਿਆਂ ਅੰਨ੍ਹੇ ਬਣੇ ਹੋਏ ਹਨ। ਬਾਲ ਬਹੁਤਾ ਸੋਹਣੇ ਰੰਗ ਵਾਲੀ ਮੂਰਤ ਪਸੰਦ ਕਰਦੇ ਹਨ ਓਨ੍ਹਾਂ ਨੂੰ ਸ਼ੁਭ ਉਪਦੇਸ਼ ਦੇਣ ਲਈ ਚੰਗੀਆਂ ਚੰਗੀਆਂ ਮੂਰਤਾਂ ਭੀ ਬੜੀਆਂ ਗੁਣਦਾਇਕ ਹਨ ਜਿਸਤਰਾਂ ਧ੍ਰੂਅ ਪ੍ਰਹਲਾਦਿ ਆਦਿਕਾਂ ਦੀਆਂ ਮੂਰਤਾਂ। ਅੰਗ੍ਰੇਜ ਲੋਕ ਏਸ ਗੱਲ ਨੂੰ ਚੰਗੀ ਤਰਾਂ ਸਮਝਦੇ ਹਨ ਅਰ ਓਹ ਬਾਲਾਂ ਵਾਸਤੇ ਬਹੁਤ ਸੋਹਨੀਆਂ ਤੇ ਉਤਮ ਸਿਖਿਆ ਦਾਇਕ ਮੂਰਤਾਂ ਬਨਾਕੇ ਸਸਤੇ ਮੁੱਲ ਤੇ ਵੇਚਦੇ ਹਨ, ਕਿਸੇ ਮੂਰਤ ਵਿਚ ਭੈਣਾਂ ਦਾ ਪਿਆਰ, ਕਿਸੇ ਵਿਚ ਭੈਣ ਆਪਣੇ ਛੋਟੇ ਭਰਾ ਨੂੰ ਕੁਛੜ ਲਈ ਬੈਠੀ ਹੈ ਅਥਵਾ ਇਕ ਛੋਟਾ ਜੇਹਾ ਬਾਲ ਕਿਸੇ ਦੁਖੀ, ਅੰਨ੍ਹੇ ਦੀ ਸਹਾਇਤਾ ਕਰ ਰਿਹਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਨੂੰ ਰੱਸਤਾ ਦਸ ਰਿਹਾ ਹੈ ਇਸੇ ਤਰਾਂ ਅਨੇਕਾਂ ਸਿ ਖਿਆ ਦਾਇਕ ਮੂਰਤਾਂ ਬਨਾਕੇ ਵੇਚਦੇ ਹਨ।

ਪਾਰਬਤੀ–(ਬੜੇ ਚਾਉ ਨਾਲ) ਮੇਰੇ ਪ੍ਰੇਮ ਨਾਰਾ ਇਨ ਵਾਸਤੇ ਭੀ ਏਹੋ ਜੇਹੀਆਂ ਦੋ ਚਾਰ ਸੋਹਣੀਆਂ੨ ਮੂਰਤਾਂ ਲੈ ਆਉਣੀਆਂ।

ਰਾਮ–ਹਾਂ ਮੈਂ ਤਾਂ ਅੱਗੇ ਹੀ ਇਹ ਸੋਚੀ ਬੈਠਾ ਸਾਂ ਕਿ ਕਲ ਸਕੂਲੋਂ ਆਉਂਦਾ ਵਾਰੀ ਪ੍ਰੇਮ ਨਾਰਾਇਣ ਲਈ ਦੋ ਚਾਰ ਮੂਰਤਾਂ ਲੈ ਆਵਾਂਗੇ ਤੇ ਅੱਜ ਕੱਲ ਮੂਰਤਾਂ ਭੀ ਬੜੀਆਂ ਸੋਹਣੀਆਂ ਬਜਾਰ ਵਿਕਦੀਆਂ ਹਨ।

ਪਾਰਬਤੀ–ਅੱਛਾ ਅੱਜ ਕੁਝ ਹੋਰ ਭੀ ਸੁਣਾਓ ਗੇ ?

ਰਾਮ–ਹਾਂ ਸੁਣਾਉਣ ਵਾਲੀਆਂ ਤਾਂ ਬਹੁਤ ਸਾਰੀ ਆਂ ਗੱਲਾਂ ਹਨ ਪਰ ਵੇਹਲ ਨਾ ਮਿਲਨ ਕਰਕੇ ਨਹੀਂ ਸੁਣਾਉਂਦਾ ਸੀ ਸੋ ਹੁਣ ਦੋ ਚਾਰ ਗੱਲਾਂ ਹੋਰ ਦਸਾਂਗਾ। ਸੁਣੋ।

ਪਾਰਬਤੀ–ਦੱਸੋ

ਰਾਮ–ਪ੍ਰਿਯ! ਹੁਣ ਸਾਨੂੰ ਪ੍ਰੇਮ ਨਾਰਾਇਣ ਦੇ ਸਾਹਮਣੇ ਸਮਝ ਸੋਚਕੇ ਗੱਲਾਂ ਕਰਨੀਆਂ ਚਾਹੀਦੀਆਂ ਹਨ ਤਾਕਿ ਓਹ ਕੋਈ ਬੁਰਿਆਈ ਨਾ ਸਿੱਖੇ। ਬਾਲ ਦੇ ਸਾਹਮਣੇ ਕਿਸੇ ਨੂੰ ਗਾਲ ਨਹੀਂ ਕੱਢਣੀ, ਮਾਰਨਾ ਨਹੀ ਕਿਸੇ ਨੂੰ ਝਿੜਕਣਾ ਨਹੀਂ, ਕਿਸੇ ਦੀ ਬੁਰਿਆਈ ਨਹੀਂ ਕਰਨੀ। ਹਾਸੇ ਠੱਠੇ ਵਿਚ ਭੀ ਕੋਈ ਗੰਦੀ ਤੇ ਅਯੋਗ ਗੱਲ ਮੂੰਹੋਂ ਨਹੀਂ ਕੱਢਣੀ, ਜਿਥੋਂ ਤਕ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕੇ ਚੰਗੀਆਂ ੨ ਗੱਲਾਂ ਉਸਨੂੰ ਸੁਣਾਉਣੀਆਂ ਅਰ ਚੰਗਾ ਹੀ ਕੰਮ ਦੱਸਣਾ ਚਾਹੀਦਾ ਹੈ। ਬਾਲ ਦੇ ਸਰੀਰ ਦੀ ਰੱਛਾ ਵਾਸਤੇ ਜਿਸ ਤਰਾਂ ਦਾ ਯਤਨ ਕਰਨਾ ਚਾਹੀਦਾ ਹੈ ਉਸੇਹੀ ਤਰਾਂ ਉਸਦੇ ਮਨ ਨੂੰ ਬੁਰੇ ਪਾਸੇ ਤੋਂ ਰੋਕਣ ਦਾ ਯਤਨ ਕਰਨਾ ਭੀ ਮਾਤਾ ਪਿਤਾ ਦਾ ਮੁਖ ਧਰਮ ਹੈ। ਛੋਟੇ ਬਾਲ ਦੇ ਮੂੰਹੋਂ ਨਵੀਆਂ ੨ ਗੱਲਾਂ ਸੁਣਨ ਨਾਲ ਸਭ ਦਾ ਮਨ ਪ੍ਰਸੰਨ ਹੁੰਦਾ ਹੈ ਅਰ ਏਸੇ ਆਨੰਦ ਦੇ ਲੋਭ ਵਿਚ ਬਥੇਰੀਆਂ ਮੂਰਖ ਇਸਤ੍ਰੀਆਂ ਬਾਲਾਂ ਨੂੰ ਗਾਲਾਂ ਦੇਣੀਆਂ ਤੇ ਮਾਰਨਾ ਬੜੇ ਲਾਡ ਨਾਲ ਸਿਖਾ ਦੇਂਦੀਆਂ ਹਨ ਤੇ ਲਾਡ ਦੇ ਵੱਸ ਹੋਈਆਂ ਹੋਈਆਂ ਬਾਲ ਨੂੰ ਕੋਈ ਬੁਰਾ ਕੰਮ ਕਰਦਿਆਂ ਵੇਖਕੇ ਜਾਂ ਗਾਲਾਂ ਕੱਢਦਿਆਂ ਵੇਖਕੇ ਭੀ ਚੁਪ ਹੋ ਰਹਿੰਦੀਆਂ ਹਨ ਅਰ ਉਸਨੂੰ ਰੋਕਦੀਆਂ ਨਹੀਂ।

ਪਾਰਬਤੀ—(ਸ਼ੋਕ ਮਈ ਅਵਾਜ਼ ਵਿਚ) ਹਾਇ ! ਵਿੱਦਯਾ ਨਾ ਸਿੱਖਣ ਕਰਕੇ ਅਰ ਨਾ ਹੀ ਸਤਿਸੰਗ ਦੀ ਪ੍ਰਾਪਤੀ ਹੋਣ ਕਰਕੇ ਸਾਡੇ ਦੇਸ਼ ਦੀਆਂ ਤ੍ਰੀਮਤਾਂ ਆਪਣੀ ਪਿਆਰੀ ਸੰਤਾਨ ਨੂੰ ਭੈੜੀਆਂ ਵਾਦੀਆਂ ਪਾਕੇ ਉਨਾਂ ਨੂੰ ਪਾਪ ਦੇ ਰਸਤੇ ਪਾ ਦੇਂਦੀਆਂ ਹਨ, ਮੈਂ ਅੱਜ ਤੋਂ ਹੀ ਬੜੀ ਸੁਚੇਤ ਹੋਕੇ ਆਪਣੇ ਪ੍ਰੇਮ ਨਾਰਾਇਣ ਨੂੰ ਭਲੀ ਮੱਤ ਦੇਵਾਂਗੀ। ਮੇਰੀ ਸਮਝ ਵਿਚ ਤਾਂ ਘਰ ਦੇ ਸਾਰੇ ਦਾਸ ਦਾਸੀਆਂ ਤੇ ਸੰਬੰਧੀਆਂ ਨੂੰ ਹੁਣੇ ਹੀ ਇਹ ਗੱਲ ਸਮਝਾ ਦੇਣੀ ਚਾਹੀਦੀ ਹੈ ਕਿ ਬਾਲ ਦੇ ਸਾਹਮਣੇ ਕੋਈ ਬੁਰਾ ਕੰਮ ਨਾ ਕਰਨ ਤੇ ਨਾ ਕੋਈ ਭੈੜੀ ਗੱਲ ਹੀ ਆਖਣ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਮ–ਇਸ ਵਿਚ ਕੀ ਸੰਦੇਹ ਹੈ ?

ਪਾਰਬਤੀ–(ਹਥ ਜੋੜਕੇ) ਸ੍ਵਾਮੀ ਜੀ! ਆਪਨੂੰਭੀ ਜਦ ਵੇਹਲ ਮਿਲੇ ਮੈਨੂੰ ਏਹੋ ਜੇਹਾ ਸ਼ੁਭ ਉਪਦੇਸ਼ ਦੇਂਦੇ ਰਿਹਾ ਕਰੋ, ਆਪਦੇ ਉਪਦੇਸ਼ ਨਾਲ ਮੇਰੀਆਂ ਅੱਖਾਂ ਖੁਲ੍ਹ ਗਈਆਂ ਹਨ, ਮੇਰੇ ਧੰਨ ਭਾਗ ਹਨ ਕਿ ਆਪ ਜੇਹੇ ਗੁਣੀ ਮਹਾਤਮਾ ਦੀ ਦਾਸੀ ਬਣੀ ਹਾਂ। ਇਸ ਦੇਸ਼ ਦੇ ਸਾਰੇ ਪੁਰਸ਼ ਜੇ ਆਪਣੀਆਂ ੨ ਇਸਤ੍ਰੀਆਂ ਨੂੰ ਅਜਿਹੇ ਉਪਦੇਸ਼ ਦੇਣ ਤਾਂ ਉਨਾਂ ਵਿਚਾਰੀਆਂ ਦੀਆਂ ਭੀ ਅੱਖਾਂ ਖੁਲ੍ਹ ਜਾਣ ਤੇ ਬਿਪਤਾ ਤੋਂ ਬਚਣ।

ਰਾਮ–ਹਾਂ ਮੈਂ ਤਾਂ ਇਹ ਆਪਣਾ ਮੁਖ ਧਰਮ ਸਮਝਦਾ ਹਾਂ ਕਿ ਅਸੀ ਦੋਵੇਂ ਰਲਕੇ ਆਪਣੇ ਪੁਤ੍ਰ ਨੂੰ ਭਲੇ ਪਾਸੇ ਲਾਈਏ। ਦੇਖੋ ਸਭਨਾਂ ਬਾਲਾਂ ਦਾ ਸੁਭਾਵ ਇਕੋ ਜਿਹਾ ਨਹੀਂ ਹੁੰਦਾ ਏਸ ਲਈ ਉਨਾਂ ਦਾ ਸੁਭਾਵ ਚੰਗੀ ਤਰਾਂ ਦੇਖਕੇ ਉਨਾਂ ਨੂੰ ਸਿੱਖਯਾ ਦੇਣੀ ਚਾਹੀਏ। ਅਜੇਤਾਂ ਤੁਸੀਹੀ ਉਸਨੂੰ ਚੰਗੀ ਸਿਖਯਾ ਦੇਣ ਵਾਲੀ ਹੋ। ਮਹਾਰਾਣੀ ਮੰਦਾਲਸਾ ਦੁਧ ਪਿਆਉਂਦਿਆਂ ੨ ਆਪਣੇ ਬੱਚਯਾਂ ਨੂੰ ਲੋਰੀਆਂ ਵਿਚ ਹੀ ਸੰਸਾਰ ਦੀ ਅਨਿੱਤਤਾ ਤੇ ਧਰਮ ਪਾਲਣ ਦਾ ਉਪਦੇਸ਼ ਦੇਂਦੀ ਹੁੰਦੀ ਸੀ ਕਿ ਉਸਦੀ ਸੰਤਾਨ ਜਵਾਨ ਹੋਣ ਤੋਂ ਪਹਿਲਾਂ ਹੀ ਰਾਜ ਦੇ ਸੁਖ ਤਿਆਗ ਕੇ ਬਨਾਂ ਨੂੰ ਚਲੀ ਜਾਂਦੀ ਸੀ। ਦੇਖੋ! ਕਸ਼ਯਪ ਰਿਖੀ ਨੇ ਭੀ ਆਪਣੀ ਮਾਤਾ ਤੋਂ ਹੀ ਧਰਮ ਨਯਾਇ, ਦਰਸ਼ਨ ਸ਼ਾਸਤ੍ਰ ਸਿੱਖਯਾ ਸੀ। ਏਹੋ ਜੇਹੇ ਹੋਰ ਅਨੇਕਾਂ ਪ੍ਰਮਾਣ ਸਾਡੇ ਦੇਸ਼ ਵਿਚ ਮਿਲਦੇ ਹਨ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਵਾਂ ਅੱਧਯਾਇ

ਪਾਰਬਤੀ ਦਾ ਉਤਸ਼ਾਹ ਦੇਖਕੇ ਉਸਦੇ ਪਤੀ ਨੂੰ ਬਹੁਤ ਪ੍ਰਸੰਨਤਾ ਹੋਈ। ਆਪਣੀ ਅਰਧੰਗੀ ਨੂੰ ਸੁਮਾਤਾ ਅਤੇ ਆਪਣੇ ਪਿਆਰੇ ਪੁਤ੍ਰ ਨੂੰ ਗਯਾਨ ਧਰਮ ਵਿਚ ਨਿਪੁਨ ਕਰਨ ਲਈ ਰਾਮ ਨਾਰਾਇਣ ਜੀ ਸਿਰੋਂ ਪਰੇ ਯਤਨ ਕਰਨ ਲੱਗ ਪਏ। ਧਰਮਾਤਮਾ ਇਸਤ੍ਰੀਆਂ ਦੇ ਜੀਵਨ ਚਰਿੱਤ੍ਰ ਤੇ ਬਾਲ ਸਿੱਖਯਾ ਸੰਬੰਧੀ ਪੁਸਤਕਾਂ ਮੰਗਵਾ ਕੇ ਇਸਤ੍ਰੀ ਨੂੰ ਦੇਂਦੇ ਅਰ ਆਪ ਭੀ ਰਾਤ ਵੇਲ਼ੇ ਹੋਰਨਾਂ ਦੇਸਾਂ ਦੀਆਂ ਇਸਤ੍ਰੀਆਂ ਦੇ ਜੀਵਨ ਚਰਿੱਤ੍ਰ ਪੜ੍ਹਕੇ ਸੁਣਾਉਂਦੇ ਚੰਗੇ ੨ ਦ੍ਰਿਸ਼ਟਾਂਤ ਪੜ੍ਹਕੇ ਸੁਣਾਉ-ਦੇ। ਇਕ ਦਿਨ ਫਰਾਂਸ ਦੇ ਬੀਰ ਮਹਾਰਾਜਾ ਨਿਪੋਲੀਅਨ ਦੀ ਮਾਤਾ ਮਹਾਰਾਣੀ ਵਿਕਟੋਰੀਆ, ਤੇ ਮਹਾ-ਰਾਣੀ ਵਿਕਟੋਰੀਆ ਆਦਿਕ ਦੇ ਬਾਲ ਪਾਲਣ ਦਾ ਵਿਰਤਾਂਤ ਪਾਰਬਤੀ ਨੂੰ ਸੁਣਾਯਾ ਜਿਸਨੂੰ ਸੁਣਕੇ ਪਾਰਬਤੀ ਬਹੁਤ ਪ੍ਰਸੰਨ ਹੋਈ ਉਸਨੇ ਆਨੰਦ ਹੋਕੇ ਪਤੀ ਤੋਂ ਪੁਛਯਾ:-

ਕੀ ਏਡੀਆਂ੨ ਵੱਡੀਆਂ ਮਹਾਰਾਣੀਆਂ ਭੀ ਆਪਣੇ ਬਾਲ ਬੱਚੇ ਨੂੰ ਆਪ ਪਾਲਦੀਆਂ ਤੇ ਆਪ ਸਿੱਖਯਾ ਦੇਂਦੀਆਂ ਸਨ?

ਰਾਮ–ਮਹਾਰਾਣੀ ਵਿਕਟੋਰੀਆ ਨੇ ਉਨਾਂ ਦੀ ਸਿਖਯਾ ਵਿਚ ਏਨਾਂ ਯਤਨ ਕੀਤਾ ਸੀ ਕਿ ਜਿਸ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਭਾਵ ਨੇ ਉਨਾਂ ਦੇ ਸਾਰੇ ਜੀਵਨ ਵਿਚ ਪਸਰ ਕੇ ਉਨ੍ਹਾਂਨੂੰ ਸੰਸਾਰ ਵਿਚ ਅਦਰਸ਼ ਇਸਤ੍ਰੀ ਬਨਾਯਾ। ਓਹ ਆਪਨੇ ਮਹਾਂ ਉੱਚੇ ਪਦ ਤੇ ਪ੍ਰਤਿਸ਼ਟਤ ਹੋਕੇ ਭੀ ਮਾਨ ਰਹਿਤ ਹਿਰਦੇ ਨਾਲ ਆਪਨੀ ਸੰਤਾਨ ਦੀ ਸਿੱਖ੍ਯਾ ਦਾ ਆਪ ਪ੍ਰਬੰਧ ਕਰਦੀ ਸੀ। ਓਨਾਂ ਦੇ ਜੀਵਨ ਚਰਿੱਤ੍ਰ ਵਿਚ ਲਿਖ੍ਯਾ ਹੈ ਕਿ ਓਹ ਆਪਨੇ ਬੱਚਯਾਂਨੂੰ ਆਪਨੀ ਗੋਦ ਵਿਚ ਬੈਠਾਕੇ ਸ੍ਰਿਸ਼ਟ ਕਰਤਾ ਈਸ਼੍ਵਰ ਦਾ ਧੰਨਵਾਦ ਕਰਨਾ ਅਤੇ ਉਸਦੇ ਅੱਗੇ ਪ੍ਰਾਰਥਨਾ ਕਰਨਾ ਸਿਖਾਉਂਦੀ ਸੀ। ਕੰਨਯਾਂਨੂੰ ਘਰਦੀ ਸਿਖ੍ਯਾ, ਚਿਤ੍ਰਕਾਰੀ, ਸ਼ਿਲਪ ਵਿਦ੍ਯਾ ਆਦਿਕਦਾ ਕੰਮ ਸਿਖਾਉਨ ਦਾ ਪ੍ਰਬੰਧ ਕੀਤਾ ਸੀ ਜਿਸ ਨਾਲ ਉਨਾਂ ਦੇ ਮਨ ਵਿਚ ਰਾਜ ਮਦ ਦਾ ਅਭਿਮਾਨ ਨਾ ਹੋਵੇ। ਜਿਹਾ ਕਿ ਸਾਡੇ ਦੇਸ਼ ਦੇ ਬਹੁਤ ਸਾਰੇ ਅਮੀਰਾਂ ਦੇ ਪੁਤ੍ਰਾਂ ਧੀਆਂ ਨੂੰ ਹੁੰਦਾ ਹੈ ਕਿ ਓਹ ਛੋਟੇ ਤੋਂ ਛੋਟਾ ਕੰਮ ਭੀ ਆਪਨੇ ਹਥੀਂ ਕਰਨ ਵਿਚ ਲੱਜਾ ਸਮਝਦੇ ਹਨ।

ਇਸ ਸੰਸਾਰ ਵਿਚ ਜਿੰਨੇ ਮਹਾਤਮਾ ਧਰਮਾਤਮਾ ਤੇ ਗਿਆਨੀ ਆਦਿਕਾਂ ਨੇ ਜਨਮ ਲਿਆ ਹੈ ਓਨਾਂ ਵਿਚੋਂ ਬਹੁਤਿਆਂ ਦੀਆਂ ਮਾਤਾਂ ਬੜੀਆਂ ਧਰਮਾਤਮਾਂ, ਗੁਣਵੰਤੀਆਂ ਤੇ ਸ਼ੁਭ ਕਰਮਾਂ ਵਾਲੀਆਂ ਸਨ ਜੇਹਾਕਿ ਫਰਾਂਸੀ ਬਾਦਸ਼ਾਹ ਨੇਪੋਲੀਅਨ ਨੇ ਕਿਹਾ ਸੀ "ਸੁਘੜ ਮਾਤਾ ਹੀ ਮਨੁੱਖਾਂ ਨੂੰ ਅਕਲਮੰਦ ਬਨਾਉਨ ਦੀ ਜੜ ਹੈ" ਪਾਰਕਰ ਗਾਰ ਫਿਲਡ, ਜਾਰਜ ਓ ਆਸਟਨ, ਰਾਮ ਚੰਦ੍ਰ, ਯੁਧਿਸ਼ਟਰ, ਈਸ਼੍ਵਰ ਚੰਦ੍ਰ, ਵਿਦ੍ਯਾ ਸਾਗਰ ਆਦਿਕ ਨੇ ਆਪਣੀਆਂ ੨ ਮਾਵਾਂ ਦੇ ਜੀਵਨ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਰਸ਼ ਤੇ ਯਤਨ ਨਾਲ ਹੀ ਸੰਸਾਰ ਵਿਚ ਮਹਾਂ ਨਾਮ ਪਾਯਾ ਹੈ। ਕੁੰਤੀ, ਕੌਸ਼ਲਯਾ, ਸੁਮਿੱਤ੍ਰਾ ਆਦਿਕਾਂ ਦੀ ਲੋਕ ਉਨਾਂ ਦੇ ਸਪੁੱਤ੍ਰਾਂ ਕਰਕੇ ਹੀ ਭਗਤੀ ਕਰਦੇ ਹਨ ਕਿ ਕੇਹੇ ਧਰਮਾਤਮਾ, ਗਯਾਨੀ, ਸਤਯਵਾਨ ਤੇ ਸੂਰਬੀਰ ਪੁੱਤ੍ਰ ਉਨਾਂ ਦੇ ਗਰਭ ਵਿਚੋਂ ਉੱਤਪੰਨ ਹੋਏ ਸਨ।

ਪਾਰਬਤੀ--ਆਹਾ! ਧੰਨ ਹਨ ਮਹਾਰਾਣੀ ਕੌਸ਼-ਲਯਾ ਕੁੰਤੀ ਆਦਿਕ, ਅੱਜ ਕੱਲ ਦੀਆਂ ਮਾਵਾਂ ਤਾਂ ਸੰਤਾਨ ਨੂੰ ਲੋਭੀ, ਲਾਲਚੀ, ਸੁਾਰਥੀ ਬਨਾ ਦੇਂਦੀਆਂ ਹਨ। ਹੱਛਾ ਜੀ! ਗੰਧਾਰੀ ਦੇਵੀ ਤਾਂ ਬੜੀ ਸਤੀ ਤੇ ਧਰਮਾਤਮਾ ਸੀ ਪ੍ਰੰਤੂ ਓਸਦੇ ਪੁਤ੍ਰ ਕਿਉਂ ਅਜੇਹੇ ਦੁਰਾ ਚਾਰੀ ਹੋਏ?

ਰਾਮ—ਕੇਵਲ ਮਾਤਾ ਦੇ ਹੀ ਗੁਣ, ਦੋਸ਼ ਸੰਤਾਨ ਨਹੀ ਸਿੱਖਦੀ ਸਗੋਂ ਜੇਹੀ ਓਸਦੇ ਆਸ ਪਾਸ ਸੰਗਤ ਰਹੇਗੀ ਉਸਦਾ ਭੀ ਉਸ ਤੇ ਪ੍ਰਭਾਵ ਪਵੇਗਾ ਗੰਧਾਰੀ ਤਾਂ ਬੜੀ ਸੁਸ਼ੀਲਾ ਤੇ ਨਯਾਇ ਵਾਲੀ ਸੀ ਪ੍ਰੰਤੂ ਧ੍ਰਿਤਰਾ ਸ਼ਟਰ ਤਾਂ ਏਹੇ ਜੇਹੇ ਨਹੀਂ ਸਨ। ਗੰਧਾਰੀ ਪੁਤ੍ਰਾਂ ਦੇ ਕੁਕਰਮਾਂ ਨੂੰ ਦੇਖਕੇ ਉਨਾਂ ਨੂੰ ਧ੍ਰਿਕਾਰਦੀ ਸੀ, ਉਪਦੇ ਸ਼ ਨਾਲ ਸਮਝਾਉਂਦੀ ਸੀ ਅਰ ਆਪਣੇ ਪਤੀ ਧ੍ਰਿਤ-ਰਾਸ਼ਟਰ ਨੂੰ ਕਹਿੰਦੀ ਸੀ ਕਿ ਪੁਤ੍ਰ ਨੂੰ ਰਾਜ ਦੇਵੋ ਤੇ ਕਪੁੱਤ੍ਰ ਦਾ ਤਿਆਗ ਕਰੋ ਪ੍ਰੰਤੂ ਧ੍ਰਿਤਰਾਸ਼ਟਰ ਸੁਾਰਥ ਤੇ ਮੋਹ ਜਾਲਵਿਚ ਫਸਿਆ ਹੋਇਆ ਸੀ ਓਹ ਜਾਣ ਬੁਝਕੇ ਭੀ ਪੁਤ੍ਰ ਨੂੰ ਕੁਕਰਮੋ ਨਹੀਂ ਰੋਕਦਾ ਸੀ ਅਰ ਸਦਾ ਕੁਸੰਗੀਆਂ ਦੇ ਨਾਲ ਰਹਿਣ ਕਰਕੇ ਦੁਰਯੋਧਨ ਭੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਓਹੋ ਜੇਹਾ ਬਣ ਗਿਆ। ਜੇ ਧ੍ਰਿਤਰਾਸ਼ਟਰ ਗੰਧਾਰੀ ਦੇ ਕਹੇ ਅਨੁਸਾਰ ਚਲਦੇ ਤਾਂ ਓਨਾਂ ਨੂੰ ਪੁੱਤ੍ਰ ਦਾ ਸ਼ੋਕ ਭੀ ਨਾ ਦੇਖਣਾ। ਪੈਂਦਾ ਬਾਲਕਾਂ ਨੂੰ ਸਿੱਖਯਾ ਦੇਣ ਵਿਚ ਜੇ ਮਾਤਾ ਪਿਤਾ ਇਕ ਮਨ ਹੋਕੇ ਸਿੱਖਯਾ ਦੇਣ ਤਾਂ ਜ਼ਰੂਰ ਸੁਖਦਾਈ ਹੋਵੇਗਾ ਤੇ ਜੇ ਮਾਤਾ ਜੋ ਕਹੇ ਪਿਤਾ ਓਸਦੇ ਵਿਰੁੱਧ ਕਹੇ,ਜਾਂ ਪਿਤਾ ਜੋ ਕਹੇ,ਮਾਤਾ ਓਹ ਨਾ ਮੰਨੇ, ਜਿਸ ਤਰਾਂ ਬਹੁਤ ਮੂਰਖ ਇਸਤ੍ਰੀਆਂ ਕਰਦੀਆਂ ਹਨ ਤਾਂ ਜ਼ਰੂਰ ਵਿਗਾੜ ਹੋਵੇਗਾ। ਜੇ ਪੁੱਤ੍ਰ ਕੋਈ ਅਨਜਾਇ, ਕੁਕਰਮ ਕਰੇ ਪਿਤਾ ਉਸਦੇ ਵਾਸਤੇ ਉਸਨੂੰ ਧ੍ਰਿਕਾਰੇ ਜਾਂ ਦੰਡ ਦੇਵੇ ਤਾਂ ਮਾਤਾਨੂੰ ਕਦੇ ਨਹੀਂ ਰੋਕਣਾ ਚਾਹੀਦਾ। ਬਹੁਤੇ ਲਾਡ ਪਿਆਰ ਨਾਲ ਭੀ ਬਾਲ ਵਿਗੜ ਜਾਂਦੇ ਹਨ। ਛੋਟੇ ਬਾਲਕਾਂ ਨੂੰ ਏਨੀ ਸਮਝ ਨਹੀਂ ਹੁੰਦੀ ਕਿ ਓਹ ਭਲੇ ਬੁਰੇ ਦੀ ਪਛਾਣ ਕਰ ਸੱਕਣ ਇਸ ਲਈ ਜੇ ਕਦੇ ਬਾਲਕ ਝੂਠ ਬੋਲੇ ਜਾਂ ਕਿਸੇ ਨੂੰ ਗਾਲ ਕੱਢੇ ਤਾਂ ਓਜ ਨੂੰ ਓਸੇ ਵੇਲੇ ਰੋਕਣਾ ਸਮਝਾਉਣਾ ਨਹੀਂ ਤਾਂ ਦੰਡ ਦੇਣਾ ਚਾਹੀਦਾ ਹੈ।

ਪਾਰਬਤੀ—ਹਾਂ ਜੀ ਅਜਿਹੀਆਂ ਇਸਤ੍ਰੀਆਂ ਤਾਂ ਮੈਂ ਬਹੁਤ ਦੇਖੀਆਂ ਹਨ, ਮੇਰੀ ਆਪਣੀ ਭਰਜਾਈ ਸ਼ਾਮ ਲਾਲ ਨੂੰ ਏਸੇ ਤਰਾਂ ਲਾਡ ਲਡਾਕੇ ਵਿਗਾੜ ਰਹੀ ਹੈ, ਹੁਣ ਓਹ ਕਿਸੇ ਦੀ ਗੱਲ ਨਹੀਂ ਮੰਨਦਾ। ਜੇ ਕੋਈ ਭੈੜੀ ਗੱਲ ਕਰਦਾ ਹੈ ਤਾਂ ਮੇਰਾ ਭਰਾ ਓਸਨੂੰ ਰੋਕਦੇ ਝਿੜਕਦੇ ਹਨ ਤਾਂ ਮੇਰੀ ਭਰਜਾਈ ਓਨਾਂ ਨਾਲ ਲੜਨ ਲਗ ਪੈਂਦੀ ਹੈ ਅਰ ਸ਼ਾਮਲਾਲ ਨੂੰ ਓਸੇ ਵੇਲੇ ਖੋਹਕੇ ਲੈਜਾਕੇ ਓਸਨੂੰ ਮਿਠਿਆਈ ਪੈਸੇ ਆਦਿਕ ਦੇਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਜਾਰ ਖੇਡਣ ਭੇਜ ਦੇਂਦੀ ਹੈ, ਬਸ ਏਸੇ ਕਰਕੇ ਹੁਣ ਓਹ ਆਪਣੇ ਪਿਤਾ ਨੂੰ ਭੀ ਕੁਛ ਨਹੀਂ ਸਮਝਦਾ । ਜੇ ਕਦੇ ਓਹ ਕੋਈ ਚੀਜ਼ ਮੰਗੇ ਅਰ ਉਸਨੂੰ ਨਾ ਦਿੱਤੀ ਜਾਵੇ ਤਾਂ ਓਹ ਰੋ ਰੋ ਕੇ ਸਾਰਾ ਘਰ ਸਿਰ ਤੇ ਚੁੱਕ ਲੈਂਦਾ ਹੈ। ਬੜਾ ਹੀ ਢੀਠ ਤੇ ਜ਼ਿੱਦੀ ਹੋ ਗਿਆ ਹੈ ਕਿਸੇ ਦੀ ਗੱਲ ਨਹੀਂ ਮੰਨਦਾ ਆਪਣੀ ਛੋਟੀ ਭੈਣ ਸ਼ਾਮੋਂ ਨੂੰ ਬੜਾ ਮਾਰਦਾ ਹੈ ਓਸਦੀ ਮਾਂ ਉਸਨੂੰ ਨਹੀਂ ਹਟਕਦੀ ਤੇ ਜੇ ਕੋਈ ਹੋਰ ਉਸਨੂੰ ਕੁਝ ਕਹੇ ਤਾਂ ਓਸਦੀ ਵੈਰਨ ਬਣ ਜਾਂਦੀ ਹੈ।

ਰਾਮ–(ਸੋਕਾਂਤ੍ਰ ਹੋਕੇ) ਹਾ ! ਹਾ !! ਮਾਵਾਂ ਦੀ ਮੂਰਖਤਾ ਕਰਕੇ ਅਨੇਕਾਂ ਸੁੰਦਰ ਬਾਲਾਂ ਦਾ ਸਾਰਾ ਜੀ-ਵਣ ਏਸੇ ਤਰਾਂ ਵਿਗੜ ਜਾਂਦਾ ਹੈ ਅਰ ਫੇਰ ਓਸੇ ਵਾਸਤੇ ਮਾਤਾ ਪਿਤਾ ਨੂੰ ਦੁਖ ਭੋਗਣਾ ਪੈਂਦਾ ਹੈ।

ਬਾਲ ਅਵਸਥਾ ਵਿਚ ਬੱਚਿਆਂ ਦਾ ਮਨ ਬੜਾ ਕੋਮਲ ਹੁੰਦਾ ਹੈ ਜਿਸ ਪਾਸੇ ਝੁਕਾਓ ਓਸੇ ਪਾਸੇ ਝੁਕ ਜਾਵੇਗਾ। ਛੋਟੇ ਬੂਟੇ ਨੂੰ ਜਿਸ ਪਾਸੇ ਮੋੜੋ ਮੁੜ ਜਾਂਦਾ ਹੈ ਇਸ ਲਈ ਬੜੀ ਧੀਰਜ ਤੇ ਹੋਸ਼ਿਆਰੀ ਨਾਲ ਬਾਲਾਂ ਨੂੰ ਸਿਖਯਾ ਦੇਣੀ ਚਾਹੀਦੀ ਹੈ ਅਤੇ ਏਸੇ ਹੀ ਵਾਸਤੇ ਸਿਆਣੇ ਪੁਰਸ਼ ਕਹਿੰਦੇ ਹਨ ਕਿ ਬਾਲਕ ਦੇ ਜਨਮ ਤੋਂ ਪਹਿਲਾਂ ਮਾਤਾ ਪਿਤਾ ਦਾ ਸ਼ੁਭ ਆਚਾਰ ਹੋਣਾ ਚਾਹੀਦਾ ਹੈ, ਜਿਸ ਤਰਾਂ ਬਹੁਤ ਸਾਰੇ ਰੋਗ ਵੰਸ ਦਰ ਵੰਸ ਚਲੇ ਆਉਂਦੇ ਹਨ ਠੀਕ ਓਸੇ ਤਰਾਂ ਮਾਨਸ ਚਰਿੱਤ੍ਰ ਦਾ ਪ੍ਰਭਾਵ ਹੁੰਦਾ ਹੈ। ਲੋਭੀ, ਕ੍ਰੋਧੀ, ਝੂਠੇ ਆ ਦਮੀਆਂ ਦੀ ਸੰਤਾਨ ਨੂੰ ਸੁਧਾਰਨਾ ਬਹੁਤ ਕਠਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦਾ ਹੈ। ਬਾਲ ਦੇ ਸੁਭਾਵ ਨੂੰ ਸੁਧਾਰਨ ਤੋਂ ਪਹਿਲਾਂ ਆ ਪਣੀਆਂ ਭੈੜੀਆਂ ਵਾਦੀਆਂ ਨੂੰ ਸੁਧਾਰਨਾ ਚਾਹੀਦਾ ਹੈ ।

ਬਾਲਾਂ ਨੂੰ ਸਦਾ ਖਰਚਣ ਲਈ ਪੈਸੇ ਦੇਣ ਨਾਲ ਉਨਾਂ ਦਾ ਲੋਭ ਵਧ ਜਾਂਦਾ ਹੈ, ਜਦ ਪੈਸੇ ਨਾ ਮਿਲਣਗੇ ਤਾਂ ਓਹ ਲੋਭ ਵਸ ਹੋਕੇ ਚੋਰੀ ਕਰਨਾ ਸਿੱਖਣਗੇ ਅਰ ਝੂਠ ਬੋਲਣਗੇ। ਇਕ ਪਾਪ ਵਧਕੇ ਹੋਰ ਭੀ ਓਨਾਂ ਦੇ ਸੁਭਾਵ ਨੂੰ ਨਸ਼ਟ ਕਰੇਗਾ। ਫੇਰ ਜਦ ਓਹ ਬਾਲਕ ਜਵਾਨ ਹੋਵੇਗਾ ਤਾਂ ਆਪ ਹੀ ਸੋਚ ਲਵੋ ਜੋ ਉਸਦਾ ਪ੍ਰਣਾਮ ਕੀ ਹੋਵੇਗਾ ॥

ਪਾਰਬਤੀ-(ਹਾਉਕਾ ਭਰਕੇ) ਹਾਇ ! ਜਾਣ ਬੁੱਝਕੇ ਮੂਰਖ ਇਸਤ੍ਰੀਆਂ ਆਪਣੇ ਪ੍ਰਾਣਾਂ ਤੋਂ ਵਧੀਕ ਪਿਆਰੇ ਪੁਤ੍ਰਾਂ ਦਾ ਜੀਵਨ ਨਸ਼ਟ ਕਰ ਰਹੀਆਂ ਹਨ ।

ਮਾਤਾ ਬਣਨਾ ਬੜੀ ਔਖੀ ਗੱਲ ਹੈ, ਮੈਂ ਤਾਂ ਸਦਾ ਪ੍ਰੇਮ ਨਾਰਾਇਣ ਨੂੰ ਆਪਦੀ ਆਗਜਾ ਅਨੁਸਾਰ ਸਿੱਖਯਾ ਦੇਵਾਂਗੀ । ਜਿਸ ਪ੍ਰਵਾਰ ਵਿਚ ਮਾਤਾ ਪਿਤਾ ਰਲਕੇ ਧੀ ਪੁੱਤ੍ਰ ਨੂੰ ਸਿੱਖਯਾ ਦੇਂਦੇ ਹਨ, ਉਨਾਂ ਦੀ ਸੰਤਾਨ ਗਯਾਨੀ ਧਰਮਾਤਮਾ ਤੇ ਸਚਿੱਤ੍ਰ ਹੋਕੇ ਮਾਤਾ ਪਿਤਾ ਨੂੰ ਸੁਖ ਦੇਂਦੀ ਹੈ! ਸ੍ਵਾਮੀ ਜੀ ! ਬਹੁਤੀਆਂ ਇਸਤ੍ਰੀਆਂ ਪੁੱਤ੍ਰ ਤੇ ਧੀ ਵਿਚ ਭੇਦ ਸਮਝਦੀਆਂ ਹਨ । ਪੁਤ੍ਰਾਂ ਨੂੰ ਬਹੁਤ ਪਿਆਰ ਕਰਦੀਆਂ ਹਨ ਤੇ ਵਿਚਾਰੀਆਂ ਧੀਆਂ ਨੂੰ ਓਨਾ ਪਿਆਰ ਨਹੀਂ ਕਰਦੀਆਂ, ਜੇ ਭਰਾ ਭੈਣ ਨੂੰ ਮਾਰੇ, ਗਾਲਾਂ ਕੱਢੇ ਤਾਂ ਮਾਂ ਮੁੰਡੇ ਨੂੰ ਕੁਝ ਨਹੀਂ ਕਹਿੰਦੀ ਸਗੋਂ ਵਿਚਾਰੀ ਕੁੜੀ ਨੂੰ ਉਲਟਾ ਝਿੜ ਕਦੀ ਝੰਬਦੀ ਹੈ ਇਹ ਕੇਡਾ ਅਨਯਾਇ ਹੈ! ਪੁਤਰ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੀ ਦੋਵੇਂ ਇਕੋ ਮਾਤਾ ਦੇ ਗਰਭ ਵਿਚੋਂ ਉੱਤਪੰਨ ਹੁੰਦੇ ਹਨ ਫੇਰ ਇਹ ਭੇਦ ਕਿਉਂ ? ਮੈਂ ਜਦ ਆਪਣੇ ਪੇਕੇ ਗਈ ਸਾਂ ਤਾਂ ਇਕ ਦਿਨ ਮੇਰੀ ਮਾਤਾ ਨੇ ਕਿਸੇ ਕੰਮ ਲਈ ਮੈਨੂੰ ਆਪਣੇ ਗਵਾਂਢੀ ਮੇਲਾ ਰਾਮ ਦੇ ਘਰ ਭੇਜਿਆ, ਉਥੇਜਾਕੇ ਜੋ ਕੁਝ ਮੈਂ ਦੇਖਿਆ ਓਹ ਅੱਜ ਤਕ ਮੈਨੂੰ ਨਹੀਂ ਭੁੱਲਾ। ਮੇਲਾ ਰਾਮ ਦੇ ਤਿੰਨ ਪੁੱਤ੍ਰ ਤੇ ਦੋ ਧੀਆਂ ਸਨ। ਪੁੱਤ੍ਰਾਂ ਨੂੰ ਮਾਂ ਨੇ ਅਜਿਹਾ ਸਿਰ ਚੜ੍ਹਾ ਛਡਿਆ ਸੀ ਕਿ ਜੋ ਉਨਾਂ ਦੀ ਇੱਛਾ ਸੋ ਕਰਦੇ। ਓਹ ਮੁੰਡੇ ਓਸ ਵੇਲੇ ਮਿਠਿਆਈ ਲਿਆਕੇ ਖਾ ਰਹੇ ਸਨ ਏਨੇ ਨੂੰ ਛੋਟੀ ਕੁੜੀ ਭੀ ਓਥੇ ਆ ਗਈ ਓਸਨੇ ਆਕੇ ਥੋੜੀ ਜੇਹੀ ਮਿਠਿਆਈ ਮੰਗੀ, ਮੁੰਡਿਆਂ ਨੇ ਨਾ ਦਿੱਤੀ, ਓਹ ਰੋਣ ਲੱਗ ਪਈ, ਵੱਡੇ ਦੋਹਾਂ ਭਰਾਵਾਂ ਨੇ ਰੋਂਦੀ ਹੋਈ ਭੈਣ ਨੂੰ ਦੋ ਚਾਰ ਚਪੇੜਾਂ ਕੱਢ ਮਾਰੀਆਂ ਜਿਸ ਨਾਲ ਓਹ ਹੋਰ ਭੀ ਉੱਚੀ ੨ ਰੋਣ ਲਗ ਪਈ ਓਸਦੇ ਰੋਣ ਦੀ ਅਵਾਜ਼ ਸੁਣਕੇ ਉਸਦੀ ਮਾਤਾ ਭੀ ਆ ਪਹੁੰਚੀ ਅਰ ਆਉਂਦਿਆਂ ਹੀ ਦੋ ਤਿੰਨ ਚੁਪੇੜਾਂ ਮਾਰ, ਗਾਲਾਂ ਦੇ ਕੁੜੀ ਨੂੰ ਘਰੋਂ ਬਾਹਰ ਕੱਢ ਦਿੱਤਾ। ਓਸ ਕੰਨਿਆਂ ਵਿਚਾਰੀ ਨੇ ਜਦ ਦੇਖਿਆ ਕਿ ਮਾਤਾ ਨੇ ਭੀ ਅਨਿਆਇ ਹੀ ਕੀਤਾ ਹੈ ਤਾਂ ਓਹ ਹਾਰਕੇ ਆਪੇ ਚੁਪ ਹੋ ਗਈ। ਓਸਦਾ ਦੁਖ ਦੇਖਕੇ ਮੇਰਾ ਮਨ ਭਰ ਆਇਆ ਮੈਂ ਕੁੜੀ ਨੂੰ ਸੱਦਕੇ ਪਿਆਰ ਨਾਲ ਆਪਣੇ ਕੁਛੜ ਬੈਠਾਕੇ ਓਸਦੀ ਮਾਂ ਨੂੰ ਕਿਹਾ:—ਭੈਣ ਤੂੰ ਇਹ ਕੀ ਕੀਤਾ ਕੀ ਇਹ ਕੁੜੀ ਤੇਰੀ ਨਹੀਂ ? ਜੋ ਤੂੰ ਮੁੰਡਿਆਂ ਨੂੰ ਜਿਨ੍ਹਾਂ ਨੇ ਏਸ ਨਿਰਦੋਸੀ ਨੂੰ ਮਾਰਿਆ ਹੈ ਕੁਛ ਨਹੀਂ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਹਾ ਸਗੋਂ ਉਲਟਾ ਏਸੇਨੂੰ ਮਾਰਿਆ ਏਹ ਤਾਂ ਤੂੰ ਨਿਆਇ ਨਹੀਂ ਕੀਤਾ ॥ ਓਸਦੀ ਮਾਂ ਕ੍ਰੋਧ ਦੀ ਭਰੀ ਹੋਈ ਸੀ ਬੋਲੀਃ—ਮੈਂ ਕੁਛ ਤੇਰੇ ਵਾਂਗ ਪੜ੍ਹੀ ਹੋਈ ਤਾਂ ਨਹੀਂ ਜੋ ਹਾਕਮ ਬਣਕੇ ਸੋਚਦੀ ਰਹਾਂ। ਤੂੰ ਕੀ ਜਾਣਦੀ ਹੈਂ ਏਸ ਕੁੜੀ ਦੇ ਭਾਗਾਂ ਵਿਚ ਕੀ ਲਿਖਣਾ ਹੈ ? ਏਸਨੇ ਮੈਨੂੰ ਬੜਾ ਦੁਖ ਦਿੱਤਾ ਹੈ।

ਮਾਂ ਦੀ ਇਹ ਗੱਲ ਸੁਣਕੇ ਓਹ ਕੁੜੀ ਵਿਚਾਰੀ ਮੇਰੇ ਗਲ ਨਾਲ ਚੰਬੜ ਕੇ ਹੋਰ ਭੀ ਰੋਣ ਲਗ ਪਈ ਉਸਦਾ ਦੁਖ ਦੇਖਕੇ ਮੈਂ ਆਪਣੇ ਮਨ ਵਿਚ ਵਿਚਾਰਿਆ ਜੋ ਹੇ ਪ੍ਰਮਾਤਮਾਂ ! ਤੂੰ ਏਹਨਾਂ ਵਿਚਾਰੀਆਂ ਕੰਨਿਆਂ ਨੂੰ ਕਿਉਂ ਹਿੰਦੂਆਂ ਦੇ ਘਰ ਭੇਜ ਦਿੱਤਾ ਹੈ ?

ਰਾਮ—ਪ੍ਰਿਯੇ ! ਜਦ ਸਾਡੇ ਦੇਸ਼ ਦੇ ਮਾਤਾ ਪਿਤਾ ਹੀ ਵਿਚਾਰੀ ਕੰਨਿਆਂ ਤੇ ਅੰਨਿਆਇ ਕਰਦੇ ਹਨ, ਧੀ ਪੁਤ੍ਰ ਵਿਚ ਭੇਦ ਰਖਦੇ ਹਨ ਤਾਂ ਓਨਾਂ ਦੇ ਪੁੱਤ੍ਰ ਭੀ ਓਹੋ ਕੁਝ ਸਿੱਖਣਗੇ। ਦੇਖੋ ਅੰਗ੍ਰੇਜ਼ਾਂ ਵਿਚ ਧੀਆਂ ਦਾ ਕਿੰਨਾਂ ਆਦਰ ਹੁੰਦਾ ਹੈ ਭੈਣਾਂ ਭਰਾਵਾਂ ਦਾ ਕੇਹਾ ਪਵਿੱਤ੍ਰ ਪ੍ਰੇਮ ਹੁੰਦਾ ਹੈ, ਜਿਸ ਤਰਾਂ ਇਕ ਟਾਹਣੀ ਨੂੰ ਦੋ ਫੁੱਲ ਲਗੇ ਹੋਏ ਹੁੰਦੇ ਹਨ ਓਸੇ ਤਰਾਂ ਮਾਤਾ ਪਿਤਾ ਦੇ ਪ੍ਰੇਮ ਨਾਲ ਧੀਆਂ ਪੁਤ੍ਰ ਫਲਦੇ ਫੁਲਦੇ ਤੇ ਸ਼ੋਭਾ ਦੇਂਦੇ ਹਨ ਅੰਗ੍ਰੇਜ਼ ਇਸਤ੍ਰੀ ਕਦੇ ਧੀ ਪੁੱਤ੍ਰ ਵਿਚ ਭੇਦ ਨਹੀਂ ਰਖਦੀ। ਓਥੇ ਇਸਤ੍ਰੀਆਂ ਦਾ ਬੜਾ ਆਦਰ ਕਰਦੇ ਹਨ। ਧੀਆਂ ਪੁਤ੍ਰ ਦੋਹਾਂ ਦੀ ਸਿੱਖਿਆ ਵਲ ਮਾਤਾ ਪਿਤਾ ਇਕੋ ਜੇਹਾ ਧਿਆਨ ਰਖਦੇ ਹਨ ਅਰ ਏਸੇ ਹੀ ਕਰਕੇ ਉਨਾਂ ਦੇ ਪ੍ਰਵਾਰ ਸ਼ਾਂਤ ਸੁਖ ਆਨੰਦ ਰਹਿੰਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਰਬਤੀ—ਹਾਂ ਪ੍ਰਮੇਸ਼੍ਵਰ ਨੇ ਤਾਂ ਧੀਆਂ ਪੁੱਤ੍ਰ ਦੋਹਾਂ ਲਈ ਸਾਡੇ ਮਨ ਵਿਚ ਇਕੋ ਜੇਹਾ ਪ੍ਰੇਮ ਦਿੱਤਾ ਹੈ। ਮੈਨੂੰ ਮਲੂਮ ਹੁੰਦਾ ਹੈ ਕਿ ਲੋਕਾਚਾਰ ਤੇ ਸਾਡੇ ਭਾਈ ਚਾਰੇ ਦੀਆਂ ਕੁਰੀਤੀਆਂ ਨੇ ਵਿਚਾਰੀਆਂ ਧੀਆਂ ਲਈ ਮਾਤਾ ਪਿਤਾਦੇ ਮਨ ਵਿਚ ਏਹ ਅੰਨਯਾਇ ਕੱਠਾ ਕਰਦਿੱਤਾ ਹੈ। ਧੀਆਂ ਨੂੰ ਵਿਆਹੁਣਾ ਬੜਾ ਔਖਾ ਹੁੰਦਾ ਹੈ ਬਹੁਤ ਸਾਰਾ ਧਨ ਖਰਚ ਹੁੰਦਾ ਹੈ ਜੋ ਕਿ ਹਰ ਇਕ ਆਦਮੀ ਵਾਸਤੇ ਸੌਖਾ ਨਹੀਂ ਹੈ ਤੇ ਫੇਰ ਜਾਤਾਂ ਦੇ ਭੇਦ ਤੇ ਲੋਕਾ ਚਾਰ ਨੇ ਭੀ ਇਸਤ੍ਰੀਆਂ ਦੀ ਦਸ਼ਾ ਬਹੁਤ ਭੈੜੀ ਕਰ ਦਿਤੀ ਹੈ ਪ੍ਰਮੇਸ਼੍ਵਰ ਕਦੋਂ ਸਾਨੂੰ ਗਿਆਨ ਦੇਵੇਗਾ ਕਿ ਅਸੀ ਸੁਘੜ ਮਾਵਾਂ ਬਣਕੇ ਆਪਣੀ ਸੰਤਾਨ ਨੂੰ ਸੱਚੀ ਸਿਖ੍ਯਾ ਦੇਵਾਂਗੀਆਂ।

ਰਾਮ—ਪ੍ਰੇਮਨਾਰਾਇਣ ਹੁਣ ਤਾਂ ਗੱਲਾਂ ਕਰਨੀਆਂ ਸਿੱਖ ਗਿਆ ਹੈ ਤੁਸਾਂ ਉਸਦਾ ਧਿਆਨ ਰੱਖਣਾਂ ਜੋ ਗਵਾਂਢੀਆਂ ਦੇ ਬਾਲਾਂ ਨਾਲ ਰਲਕੇ ਕੋਈ ਭੈੜੀ ਗੱਲ ਨਾ ਸਿੱਖੇ ਮੰਗਲਾਂ ਨੂੰ ਭੀ ਕਹਿ ਦੇਣਾ। ਅੱਜ ਤਾਂ ਗੱਲਾਂ ਵਿਚ ਹੀ ਬਹੁਤ ਰਾਤ ਬੀਤ ਗਈ ਹੈ।

ਪਾਰਬਤੀ—ਹਾਂ ਜੀ ਮੈਂ ਸਦਾ ਉਸ ਵਲ ਧਿਆਨ ਰਖਦੀ ਹਾਂ, ਅਜੇ ਤਾਂ ਛੋਟਾ ਹੈ। ਇਹ ਕਹਿਕੇ ਦੋਵੇਂ ਆਪਣੇ ੨ ਬਿਸਤ੍ਰੇ ਤੇ ਜਾ ਬਿਰਾਜੇ॥

———

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੇਵਾਂ ਅੱਧਯਾਇ।

ਹੁਣ ਪ੍ਰੇਮਨਾਰਾਇਣ ਭੀ ਤਿੰਨਾਂ ਵਰਿਹਾਂ ਦਾ ਹੋ ਗਿਆ ਹੈ। ਮਾਤਾ ਪਿਤਾ ਦੋਹਾਂ ਦੇ ਯਤਨ ਨਾਲ ਓਹ ਚੰਗੀ ਤਰਾਂ ਤਕੜਾ ਹੋਗਿਆ। ਈਸ਼ਵਰ ਦੀ ਮਾਯਾ ਨਾਲ ਪਾਰਬਤੀ ਦੀ ਕੁੱਖੋਂ ਇਕ ਕੰਨਯਾਂ ਦੇਵੀ ਨੇ ਭੀ ਜਨਮ ਲਿਆ ਜਿਸਦਾ ਸੁੰਦਰ ਰੂਪ ਦੇਖਕੇ ਮਾਤਾ ਪਿਤਾ ਦੋਹਾਂ ਦੇ ਹਿਰਦੇ ਵਿਚ ਪ੍ਰਸੰਨਤਾ ਹੁੰਦੀ ਸੀ ਜਿਸ ਤਰਾਂ ਪਹਿਲਾਂ ਪੁਤ੍ਰ ਦੀ ਵਾਰੀ ਯਤਨ ਕੀਤਾ ਸੀ ਹੁਣ ਧੀ ਦੀ ਵਾਰੀ ਭੀ ਦੋਵੇਂ ਓਸੇ ਤਰਾਂ ਯਤਨ ਕਰਨ ਲੱਗ ਪਏ। ਪ੍ਰੇਮ ਨਾਰਾ ਇਣ ਭੀ ਭੈਣ ਨੂੰ ਬਹੁਤ ਪਿਆਰ ਕਰਦਾ ਸੀ। ਏਨਾਂ ਨੇ ਕੰਨਯਾਂ ਦਾ ਨਾਉਂ "ਪ੍ਰੇਮ ਦੇਵੀ" ਰੱਖਯਾ ਇਨਾਂ ਦੋਹਾਂ ਦੇ ਮਨ ਵਿਚ ਏਹੋ ਅਭਿਲਾਖਾ ਹੈ ਕਿ ਧੀ ਨੂੰ ਭੀ ਪੁਤ੍ਰਾਂ ਵਾਂਗ ਸ਼ੁੱਭ ਸਿੱਖਯਾ ਦੇਈਏ ਕਿਉਂ ਕਿ ਧੀਆਂ ਦਾ ਅਨਾ-ਦਰ ਹੁੰਦਾ ਵੇਖਕੇ ਇਨਾਂ ਦੇ ਮਨ ਵਿਚ ਬਹੁਤ ਸ਼ੋਕ ਹੋ ਰਿਹਾ ਸੀ।

ਇਕ ਦਿਨ ਰਾਮ ਨਾਰਾਇਣ ਜੀ ਸਕੂਲੋਂ ਆ-ਉਂਦੇ ਹੋਏ ਬਾਜ਼ਾਰੋਂ ਕਈ ਚੰਗੀਆਂ ਬਾਲ ਸਿੱਖਯਾ ਦੀਆਂ ਪੁਸਤਕਾਂ ਤੇ ਮੂਰਤਾਂ ਮੁੱਲ ਲੈ ਆਏ ਜਿਨਾਂ ਨੂੰ ਦੇਖਕੇ ਪਾਰਬਤੀ ਤੇ ਪ੍ਰੇਮ ਨਾਰਾਇਣ ਬਹੁਤ ਖੁਸ਼ ਹੋਏ ਓਨਾਂ ਪੁਸਤਕਾਂ ਵਿਚ ਬਾਲਾਂ ਨੂੰ ਖੇਡ ਵਿਚ ਬੜੀ ਪ੍ਰਸੰਨ ਤਾ ਨਾਲ ਸਿੱਖਯਾ ਦੇਣ ਦਾ ਢੰਗ ਲਿਖਿਆ ਹੋਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ। ਪਾਰਬਤੀ ਨੇ ਅਜੇਹੀਆਂ ਸੁੰਦਰ ਪੁਸਤਕਾਂ ਦੇਖ, ਅਨੰਦ ਹੋਕੇ ਪਤੀ ਨੂੰ ਕਿਹਾਃ—"ਮਹਾਰਾਜ ਕ੍ਰਿਪਾ ਕਰਕੇ ਚੰਗੀ ਤਰਾਂ ਮੈਨੂੰ ਇਹ ਸਮਝਾ ਦੇਵੋ"।

ਰਾਮ ਨਾਰਾਇਣ ਜੀ ਨੇ ਭੀ ਜਿਸ ਢੰਗ ਨਾਲ ਬਾਲਾਂ ਨੂੰ ਸਿਖਯਾ ਦੇਣੀ ਚਾਹੀਦੀ ਹੈ ਓਹ ਸਭ ਕੁਛ ਚੰਗੀ ਤਰਾਂ ਪਾਰਬਤੀ ਨੂੰ ਸਮਝਾ ਦਿੱਤਾ। ਓਨਾਂ ਨੇ ਕਿਹਾ ਕਿ ਬਾਲਾਂ ਨੂੰ ਪਹਿਲਾਂ ਘਰ ਵਿਚ ਮਾਵਾਂ ਦੇ ਪਾਸ ਹੀ ਸਿੱਖਯਾ ਦੇਣੀ ਚਾਹੀਦੀ ਹੈ ਕਿਉਂ ਕਿ ਮਾਵਾਂ ਉੱਪਰ ਬਾਲਾਂ ਦਾ ਪੂਰਾ ਪ੍ਰੇਮ ਤੇ ਵਿਸ਼ਵਾਸ ਹੁੰਦਾ ਹੈ ਜੇਹੀ ਉਸਦੀ ਸਿੱਖਯਾ ਲਾਭਦਾਇਕ ਹੋਵੇਗੀ ਹੋਰ ਕਿਸੇ ਦੀ ਨਹੀਂ ਹੋਵੇਗੀ। ਸਾਡੇ ਦੇਸ਼ ਵਿਚ ਛੋਟੇ ਬਾਲਾਂ ਨੂੰ ਪਹਿਲਾਂ ਵਿਦਯਾਲਯ (ਸਕੂਲਾਂ) ਵਿਚ ਭੇਜਦੇ ਹਨ ਜਿੱਥੇ ਪੱਥਰ ਚਿਤ ਅਧਯਾਪਕਾਂ ਦੀ ਕਰੜਾਈ ਤੇ ਪ੍ਰੇਮ ਰਹਿਤ ਸਿੱਖਯਾ ਤੋਂ ਛੋਟੇ ੨ ਬਾਲ ਡਰ ਜਾਂਦੇ ਹਨ ਅਰ ਵਿੱਦਯਾ ਪੜ੍ਹਨ ਵਿਚ ਉਨਾਂ ਦਾ ਉਤਸ਼ਾਹ ਨਹੀਂ ਰਹਿੰਦਾ। ਬਾਲਾਂ ਨੂੰ ਤਾਂ ਧੀਰਜ ਤੇ ਪ੍ਰੇਮ ਨਾਲ ਸਿਖਯਾ ਦੇਣੀ ਚਾਹੀਦੀ ਹੈ ਯੂਰਪ ਅਮ੍ਰੀਕਾ ਆਦਿਕ ਚਤੁਰ ਦੇਸਾਂ ਵਿਚ ਛੋਟੇ ੨ ਬਾਲਾਂ ਨੂੰ ਪੜ੍ਹਾਉਣ ਲਈ ਬੜੇ ਕੋਮਲ ਸੁਭਾਵ ਵਾਲੀਆਂ ਇਸਤ੍ਰੀਆਂਹੀ ਅਧਯਾਪਕਾ ਬਨਾਈਆਂ ਜਾਂਦੀਆਂ ਹਨ ਜਿਸਦਾ ਫਲ ਬਹੁਤ ਲਾਭਦਾਇਕ ਹੁੰਦਾ ਹੈ।

ਪਾਰਬਤੀ—ਵਿਲਾਇਤ ਦੇ ਲੋਕ ਜਿੰਨਾ ਬਾਲਾਂ ਦੀ ਪੜ੍ਹਾਈ ਵਲ ਧਿਆਨ ਦੇਂਦੇ ਹਨ ਓਨਾਂ ਨਾ ਤਾਂ ਸਾਡੇ ਦੇਸ਼ ਦੇ ਪੜ੍ਹਾਉਣ ਵਾਲੇ ਤੇ ਨਾ ਬਾਲਾਂ ਦੇ ਮਾਤਾ ਪਿਤਾ ਧਿਆਨ ਦੇਂਦੇ ਹਨ। ਸਾਡੇ ਦੇਸ ਵਿਚ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਲ ਸਿੱਖਯਾ ਨੂੰ ਤੁੱਛ ਸਮਦੇ ਹਨ ਏਸੇ ਕਰਕੇ ਬਹੁਤੇ ਬਾਲਕਾਂ ਨੂੰ ਠੀਕ ਸਿੱਖਯਾ ਨਹੀਂ ਮਿਲਦੀ।

ਰਾਮ—ਹਾਂ ਪ੍ਰਿਯੇ ! ਮੈਂ ਏਹੋ ਗੱਲਾਂ ਸੋਚਕੇ ਅੱਜ ਇਹ ਪੁਸਤਕਾਂ ਤੇ ਮੂਰਤਾਂ ਲਿਆਯਾਹਾਂ,ਕਿ ਜੇਹਾ ਤੁਹਾਡਾ ਉਤਸਾਹ ਤੇ ਉੱਦਮ ਹੈ ਜੇ ਤੁਸੀ ਜ਼ਰਾ ਭੀ ਹੋਰ ਯਤਨ ਕਰੋਗੀ ਤਾਂ ਆਪ ਹੀ ਆਪਣੀ ਸੰਤਾਨਨੂੰ ਸ਼ੁਭ ਸਿਖਯਾ ਦੇ ਸਕੋਗੀ ਇਹ ਜੋ ਮੂਰਤਾਂ ਹਨ ਬਾਲ ਇਨਾਂ ਨੂੰ ਬਹੁਤ ਚਾਹੁੰਦੇ ਹਨ। ਛੋਟੀਆ ਛੋਟੀਆਂ ਕਹਾਣੀਆਂ ਦੇ ਨਾਲ ਮੂਰਤਾਂ ਦਿਖਾ ਕੇ ਸਮਝਾਉਣ ਨਾਲ ਬਾਲ ਬੜੀ ਛੇਤੀ ਤੇ ਪ੍ਰਸੰਨਤਾ ਨਾਲ ਸਿਖ ਲੈਂਦੇ ਹਨ।

ਇਹ ਦੇਖੋ ਇਕ ਛੋਟਾ ਜੇਹਾ ਬਾਲ ਇਕ ਅੰਨ੍ਹੇ ਆਦਮੀ ਦਾ ਹੱਥ ਫੜਕੇ ਲਈ ਜਾਂਦਾ ਹੈ। ਦੂਸਰੀ ਮੂਰਤ ਵਿਚ ਇਕ ਛੋਟੀ ਜੇਹੀ ਕੁੜੀ ਇਕ ਬੁੱਢੀ ਗਊ ਨੂੰ ਹਰਿ ਆ ਘਾਹ ਖੁਆ ਰਹੀ ਹੈ ਇਨਾਂ ਮੂਰਤਾਂ ਨਾਲ ਬੜੀ ਉੱਤਮ ਸਿੱਖਯਾ ਦਿੱਤੀ ਜਾ ਸਕਦੀ ਹੈ। ਪਸ਼ੂ ਬਹੁਤ ਕਰਕੇ ਗਊ, ਕੁੱਤੇ, ਬਿੱਲੀ ਘੋੜੇ ਆਦਿਕ ਜਿਨ੍ਹਾਂ ਨੂੰ ਬਾਲ ਰੋਜ਼ ਦੇਖਦੇ ਹਨ ਓਨਾਂ ਤੇ ਪ੍ਰੇਮ ਤੇ ਦਯਾ ਕਰਨੀ ਜ਼ਰੂਰੀ ਹੈ। ਤੁਹਾਨੂੰ ਤਾਂ ਬਹੁਤ ਕਹਾਣੀਆਂ ਆਉਂਦੀਆਂ ਹਨ ਪਸ਼ੂ ਦਾ ਸੁਭਾਵ, ਓਸਦੇ ਗੁਣ ਅਰ ਉਸਦੇ ਹਰ ਇਕ ਅੰਗ ਦਾ ਹਾਲ ਸਿਖਾਉਣਾ ਚਾਹੀਦਾ ਹੈ ਜਿਸਤਰਾਂ ਪਛੀ ਉਡਦੇ ਹਨ, ਬਿੱਲੀ ਨਹੀਂ ਉੱਡ ਸਕਦੀ, ਗਊ ਸਾਨੂੰ ਦੁੱਧ ਦੇਂਦੀ ਹੈ ਉਸ ਨਾਲ ਮਿਠਿਆਈ ਘਿਉ ਦਹੀ ਆਦਿਕ ਦੇ ਬਿਨਾਂ ਬਾਲ ਪਲਦੇ ਹਨ ਏਹੋ ਜੇਹੀ ਆਂ ਗੱਲਾਂ ਸੁਣਨ ਨਾਲ ਬਾਲਕ ਦੇ ਮਨ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਰ ਹਾਲ ਜਾਨਣ ਦਾ ਉਤਸਾਹ ਵਧਦਾ ਹੈ ਅਰ ਸਮਝ ਭੀ ਪੈਂਦੀ ਹੈ। ਪਸ਼ੂਆਂ ਨਾਲ ਕਈ ਬਾਲਕ ਬੜੀ ਕਠੋਰਤਾ ਕਰਦੇ ਹਨ ਉਨਾਂ ਨੂੰ ਮਾਰਦੇ ਕੁਟਦੇ ਹਨ ਬਾਲਾਂ ਨੂੰ ਸਮਝਾਉਣਾ ਚਾਹੀਏ ਕਿ ਅਜਿਹਾ ਨਾ ਕਰਨ। ਸਾਡੇ ਦੇਸ਼ ਦੇ ਬਾਲ ਅੰਨ੍ਹੇ, ਲੰਙੇ ਲੂਲ੍ਹੇ ਆਦਿਕਾਂ ਨੂੰ ਵੇਖਕੇ ਓਹਨਾਂ ਦੀਆਂ ਨਕਲਾਂ ਕਰਦੇ ਹਨ ਏਹ ਬੜੀ ਬੁਰੀ ਗਲ ਹੈ। ਅੰਨ੍ਹੇ ਲੰਙੇ ਲੂਲ੍ਹੇ ਤੇ ਸਦਾ ਦਯਾ ਕਰਨੀ ਚਾਹੀਦੀ ਹੈ। ਮੈਂ ਧਰੂਅ ਪ੍ਰਹਲਾਦ ਆਦਿਕ ਦੀ ਮੂਰਤ ਭੀ ਲਯਾਯਾ ਹਾਂ ਰਾਮਚੰਦ੍ਰ ਤੇ ਲਛਮਣ ਜੀ ਦੇ ਬਨਬਾਸ ਦੀ ਮੂਰਤ ਬਹੁਤ ਸਿੱਖਯਾ ਦਾਇਕ ਹੈ।

ਪਾਰਬਤੀ ਬੜੀ ਪ੍ਰਸੰਨਤਾ ਨਾਲ ਬੋਲੀ ਅਜੇਹੀਆਂ ਸੁੰਦਰ ਤੇ ਗੁਣਦਾਇਕ ਮੂਰਤਾਂ ਤੋਂ ਸਿੱਖਯਾ ਲੈਕੇ ਸਾਡੇ ਦੇਸ਼ ਦੀਆਂ ਮਾਵਾਂ ਆਪਣੇ ਬਾਲਾਂ ਨੂੰ ਇਕ ਉੱਤਮ ਰਤਨ ਬਨਾ ਸਕਦੀਆਂ ਹਨ ਤੇ ਇਹ ਕੰਮ ਹਰ ਇਕ ਮਾਤਾ ਸਿਖਾ ਸਕਦੀ ਹੈ। ਰਾਮਚੰਦ੍ਰ, ਲਛਮਣ, ਭਰਤ ਜੀ ਦਾ ਆਪਸ ਦਾ ਪ੍ਰੇਮ, ਰਾਮ ਚੰਦ੍ਰ ਜੀ ਦਾ ਪਿਤਾ ਦੀ ਆਗਯਾ ਮੰਨਣਾ, ਸੱਚ ਦਾ ਗ੍ਰਹਣ ਕਰਨਾ ਬਹੁਤ ਹੀ ਸਿੱਖਿਆ ਦਾਇਕ ਵਿਸ਼ੇ ਹਨ ਜਿਸਨੂੰ ਹਰ ਇਕ ਹਿੰਦੂ ਇਸਤ੍ਰੀ ਜਾਣਦੀ ਹੈ ਏਹੋ ਜੇਹੇ ਉੱਤਮ ਕਰਤੱਵਾਂ ਨੂੰ ਭੁਲਾਕੇ ਲੋਕ ਆਪਣੀ ਪਿਆਰੀ ਸੰਤਾਨ ਨੂੰ ਕੇਹੀ ਭੈੜੀ ਸਿੱਖਯਾ ਦੇਂਦੇ ਹਨ।

ਰਾਮ—ਅੱਜ ਤਾਂ ਰਾਤ ਬਹੁਤ ਹੋ ਗਈ ਹੈ ਫੇਰ ਕਦੇ ਤੁਹਾਨੂੰ ਬਾਲ ਸਿੱਖਯਾ ਲਈ ਕੁਝ ਜ਼ਰੂਰੀ ਗੱਲਾਂ ਸੁਣਾਵਾਂਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਮਨਾਰਾਇਣ ਜੀ ਦੀ ਸਹਾਇਤਾ ਨਾਲ ਪਾਰਬਤੀ ਨੇ ਬਾਲ ਸਿੱਖਯਾ ਸੰਬੰਧੀ ਬਹੁਤ ਸਾਰੀਆਂ ਗੱਲਾਂ ਸਮਝ ਲਈਆਂ ਅਰ ਓਸੇ ਹੀ ਤਰਾਂ ਆਪਣੇ ਧੀ ਪੁਤ੍ਰ ਨੂੰ ਸਿੱਖਯਾ ਦੇਣ ਲੱਗ ਪਈ।

ਇੱਕ ਦਿਨ ਪਾਰਬਤੀ ਮੂਰਤ ਸਾਹਮਣੇ ਰੱਖਕੇ ਧਰੂਅ ਪ੍ਰਹਲਾਦ ਦੇ ਈਸ਼੍ਵਰ ਭਗਤ ਤੇ ਵਿਸ਼ਵਾਸੀ ਹੋਣ ਦੀ ਕਥਾ ਸੁਣਾ ਰਹੀ ਸੀ ਜਿਸ ਨੂੰ ਓਹ ਬਾਲ ਬੜੇ ਗੂੜ੍ਹੇ ਪ੍ਰੇਮ ਨਾਲ ਸੁਣਕੇ ਅਥਰੂ ਵਗਾਉਂਦਾ ਹੋਇਆ ਬੋਲਿਆ:—

ਮਾਂ ! ਕੀ ਪ੍ਰਮਾਤਮਾ ਮੈਨੂੰ ਭੀ ਧਰੂ ਵਾਂਗ ਦਰਸ਼ਨ ਦੇਣਗੇ ? ਪ੍ਰਹਲਾਦਿ ਤੇ ਤਾਂ ਓਨਾਂ ਨੇ ਐਸੀ ਦਯਾ ਕੀਤੀ ਜੋ ਓਹ ਕਿਸੇ ਦੁੱਖ ਤੋਂ ਭੀ ਨਹੀਂ ਡਰਿਆ, ਹੱਛਾ ਅੱਜ ਤੋਂ ਮੈਂ ਭੀ ਹਨੇਰੇ ਵਿਚ ਨਹੀਂ ਡਰਿਆ ਕਰਾਂਗਾ। ਮਾਂ ! ਕੀ ਪ੍ਰਮਾਤਮਾ ਮੇਰੇ ਨਾਲ ਤੁਹਾਡੇ ਵਰਗਾ ਪ੍ਰੇਮ ਕਰਦੇ ਹਨ ?

ਬਾਲਕ ਦੇ ਸਰਲ ਸੁਭਾਵ ਪ੍ਰਸ਼ਨਾਂ ਨੂੰ ਸੁਣਕੇ ਸਤਵੰਤੀ ਪਾਰਬਤੀ ਦੇ ਭੀ ਅੱਥਰੂ ਨਿਕਲ ਆਏ ਅਰ ਓਸਨੇ ਪ੍ਰੇਮ ਨਾਰਾਇਣ ਨੂੰ ਗਲ ਨਾਲ ਲਾਕੇ ਕਿਹਾ:—

ਹਾਂ ਪੁੱਤ੍ਰ ! ਪ੍ਰਮਾਤਮਾ ਸਭ ਤੇ ਦਯਾ ਕਰਦੇ ਹਨ ਤੇਰੇ ਵਰਗੇ ਛੋਟੇ ਬਾਲਾਂ ਨਾਲ ਤਾਂ ਓਹ ਮਾਵਾਂ ਤੋਂ ਭੀ ਵਧੀਕ ਪਿਆਰ ਕਰਦੇ ਹਨ ਅਰ ਸਦਾ ਓਨਾਂ ਦੀ ਰੱਖਯਾ ਕਰਦੇ ਹਨ ਕੀ ਦਿਨ ਕੀ ਰਾਤ ਭਾਵੇਂ ਕਿਸੇ ਵੇਲੇ ਤੂੰ ਕੱਲਾ ਕਿਉਂ ਨਾ ਹੋਵੇਂ ਓਹ ਦਯਾਲੂ ਪਿਤਾ ਸਦਾ ਤੇਰੇ ਨਾਲ ਰਹਿੰਦੇ ਹਨ ਤੂੰ ਕਦੀ ਨਾ ਡਰਿਆ ਕਰ, ਜਿਸ ਤਰਾਂ ਤੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੇ ਕੁੱਛੜ ਬੈਠਾ ਹੋਯਾ ਹੈਂ, ਏਸੇ ਤਰਾਂ ਤੂੰ, ਮੈਂ ਸਾਰੇ ਹੀ ਉਸ ਕ੍ਰਿਪਾਲੂ ਪਿਤਾ ਦੀ ਗੋਦ ਵਿਚ ਬੈਠੇ ਹੋਏ ਹਾਂ। ਮੇਰੇ ਪਿਆਰੇ ਲਾਲ! ਮੇਰੀ ਤਾਂ ਦਿਨ ਰਾਤ ਏਹੋ ਪ੍ਰਾਰਥਨਾ ਹੈ ਜੋ ਈਸ਼੍ਵਰ ਤੈਨੂੰ ਆਪਣਾ ਸੱਚਾ ਸੇਵਕ ਬਨਾਵੇ।

ਇਹ ਕਹਿਕੇ ਪਾਰਬਤੀ ਉਸਨੂੰ ਪਿਆਰ ਕਰਨ ਲੱਗ ਪਈ ਓਨੇ ਚਿਰ ਨੂੰ ਓਸਦੇ ਪਤੀ ਰਾਮਨਾਰਾਇਣ ਜੀ ਆ ਗਏ। ਆਉਂਦਿਆਂ ਹੀ ਪੁੱਤ੍ਰ ਨੂੰ ਪਾਸ ਬੈਠਾਕੇ ਪੁਛਿਆ "ਕਿਉਂ ਕਾਕਾ ਜੀ ਤੁਸਾਂ ਅੱਜ ਆਪਣੀ ਮਾਤਾ ਤੋਂ ਕੀ ਸਿੱਖਯਾ ਹੈ ਕੁਛ ਮੈਨੂੰ ਭੀ ਸੁਣਾਓ ਫੇਰ ਇਕ ਬੜੀ ਚੰਗੀ ਚੀਜ਼ ਇਨਾਮ ਦੇਵਾਂਗੇ।"

ਓਨਾਂ ਦੀ ਇਹ ਗੱਲ ਸੁਣਕੇ ਪ੍ਰੇਮਨਾਰਾਇਣ ਝੱਟ ਮੂਰਤਾਂ ਵਾਲੀ ਪੋਥੀ ਤੇ ਛੋਟੀ ਜੇਹੀ ਸਲੇਟ ਲੈ ਆਇਆ, ਓਸਨੇ ਮਾਤਾ ਪਾਸੋਂ ਜੋ ਦੋ ਚਾਰ ਅੱਖਰ ਸਿੱਖੇ ਸਨ ਓਹ ਸੁਣਾਏ ਜਿਸ ਨੂੰ ਸੁਣਕੇ ਰਾਮਨਾਰਾਇਣ ਜੀ ਬਹੁਤ ਪ੍ਰਸੰਨ ਹੋਏ। ਏਨੇਨੂੰ ਪਾਰਬਤੀ ਇਕ ਰਕੇਬੀ ਵਿਚ ਕੁਛ ਫਲ ਤੇ ਆਪਣੇ ਬਣਾਏ ਹੋਏ ਖੋਏ ਦੇ ਲੱਡੂ ਤੇ ਇਕ ਗਲਾਸ ਠੰਢੇ ਪਾਣੀ ਦਾ ਲੈਕੇ ਆ ਗਈ ਤੇ ਪਤੀ ਦੇ ਅੱਗੇ ਲਿਆ ਰਖਿਆ ਅਰ ਬੜੇ ਪ੍ਰੇਮ ਨਾਲ ਕਿਹਾ ਆਪ ਥੱਕੇ ਹੋਏ ਆਏ ਹੋਵੋਗੇ ਕੁਛ ਜਲ ਪਾਨ ਕਰ ਲਵੋ। ਰਾਮਨਾਰਾਇਣ ਜੀ ਨੇ ਹੱਸ ਕੇ ਕਿਹਾ ਤੁਹਾਡਾ ਪ੍ਰੇਮਨਾਰਾਇਣ ਅੱਜ ਪ੍ਰੀਖਯਾ ਵਿਚ ਪਾਸ ਹੋ ਗਿਆ ਹੈ ਹੁਣ ਅਸੀ ਏਸ ਨੂੰ ਤੇ ਏਸਦੀ ਪੜ੍ਹਾਉਣ ਵਾਲੀ ਨੂੰ ਕੁਛ ਇਨਾਮ ਦੇਵਾਂਗੇ, ਏਨੇ ਨੂੰ ਭੋਲਾ ਨੌਕਰ ਇਕ ਛੋਟਾ ਜੇਹਾ ਸੰਦੂਕ ਲੈ ਆਯਾ ਅਰ ਏਨਾਂ ਦੇ ਅੱਗੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਆ ਰੱਖਜਾ । ਉਸਨੂੰ ਖੋਹਲਦਿਆਂ ਹੀ ਪਾਰਬਤੀ ਕੁਛ ਅਚੰਭਤ ਤੇ ਪ੍ਰਸੰਨ ਹੋਕੇ ਬੋਲੀ:-ਕੀ ਏਨਾ ਹੀ ਇਨਾਮ, ? ਏਨੇ ਭਾਰੇ ਕੰਮ ਦਾ ਕੂੱਲ ਇਹ ਇਨਾਮ ! ਕੀ ਹੁਣ ਤੁਸੀਂ ਮੈਨੂੰ ਗਾਉਣਾ ਵਜਾਉਣਾ ਭੀ ਸਿਖਾਓਗੇ। ਫੇਰ ਤਾਂ ਆਪਦੀ ਮਾਤਾ ਮੇਰੇ ਨਾਲ ਬਹੁਤ ਗੁੱਸੇ ਹੋ ਜਾਵੇ ਗੀ ਤੇ ਗਲੀ ਮਹੱਲੇ ਦੀਆਂ ਇਸਤ੍ਰੀਆਂ ਭੀ ਮੇਰੀ ਬੁਰਿ ਆਈ ਕਰਨ ਲੱਗ ਪੈਣਗੀਆਂ ਅਰ ਕਹਿਣਗੀਆਂ ਜੋ ਦੇਖੋ ਕੇਹਾ ਉਲਟਾ ਸਮਾ ਆ ਗਿਆ ਹੈ ਜੋ ਏਡੇ ੨ ਘਰਾਂ ਦੀਆਂ ਤੀਵੀਆਂ ਭੀ ਗਾਉਣ ਵਜਾਉਣ ਲਗ ਪਈਆਂ ਹਨ ਤੇ ਨਾਲੇ ਇਸ ਵਿੱਚ ਲਾਭ ਭੀ ਕੀ ਹੈ ?।

ਰਾਮ-ਪਿਆਰੀ ! ਤੁਸੀ ਕਿਉਂ ਘਬਰਾਉਂਦੀ ਹੋ ਇਹ ਕਹਿਕੇ ਇਕ ਗੇਂਦ ਪ੍ਰੇਮਨਾਰਾਇਣ ਨੂੰ ਦਿੱਤਾ ਤੇ ਕਿਹਾ ਦੇਖੋ ਇਸ ਨਾਲ ਦੋ ਲਾਭ ਹੋਣਗੇ ਇਕ ਤਾਂ ਪ੍ਰੇਮਨਾਰਾਇਣ ਪ੍ਰਸੰਨ ਹੋਕੇ ਖੇਡਿਆ ਕਰੇਗਾ ਤੇ ਦੂਸਰਾ ਸਰੀਰ ਵਿਚ ਭੀ ਤਕੜਾ ਹੋਜਾਵੇਗਾ ਇਹ ਹਰ ਇਕ ਬਾਲ ਲਈ ਜ਼ਰੂਰੀ ਚੀਜ਼ ਹੈ ।

ਗੇਂਦ ਲੈਕੇ ਪ੍ਰੇਮਨਾਰਾਇਣ ਖੁਸ਼ ਹੋਕੇ ਉਸਨੂੰ ਉੱਚਾ ਸੁੱਟ ੨ ਕੇ ਖੇਡਣ ਲੱਗ ਪਿਆ ਜਿਸਨੂੰ ਦੇਖਕੇ ਮਾਤਾ ਪਿਤਾ ਬਹੁਤ ਪ੍ਰਸੰਨ ਹੋਏ। ਫੇਰ ਰਾਮਨਾਰਾਇਣ ਜੀ ਨੇ ਹਾਰਮੋਨੀਅਮ ਬਾਜਾ ਕੱਢਜਾ ਅਰ ਆਪਣੀ ਸੁਪਤਨੀ ਨੂੰ ਵਿਖਾਕੇ ਵਜਾਉਣ ਲਗ ਪਏ ਅਰ ਕਿਹਾ ਦੇਖੋ ਕੇਹੀ ਸੁਰੀਲੀ ਆਵਾਜ਼ ਹੈ ਬਨ ਦੇ ਹਿੰਸਕ ਪਸ਼ੂ ਤਾਂ ਏਸਦੀ ਅਵਾਜ਼ ਸੁਣਕੇ ਮਸਤ ਹੋ ਜਾਂਦੇ ਹਨ ਤਾਂ ਕੀ ਤੁਹਾਡੀਆਂ ਗਵਾਂਢਣਾ ਦਾ ਮਨ ਪ੍ਰਸੰਨ ਨਾ ਹੋਵੇਗਾ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਸਰੀ ਰਹੀ ਸਾਡੀ ਮਾਤਾ, ਸੋ ਓਹ ਤਾਂ ਬੜੀ ਸਾਧੂ ਸੁਭਾਵ ਹੈ ਓਨਾਂ ਨੂੰ ਤਾਂ ਜੇ ਇਕ ਵਾਰੀ ਇਸਦੇ ਗੁਣ ਸਮਝਾ ਦੇਵਾਂਗੇ ਤਾਂ ਓਹ ਕਦੇ ਨਾਂਹ ਨਹੀਂ ਕਰਨਗੇ। ਹੋਰ ਮੈਂ ਤਾਂ ਤੁਹਾਨੂੰ ਏਹ ਪਹਿਲਾਂਹੀ ਕਿਹਾਸੀ ਕਿ ਤੁਹਾਨੂੰ ਬਹੁਤਸਾਰੀਆਂ ਗੱਲਾਂ ਦੇਸ਼ ਦੀ ਪ੍ਰਚਲਤ ਰੀਤੀ ਦੇ ਵਿਰੁੱਧ ਕਹਾਂਗਾ ਤੇ ਤੁਸੀ ਭੀ ਅੱਜ ਤਕ ਮੇਰੇ ਕਹੇ ਅਨੁਸਾਰ ਕਰਦੇ ਰਹੇ ਹੋ। ਹੱਛਾ ਹੁਣ ਦੱਸੋ ਜੋ ਤੁਹਾਨੂੰ ਇਸ ਵਿੱਚ ਕੁਛ ਗੁਣ ਦਿਸਦਾ ਹੈ ਕਿ ਨਹੀਂ ?

ਪਾਰਬਤੀ ਕੁਛ ਝਿਝਕ ਕੇ ਬੋਲੀ "ਮੈਂ ਤਾਂ ਸਦਾ ਆਪਦੀ ਸਿੱਖਯਾ ਤੇ ਆਗਯਾ ਅਨੁਸਾਰ ਕੰਮ ਕੀਤਾ ਹੈ ਸੋ ਅੱਜ ਤਕ ਤਾਂ ਮੈਨੂੰ ਬਹੁਤ ਹੀ ਲਾਭ ਤੇ ਆਨੰਦ ਪ੍ਰਾਪਤ ਹੋਇਆ ਹੈ ਪ੍ਰੰਤੂ ਮੈਂ ਅਬਲਾ ਨਾਰੀ ਹਾਂ ਕਦੇ ੨ ਲੋਕਾਂ ਤੋਂ ਡਰ ਭੀ ਜਾਂਦੀ ਹਾਂ, ਹੋਰ ਗਾਉਣਾ ਵਜਾਉਣਾ ਤਾਂ ਮੈਂ ਭੀ ਨਹੀਂ ਜਾਣਦੀ ਇਨਾਂ ਨੂੰ ਕਿਸ ਤਰਾਂ ਸਿਖਾਵਾਂਗੀ ?"

ਰਾਮ—ਪਿਛਲੇ ਸਮਿਆਂ ਵਿਚ ਸਾਡੇ ਦੇਸ਼ ਦੀਆਂ ਇਸਤ੍ਰੀਆਂ ਗਾਉਣਾ ਵਜਾਉਣਾ ਸਿਖਦੀਆਂ ਸਨ ਧੀਆਂ ਨੂੰ ਹੋਰ ਗ੍ਰਹਸਤ ਦੀਆਂ ਸਿੱਖਯਾਂ ਦੇ ਨਾਲ ੨ ਹੀ ਰਾਗ ਵਿੱਦਯਾ ਦੀ ਸਿੱਖਯਾ ਦਿੱਤੀ ਜਾਂਦੀ ਸੀ ਜਿਸਦਾ ਪ੍ਰਮਾਣ ਤੁਸਾਂ ਕਾਵ੍ਯ ਤੇ ਨਾਟਕਾਂ ਵਿਚ ਬਹੁਤ ਕੁਛ ਦੇਖਿਆ ਪੜ੍ਹਿਆ ਹੋਵੇਗਾ ਸੰਤਾਨ ਨੂੰ ਸੰਗੀਤ ਵਿੱਦਯਾ ਤੇ ਚਿੱਤ੍ਰ-ਕਾਰੀ ਜ਼ਰੂਰ ਹੀ ਸਿਖਾਣੀ ਚਾਹੀਏ।

ਪਾਰਬਤੀ—ਹਾਂ ਜੀ ਮੈਨੂੰ ਚੇਤਾ ਹੈ, ਰੋਂਦੇ ਹੋਏ ਬਾਲ ਨੂੰ ਚੁਪ ਕਰਾਉਣ ਜਾਂ ਸੁਵਾਉਣ ਵੇਲੇ ਇਸਤ੍ਰੀ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਂ ਲੋਰੀਆਂ ਆਦਿਕ ਕੁਛ ਗਾਉਂਦੀਆਂ ਹਨ ਉਸ ਨਾਲ ਬਾਲ ਨੂੰ ਨੀਂਦ ਛੇਤੀ ਆ ਜਾਂਦੀ ਹੈ। ਕੀ ਤੁਸੀ ਏਸੇ ਹੀ ਵਾਸਤੇ ਕਹਿੰਦੇ ਹੋ ?

ਰਾਮ—ਇਹ ਗੱਲ ਠੀਕ ਹੈ ਸਭ ਮੂਰਖ ਤੇ ਚਤੁਰ ਦੇਸਾਂ ਦੀਆਂ ਇਸਤ੍ਰੀਆਂ ਬੱਚਿਆਂ ਨੂੰ ਸੁਵਾਉਣ ਲਈ ਲੋਰੀਆਂ ਦੇਂਦੀਆਂ ਹਨ ਪਰ ਮੇਰਾ ਮਨੋਰਥ ਕੇਵਲ ਏਸੇ ਤੋਂ ਨਹੀਂ। ਵੇਖੋ ਪਾਰਬਤੀ! ਇਕ ਦਿਨ ਮੈਂ ਆਪਣੇ ਬਾਲ ਸਖਾਈ ਮਿੱਤ੍ਰ ਮਨੋਹਰ ਲਾਲ ਦੇ ਘਰ ਗਿਆ ਤਾਂ ਉਨਾਂ ਨੇ ਆਪਣੀਆਂ ਦੋਹਾਂ ਧੀਆਂ ਨੂੰ ਕਿਹਾ ਜੋ ਵਾਜੇ ਦੇ ਨਾਲ ਇਕ ਭਜਨ ਗਾਵੋਂ ਉਸੇ ਵੇਲੇ ਦੋਹਾਂ ਕੰਨਿਆਂ ਭਗਵਤੀ ਤੇ ਸੁਰਸਤੀ ਨੇ ਮਧੁਰ ਸੁਰ ਨਾਲ ਪ੍ਰੇਮ ਭਗਤੀ ਦਾ ਭਜਨ ਗਾਵਿਆਂ ਜਿਸਨੂੰ ਸੁਣਦਿਆਂ ਹੀ ਮੇਰਾ ਮਨ ਪ੍ਰਸੰਨ ਹੋ ਗਿਆ, ਮੈਂ ਉਨਾਂ ਦੋਹਾਂ ਕੰਨਿਆਂ ਨੂੰ ਪੁਛਿਆ ਤੁਸਾਂ ਇਹ ਭਜਨ ਕਿੱਥੋਂ ਸਿੱਖੇ ਹਨ ? ਤਾਂ ਉਨਾਂ ਨੇ ਉੱਤਰ ਦਿੱਤਾ ਜੋ ਏਹ ਸਭ ਸਾਡੀ ਮਾਤਾ ਸਿਖਾਉਂਦੀ ਹੈ। ਏਨੇ ਨੂੰ ਉਨਾਂ ਦਾ ਛੋਟਾ ਪੁਤ੍ਰ ਤੇ ਧੀ ਭੀ ਓਥੇ ਹੀ ਆ ਗਏ ਵਾਜੇ ਨੂੰ ਵੇਖਕੇ ਬੜੀ ਪ੍ਰਸੰਨਤਾ ਨਾਲ ਬੋਲੇ ਅਸੀ ਭੀ ਵਿਦਿਆਲਾ ਵਿਚੋਂ ਇਕ ਗੀਤ ਸਿੱਖ ਆਏ ਹਾਂ।

ਮਨੋਹਰ ਲਾਲ ਨੇ ਕਿਹਾ ਚੰਗੀ ਗੱਲ ਹੈ ਸਤ੍ਯ ਦੇਵ ਤੇ ਲੀਲਾ ਤੁਸੀ ਭੀ ਦੋਵੇਂ ਗਾਵੋ ਤੁਹਾਡੇ ਚਾਚਾਜੀ ਸੁਣਨਗੇ।

ਪਿਤਾ ਦੀ ਆਗਿਆ ਸੁਣਦਿਆਂ ਲੀਲਾ ਵਾਜੇ ਦੇ ਪਾਸ ਆਕੇ ਆਪਣੀ ਵੱਡੀ ਭੈਣ ਸੁਰਸਤੀ ਨੂੰ ਕਹਿਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੱਗੀ ਤੁਸੀ ਦੋਵੇਂ ਵਾਜਾ ਵਜਾਓ ਤੇ ਅਸੀ ਦੋਵੇਂ ਗਾਵਾਂਗੇ ਇਹ ਕਹਿਕੇ ਦੋਹਾਂ ਨੇ ਬੜਾ ਹੀ ਸੁੰਦਰ ਗੀਤ ਗਾਵਿਆਂ ਏਨੇ ਨੂੰ ਓਨਾਂ ਦੀ ਮਾਂ ਭੀ ਓਥੇ ਆ ਗਈ ਅਰ ਮੈਨੂੰ ਦੇਖਕੇ ਨਮਸਕਾਰ ਕਰਕੇ ਬੋਲੀ:—

ਵੀਰ ਜੀ ! ਆਪ ਤਾਂ ਰੋਜ ਆਪਣੇ ਮਿੱਤ੍ਰ ਨੂੰ ਮਿਲਦੇ ਹੋ ਪਰ ਸਾਡੇ ਭਾਗਾਂ ਵਿਚ ਓਹ ਦਿਨ ਕਦ ਆਵੇਗਾ ਜਦ ਅਸੀ ਭੀ ਆਪਣੀ ਭੈਣ ਪ੍ਰੇਮ ਨਾਰਾਇਣ ਦੀ ਮਾਤਾ ਨੂੰ ਮਿਲਾਂਗੀ।

ਇਹ ਸੁਣਕੇ ਮੈਂ ਕਿਹਾ ਭੈਣ ਜੀ ! ਮੇਰੀ ਇਸਤ੍ਰੀ ਤਾਂ ਅਜੇ ਆਪ ਜੇਹੀ ਗੁਣਵੰਤੀ ਬੁਧਵੰਤੀ ਇਸਤ੍ਰੀ ਨਾਲ ਗੱਲ ਕਰਨ ਜੋਗੀ ਭੀ ਨਹੀਂ ਮੈਂ ਘਰ ਜਾਕੇ ਪੁਛਕੇ ਫੇਰ ਇਸਦਾ ਉੱਤਰ ਆਪ ਨੂੰ ਦੇਵਾਂਗਾ। ਮੈਂ ਸੋਚਦਾ ਹਾਂ ਕਿ ਮੇਰੇ ਮਿੱਤ੍ਰ ਮਨੋਹਰ ਲਾਲ ਜੀ ਨੂੰ ਕੇਹੜੇ ਪੁੰਨਾਂ ਦੇ ਫਲ ਕਰਕੇ ਆਪ ਜੇਹੀ ਸਭ ਗੁਣ ਸੰਪੰਨ ਇਸਤ੍ਰੀ ਮਿਲੀ ਹੈ ਅੱਜ ਏਥੇ ਆਕੇ ਇਨਾਂ ਕੰਨਜਾਂ ਦੇ ਭਜਨ ਗਾਉਣ ਸੁਣਨ ਨਾਲ ਮੈਨੂੰ ਬਹੁਤ ਹੀ ਅਨੰਦ ਪ੍ਰਾਪਤ ਹੋਯਾ ਹੈ। ਸਾਡੇ ਦੇਸ਼ ਵਿਚ ਕੰਨਜਾਂ ਨੂੰ ਸੰਗੀਤ ਵਿੱਦਜਾ ਸਿਖਾਉਣ ਦਾ ਕੋਈ ਪ੍ਰਬੰਧ ਅਥਵਾ ਚਾਹਨਾ ਨਹੀਂ ਏਹ ਕੇਵਲ ਤੁਹਾਡੇ ਗੁਣ ਦਾ ਪ੍ਰਤਾਪ ਹੈ ਜੋ ਇਨਾਂ ਕੰਨਜਾਂ ਨੂੰ ਇਹ ਸਿੱਖਿਆ ਮਿਲੀ ਹੈ। ਇਹ ਸੁਣਕੇ ਮੇਰੇ ਮਿੱਤ੍ਰ ਨੇ ਹੱਸਕੇ ਕਿਹਾ ਜੋ ਤੁਹਾਡੇ ਜੇਹੇ ਕੰਜੂਸ ਤੇ ਥੋੜੇ ਮਨ ਵਾਲੇ ਆਦਮੀ ਦੇ ਅਜਿਹੇ ਭਾਗ ਕਿੱਥੋਂ ? ਤੁਸਾਂ ਤਾਂ ਆਪਣੀ ਰਾਣੀ ਸਾਹਿਬ ਨੂੰ ਸੌ ਜੰਦਰੇ ਵਿਚ ਬੰਦ ਕੀਤਾ ਹੋਯਾ ਹੈ ਉਸ ਵਿਚਾਰੀ ਦਾ ਕੀ ਦੋਸ ਹੈ ਜਦ ਕਿ ਤੁਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਰਸ਼ ਹੋਕੇ ਭੀ ਜ਼ਰਾ ਸਾਹਸ ਨਹੀਂ ਰਖਦੇ। ਪ੍ਰਵਾਰਿਕ ਸੁਖ ਤਾਂ ਸਾਨੂੰ ਤਦ ਹੀ ਮਿਲ ਸਕਦਾ ਹੈ ਜਦ ਅਸੀ ਇਸਤ੍ਰੀ ਪੁਰਸ਼ ਪੁਤ੍ਰ ਧੀਆਂ ਸਭ ਪਵਿੱਤ੍ਰ ਭਾਵ ਨਾਲ ਕੱਠੇ ਹੋਕੇ ਦੋ ਘੜੀਆਂ ਰਾਗ ਰੰਗ ਹੋਰ ਗੱਲ ਬਾਤ ਕਰੀਏ।

ਮਾਂ ਦੌਲੀ ਜੇਹੀ ਉੱਤ੍ਰ ਦਿੱਤਾ ਕੀ ਤੁਹਾਡੇ ਵਾਂਗ ਸਾਰੇ ਹੀ ਪਿਓ ਦਾਦੇ ਦੀਆਂ ਰੀਤਾਂ ਤੋੜ ਛੱਡਣਗੇ ? ਅਰ ਆਪਣਾ ਹੀ ਸਿੱਕਾ ਚਲਾਉਣਗੇ ?

ਮਨੋਹਰ–ਕਿਉਂ ਨਾ ਚਲਾਉਣਗੇ ? ਸੰਸਾਰ ਦਾ ਇਤਹਾਸ ਤਾਂ ਪੜ੍ਹਕੇ ਦੇਖੋ ਜੋ ਕਿਸਨੇ ਪੁਰਾਣੀਆਂ ਰੀਤਾਂ ਨੂੰ ਫੜਿਆ ਹੋਇਆ ਹੈ। ਹਰ ਇਕ ਸੱਭ੍ਯ* ਤੇ ਉੱਨਤੀ ਕਰਨ ਵਾਲੀ ਜ਼ਾਤ ਨੇ ਆਪਣੀ ਉੱਨਤੀ ਵਿਚ ਰੋਕ ਪਾਉਣ ਵਾਲੀ ਭੈੜੀ ਰੀਤ ਨੂੰ ਹਟਾਕੇ ਉਸਦੀ ਥਾਂ ਨਵੀਂਆਂ ਲਾਭਦਾਇਕ ਰੀਤਾਂ ਪ੍ਰਚਲਤ ਕਰ ਦਿੱਤੀਆਂ ਹਨ ਦੇਖੋ ਚੀਨ ਦੇ ਲੋਕ ਪੁਰਾਣੀਆਂ ਰੀਤਾਂ ਨੂੰ ਭੈੜੀਆਂ ਸਮਝ ਕੇ ਕਿੱਡੀ ਛੇਤੀ ਤਿਆਗ ਰਹੇ ਹਨ ਅਰ ਓਸਦੀ ਥਾਂ ਇਸਤ੍ਰੀ ਪੁਰਸ਼ਾਂ ਨੂੰ ਦੂਸਰੇ ਦੇਸਾਂ ਵਿਚ ਭੇਜਕੇ ਉੱਚੀ ਸਿੱਖਯਾ ਪ੍ਰਾਪਤ ਕਰ ਰਹੇਹਨ। ਦੇਖ ਲੈਣਾ ਜੋ ਅਸੀ ਦੇਸ਼ ਚਾਲ ਦੇ ਟੋਇਆਂ ਵਿੱਚ ਪਏ ਰਹਾਂਗੇ ਤੇ ਓਹ ਅਸੱਭ੍ਯ ਚੀਨੀ ਸੁਖ ਸੰਪਤ ਦਾ ਅਨੰਦ ਭੋਗਣਗੇ। ਹੁਣ ਤੁਸੀ ਦੇਖੋ ਕਿ ਬਾਲਾਂ ਨੂੰ ਵੱਡੀ ਸਿੱਖਿਆ ਦੇਣ ਵਾਲੀ ਤਾਂ ਮਾਤਾ ਹੈ ਜੇ ਓਨਾਂ ਨੂੰ ਹੀ ਸਦਾ ਹਨੇਰੀ ਕੋਠੜੀ ਵਿਚ ਬੰਦ ਰੱਖੀਏ ਉਨਾਂ ਦੇ ਗਿਆਨ ਉੱਨਤੀ ਵਿਚ ਸਹਾਇਤਾ

---

*ਸੱਭ੍ਯ=ਚਤਰ। ਅਸੱਭ੍ਯ=ਮੂਰਖ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨ ਕਰੀਏ ਤਾਂ ਓਹ ਵਿਚਾਰੀਆਂ ਕਿਸਤਰਾਂ ਆਪਣੀ ਸੰਤਾਨ ਨੂੰ ਸ਼ੁਭ ਸਿੱਖਿਆ ਦੇ ਸਕਦੀਆਂ ਹਨ॥ ਮਹਾਤਮਾ ਜਾਰਜ ਹਾਰਬ੍ਰਟ ਸਾਹਿਬ ਨੇ ਸੱਚ ਕਿਹਾ ਹੈ

"ਇੱਕ ਸੁਪਾਤ੍ਰ ਮਾਤਾ ਇਕ ਸੌ ਉਸਤਾਦਾਂ ਤੋਂ ਵਧੀਕ ਗੁਣ ਕਾਰੀ ਹੈ"।

ਤੁਹਾਡੇ ਜੇਹੇ ਪੜ੍ਹੇ ਲਿਖੇ ਆਦਮੀਆਂ ਨੂੰ ਤਾਂ ਇਹ ਗੱਲ ਮਾਲੂਮ ਹੋਣੀ ਚਾਹੀਦੀ ਹੈ ਕਿ ਕਦੇ ਕੋਈ ਅੰਨ੍ਹਾਂ ਆਦਮੀ ਕਿਸੇ ਦੂਸਰੇ ਨੂੰ ਰਸਤਾ ਨਹੀਂ ਦਿਖਾ ਸਕਦਾ। ਸਾਡੇ ਦੇਸ ਦੇ ਬਹੁਤ ਪੜ੍ਹੇ ਲਿਖੇ ਭੀ ਸਮਝ ਕੋਰੇ ਹੀ ਹੁੰਦੇ ਹਨ ਸੱਚ ਝੂਠ ਦਾ ਵਿਚਾਰ ਨਹੀਂ ਕਰਦੇ, ਲੋਭੀ ਹੋਕੇ ਝੂਠੀਆਂ ਗਵਾਹੀਆਂ ਦੇਂਦੇ ਹਨ ਆਪਣੀ ਮਾਤਾ ਭੈਣ ਇਸਤ੍ਰੀ ਆਦਿਕ ਦਾ ਕੁਛ ਆਦਰ ਨਹੀਂ ਕਰਦੇ ਇਸਦਾ ਕਾਰਨ ਕੀ ਹੈ? ਮੈਂ ਤਾਂ ਇਹੋ ਕਹਾਂਗਾ ਕਿ ਮਾਤਾ ਦੀ ਕੁਸਿੱਖਯਾ ਦਾ ਪ੍ਰਭਾਵ ਹੈ। ਧੀਆਂ ਪੁੱਤ੍ਰਾਂ ਨੂੰ ਸ਼ੁਭ ਗੁਣ ਸੰਪੰਨ ਕਰਨਾ ਹੋਵੇ ਤਾਂ ਪਹਿਲਾਂ ਓਸਦੀ ਮਾਤਾ ਨੂੰ ਸਿੱਖਯਾ ਦੇਕੇ ਸੁਮਾਤਾ ਬਣਾਓ ਏਸ ਲਈ ਪੁਰਖਾਂ ਨੂੰ ਹਿੰਮਤ ਕਰਨੀ ਚਾਹੀਦੀ ਹੈ ਦੇਖੋ ਜੀ ਨਵਾਂ ਤੇ ਸੋਹਣਾ ਆਪਣੇ ਮਨ ਭਾਉਂਦਾ ਮਕਾਨ ਬਨਾਉਣ ਲਈ ਤਾਂ ਅਸੀਂ ਆਪਣੇ ਪਿਓ ਦਾਦੇ ਦਾ ਬਨਾਯਾ ਹੋਇਆ ਘਰ ਢਾਹਕੇ ਬਣੌਂਦੇ ਹਾਂ ਤੇ ਨਵੇਂ ਸੋਹਣੇ ਮਕਾਨਾ ਨਾਲ ਹੀ ਨਗਰ ਦੀ ਸੋਭਾ ਵਧਦੀ ਹੈ। ਪੁਰਾਣੇ ਘਰਾਂ ਨੂੰ ਭੀ ਹਰ ਵਰਹੇ ਕਲੀ ਕਰਵਾਕੇ ਉਜਲਾ ਕਰਦੇ ਹਾਂ ਤਾਂ ਕੀ ਆਪਣੀ ਮਾਨੁਖ ਜਾਤੀ ਦੇ ਸੁਧਾਰ ਲਈ ਪੁਰਾਣੀਆਂ ਪ੍ਰਚੱਲਤ ਰੀਤਾਂ ਦੀ ਥਾਂ ਨਵੀਆਂ ਸੁਖ ਦਾਇਕ ਰੀਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਪ੍ਰਚੱਲਤ ਕਰਨੀਆਂ ਚਾਹੀਦੀਆਂ ?

ਸੱਤਜ ਦੇਵ ਤੇ ਲੀਲਾ ਨੇ ਬੜੇ ਮਧੁਰ ਸੁਰ ਨਾਲ ਇਕ ਗੀਤ ਮਾਤਾ ਦੇ ਪਿਆਰ ਦਾ ਗਾਂਵਿਆਂ ਗੀਤ ਗਾਉਣ ਦੇ ਪਿਛੋਂ ਦੌੜਕੇ ਆਪਣੀ ਮਾਂ ਦੇ ਗਲ ਨਾਲ ਚੰਬੜ ਗਏ ਅਰ ਬੋਲੇ ਏਹੋ ਤਾਂ ਸਾਡੀ ਪਿਆਰੀ ਮਾਂ ਹੈ ਜੋ ਸਾਨੂੰ ਦੁੱਧ ਪਿਆਊਂਦੀ ਪਾਲਦੀ ਪੋਸਦੀ ਤੇ ਸਿੱਖਿਆ ਦੇਂਦੀ ਹੈ ॥

ਮੈਂ ਆਪਣੇ ਮਿੱਤ੍ਰ ਦੀਆਂ ਗੱਲਾਂ ਸੁਣਕੇ ਬੜਾ ਲੱਜਤ ਹੋਯਾ, ਛੇਕੜ ਮੈਂ ਉਨ੍ਹਾਂ ਦਾ ਧੰਨਵਾਦ ਕਰਕੇ ਜਾਣ ਦੀ ਆਗਜ਼ਾ ਮੰਗੀ, ਓਸ ਵੇਲੇ ਭਾਗਵੰਤੀ ਤੇ ਸੁਰੱਸ੍ਵਤੀ ਮੇਰੇ ਪਾਸ ਆਕੇ ਕਹਿਣ ਲੱਗੀਆਂ ਚਾਚਾ ਜੀ ! ਸਾਡੀ ਚਾਚੀ ਜੀ ਨੂੰ ਤੇ ਪ੍ਰੇਮ ਨਾਰਾਇਣ ਤੇ ਛੋਟੀ ਬੀਬੀ ਨੂੰ ਭੀ ਕਿਸੇ ਦਿਨ ਜ਼ਰੂਰ ਨਾਲ ਲਿਆਉਣਾ। ਮੈਂ ਹੱਛਾ ਕਹਿਕੇ ਤੁਰ ਆਯਾ ॥

ਮੈਂ ਆਪਣੇ ਮਿੱਤ੍ਰ ਦੀ ਸੰਤਾਨ ਦੀ ਸਿੱਖਿਆ ਤੇ ਓਸਦੀ ਇਸਤ੍ਰੀ ਦਾ ਨਿੰਮਰ ਭਾਵ ਦੇਖਕੇ ਬਹੁਤ ਪ੍ਰਸੰਨ ਹੋਯਾ। ਓਥੋਂ ਆਉਂਦਿਆਂ ਆਉਂਦਿਆਂ ਮੈਂ ਭੀ ਸੰਕਲਪ ਕੀਤਾ ਕਿ ਤੁਹਾਨੂੰ ਉਨ੍ਹਾਂ ਦੇ ਘਰ ਲੈ ਜਾਵਾਂਗਾ ਅਜੇਹਾ ਅਮੋਲਕ ਦ੍ਰਿਸ਼ਟਾਂਤ ਜਰੂਰ ਦੇਖਣਾ ਚਾਹੀਦਾ ਹੈ ਤੁਹਾਨੂੰ ਭੀ ਉਨ੍ਹਾਂ ਦੇ ਪ੍ਰਵਾਰ ਵਿਚ ਆਉਣ ਜਾਣ ਨਾਲ ਬਹੁਤ ਕੁਛ ਲਾਭ ਹੋਵੇਗਾ ਤੇ ਪ੍ਰੇਮ ਨਾਰਾਇਣ ਭੀ ਬਹੁਤ ਪ੍ਰਸੰਨ ਹੋਵੇਗਾ ਭਾਗਵੰਤੀ ਤੇ ਸੁਰੱਸ੍ਵਤੀ ਦੇ ਭਗਤੀ ਰਸ ਦੇ ਭਰੇ ਹੋਏ ਗੀਤ ਸੁਣ ੨ ਤਾਂ ਪੱਥਰ ਭੀ ਮੋਮ ਹੋ ਜਾਂਦੇ ਹਨ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਰਬਤੀ- (ਪ੍ਰਸੰਨ ਹੋਕੇ) ਹੱਛਾ ਜੀ ਅੱਜ ਤਾਂ ਆਰਾਮ ਕਰੋ, ਅਗਲੇ ਸੋਮਵਾਰ ਨੂੰ ਤੁਹਾਨੂੰ ਭੀ ਛੁੱਟੀ ਹੈ ਓਸ ਦਿਨ ਚੱਲਾਂਗੇ। ਹੱਛਾ ਜੀ ਮੈਂ ਹੁਣ ਆਪਦੀ ਆਗਜ਼ਾ ਮੰਨਣ ਨੂੰ ਤਿਆਰ ਹਾਂ ਮੈਨੂੰ ਵਾਜਾ ਕੌਣ ਸਿਖਾਵੇਗਾ ?

ਰਾਮ–ਹੱਛਾ ਅਗਲੇ ਸੋਮਵਾਰ ਨੂੰ ਮਨੋਹਰ ਲਾਲਦੇ ਘਰ ਜਾਵਾਂਗੇ ਤਾਂ ਉਨਾਂ ਦੀ ਇਸਤ੍ਰੀ ਨੂੰ ਕਹਾਂਗੇ॥

ਪਾਰਬਤੀ ਸੁਤੀ ਹੋਈ ਪ੍ਰੇਮਦੇਵੀ ਨੂੰ ਚੁੱਕ ਲਿਆਈ ਅਰ ਕਿਹਾ ਜੀ ਅਸੀਂ ਭੀ ਆਪਣੀ ਪ੍ਰੇਮਦੇਵੀ ਨੂੰ ਤੁਹਾਡੇ ਮਿੱਤ੍ਰ ਦੇ ਘਰ ਵਾਂਗ ਸਿਖਿਆ ਦੇਵਾਂਗੇ ਪ੍ਰੰਤੂ ਏਥੇ ਤਾਂ ਕੋਈ ਚੰਗੀ ਪਾਠਸ਼ਾਲਾ ਭੀ ਨਹੀਂ ਫੇਰ ਅਸਾਂ ਏਨਾਂ ਨੂੰ ਕਿਸਤਰਾਂ ਸਿੱਖਿਆ ਦੇ ਸਕਾਂਗੇ ?

ਰਾਮ–(ਹਸਕੇ) ਤੁਹਡੇ ਜੇਹੀ ਅੱਧਜ਼ਾਪਕਾ ਦੇ ਹੁੰਦਿਆਂ ਕੰਨਜ਼ਾਂ ਨੂੰ ਕਿਉਂ ਨ ਸਿੱਖਿਆ ਮਿਲੇਗੀ ? ਏਹ ਕਹਿਕੇ ਕੁੜੀ ਨੂੰ ਕੁਛੜ ਲੈਕੇ ਪਿਆਰ ਕਰਨ ਲਗ ਪਏ, ਓਹ ਭੀ ਹੁਣ ਜਾਗ ਪਈ ਸੀ। ਆਪਣੀਆਂ ਮਿੱਠੀਆਂ ਮਿਠੀਆਂ ਗੱਲਾਂ ਨਾਲ ਮਾਤਾ ਪਿਤਾ ਦਾ ਮਨ ਪ੍ਰਸੰਨ ਕਰਨ ਲਗ ਪਈ।

ਅਠਵਾਂ ਅੱਧਜ਼ਾਇ

ਇਕ ਦਿਨ ਪ੍ਰੇਮ ਨਾਰਾਇਣ ਗੇਂਦ ਲੈਕੇ ਬਾਹਰ ਖੇਡਣ ਚਲਾ ਗਿਆ, ਗਵਾਂਢੀਆਂ ਦੇ ਇਕ ਚੰਦਰੇ ਮੁੰਡੇ ਨੇ ਆਕੇ ਓਸਨੂੰ ਮਾਰਕੇ ਗੇਂਦ ਖੋਹਲਿਆ ਅਰ ਪ੍ਰੇਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਰਾਇਣ ਨੂੰ ਧੱਕਾ ਦੇਕੇ ਸੁੱਟ ਗਿਆ। ਸੱਟ ਲੱਗਣ ਕਰਕੇ ਤੇ ਅਚਾਣਕ ਦੀ ਬਿਪਤਾ ਆ ਪੈਣ ਕਰਕੇ ਪ੍ਰੇਮ ਨਾਰਾਇਣ ਰੋਣ ਲਗ ਪਿਆ। ਓਸਦੇ ਰੋਣ ਦੀ ਆਵਾਜ਼ ਸੁਣਦਿਆਂ ਹੀ ਓਸਦੀ ਮਾਂ ਦੌੜਕੇ ਬਾਹਰ ਆਈ ਅਰ ਰੋਂਦੇ ਹੋਏ ਪ੍ਰੇਮ ਨਾਰਾਇਣ ਨੂੰ ਕੁੱਛੜ ਚੁਕ ਲਿਆ ਅਰ ਰੋਣਦਾ ਕਾਰਨ ਪੁਛਿਆ ਪ੍ਰੇਮਨਾਰਾਇਣ ਨੇ ਸਭ ਕੁਛ ਸੱਚੋ ਸੱਚ ਦਸ ਦਿੱਤਾ। ਪਾਰਬਤੀ ਓਸਨੂੰ ਪਿਆਰ ਦਿਲਾਸਾ ਦੇਕੇ ਆਪਣੇ ਪਤੀ ਕੋਲ ਲੈ ਆਈ।

ਬਾਲ ਨੂੰ ਦੁਖੀ ਦੇਖਕੇ ਪਿਉ ਨੇ ਭੀ ਪਜਾਰ ਕੀਤਾ ਏਧਰ ਓਹ ਚੰਦਰਾ ਮੁੰਡਾ ਆਪਣੇ ਘਰ ਜਾਕੇ ਝੂਠੇ ਬਹਾਨੇ ਕਰਕੇ ਰੋਣ ਲਗ ਪਿਆ ਓਸਦੀ ਮਾਂ ਆਪਣੇ ਪੁਤ੍ਰ ਨੂੰ ਰੋਂਦਾ ਦੇਖਕੇ ਕ੍ਰੋਧ ਨਾਲ ਲਾਲੋ ਲਾਲ ਹੋਗਈ ਅਰ ਲਾਲਾ ਰਾਮਨਾਰਾਇਣ ਦੇ ਬੂਹੇ ਅੱਗੇ ਜਾਕੇ ਸੈਂਕੜੇ ਗੰਦੀਆਂ ਮੰਦੀਆਂ ਗਾਲਾਂ ਕੱਢਣ ਲਗ ਪਈ ਜਿਸਨੂੰ ਦੇਖ, ਸੁਣ ਰਾਮ ਨਰੈਣ ਤੇ ਪਾਰਬਤੀ ਬੜੇ ਦੁਖੀਹੋਏ ਪ੍ਰੰਤੂ ਮੂਰਖਾਂ ਦੀ ਗਲ ਤੇ ਕ੍ਰੋਧਕਰਨਾ ਵਿਅਰਥ ਸਮਝਕੇ ਚੁਪ ਹੋ ਗਏ ਅਰ ਪਾਰਬਤੀ ਹੇਠਾਂ ਉਤਰ ਆਈ ਅਰ ਓਸ ਕ੍ਰੋਧ ਦੀ ਭਰੀ ਹੋਈ ਇਸਤ੍ਰੀ ਦੀ ਬਾਂਹ ਫੜਕੇ ਬੋਲੀ, ਤੂੰ ਕਿਉਂ ਕ੍ਰੋਧ ਕਰਦੀ ਹੈਂ ਅਸਾਂ ਤਾਂ ਤੈਨੂੰ ਕੁਝ ਨਹੀਂ ਕਿਹ, ਤੂੰ ਸਿਆਣੀ ਹੋਕੇ ਕਿਉਂ ਇਹ ਕੰਮ ਕਰਦੀ ਹੈਂ? ਧੀਰਜ ਨਾਲ ਗਲ ਸੁਣਾ। ਓਨੇ ਨੂੰ ਓਸਦਾ ਪੁਤ੍ਰ ਭੀ ਆਕੇ ਮਾਂ ਦੇ ਕਪੜਿਆਂ ਵਿਚ ਗੇਂਦ ਲੁਕਾਉਣ ਲਗ ਪਿਆ, ਓਸ ਮੂਰਖ ਇਸਤ੍ਰੀ ਨੇ ਪੁੱਤ੍ਰ ਨੂੰ ਜ਼ਰਾ ਨਹੀਂ ਤਾੜਿਆ ਸਗੋਂ ਉਲਟਾ ਓਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਲੋਂ ਝਗੜਨ ਆਈ ਹੈ ਪੁੱਤ੍ਰ ਖਿਮਾ ਬੜਾ ਗੁਣ ਹੈ। ਜਦ ਓਸਨੇ ਦੇਖਿਆ ਕਿ ਓਸਦੇ ਕਰੋਧ ਤੇ ਗਾਲ੍ਹਾਂ ਦੇ ਉੱਤਰ ਵਿਚ ਪਾਰਬਤੀ ਧੀਰਜ ਨਾਲ ਹੌਲੀ ਜੇਹੀ ਬੋਲੀ ਹੈ ਤੇ ਬੜੇ ਪ੍ਰੇਮ ਨਾਲ ਓਸ ਦਾ ਹਥ ਫੜਕੇ ਪੀਹੜੀ ਤੇ ਬੈਠਾਇਆ ਤਾਂ ਓਹ ਸ਼ਰਮਿੰਦੀ ਹੋ ਗਈ ਅਰ ਪਾਰਬਤੀ ਨੂੰ ਬੋਲੀਃ—ਜੀ ਮੈਂ ਗਰੀਬ ਹਾਂ ਤਾਂ ਕੀ ਹੋਯਾ ਕੀ ਇਕ ਦ ਪੈਸੇ ਦਾ ਗੇਂਦ ਲੈਕੇ ਮੈਂ ਆਪਣੇ ਰਾਮੇ ਨੂੰ ਨਹੀਂ ਦੇ ਸਕਦੀ ਕਿ ਜਿਸਦੇ ਵਾਸਤੇ ਤੁਸਾਂ ਮੇਰੇ ਪੁੱਤ੍ਰ ਨੂੰ ਮਾਰਕੇ ਘਰੋਂ ਕੱਢ ਦਿੱਤਾ! ਜਿਸ ਤਰਾਂ ਪ੍ਰੇਮ ਨਾਰਾਇਣ ਨੂੰ ਸਮਝਦੇ ਹੋ ਤੁਹਾਨੂੰ ਓਸੇ ਤਰਾਂ ਰਾਮੇ ਨੂੰ ਸਮਝਣਾ ਚਾਹੀਦਾ ਹੈ।

ਪਾਰਬਤੀ ਬੜੀ ਅਚੰਭਿਤ ਹੋਕੇ ਬੋਲੀ ਭੈਣ ਇਹ ਕੀ ਕਿਹਾ ਹਈ ? ਮੈਂ ਕਦੋਂ ਤੇਰੇ ਪੁਤ੍ਰ ਨੂੰ ਮਾਰਿਆ ਹੈ। ਤੇਰਾ ਪੁਤ੍ਰ ਤਾਂ ਅਜ ਸਾਡੇ ਘਰ ਆਇਆ ਹੀ ਨਹੀਂ, ਹਾਂ ਇਹ ਗਲ ਜਰੂਰ ਹੋਈ ਹੈ ਕਿ ਅਜ ਪ੍ਰੇਮ ਨਾਰਾਇਣ ਗੇਂਦ ਲੈਕੇ ਬਾਹਰ ਖੇਡਣ ਗਿਆ ਸੀ ਭਾਵੇਂ ਓਸਦੀ ਲੜਾਈ ਰਾਮੇ ਨਾਲ ਗੇਂਦ ਪਿਛੇ ਹੋਈ ਹੋਵੇਗੀ ਏਸ ਗਲ ਦਾ ਤਾਂ ਮੈਨੂੰ ਪਤਾ ਨਹੀ। ਹੱਛਾ ਮੈਂ ਤੇ ਪ੍ਰੇਮ ਨਰਾਇਣ ਨੂੰ ਸਦਦੀ ਹਾਂ ਓਸਨੇ ਅਜ ਤਕ ਕਦੇ ਝੂਠ ਨਹੀਂ ਬੋਲਿਆ ਤੁਸੀ ਏਥੇ ਹੀ ਬੈਠੋ ਮੈਂ ਹੁਣੇ ਜਾਕੇ ਓਸਨੂੰ ਲੈ ਆਉਂਦੀ ਹਾਂ। ਝਟ ਪ੍ਰੇਮ ਨਰਾਇਣ ਨੂੰ ਲੈ ਆਈ। ਪਾਰਬਤੀ ਨੇ ਬੜੇ ਪਿਆਰ ਨਾਲ ਪੁਛਿਆ ਕਾਕਾ ਸਚ ਦਸ ਜੋ ਰਾਮੇ ਨਾਲ ਤੇਰੀ ਲੜਾਈ ਕਿਸ ਗਲੋਂ ਹੋਈ ਹੈ॥

ਪ੍ਰੇਮ ਨਾਰਾਇਣ ਨੇ ਸਾਰੀ ਗਲ ਸਚੋ ਸਚ ਸੁਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਤੀ। ਉਸਦੇ ਮੂੰਹੋਂ ਸੱਚੀ ਗਲ ਸੁਣਦਿਆਂ ਹੀ ਰਾਮਾ ਡਰ ਨਾਲ ਕੰਬਣ ਲਗ ਪਿਆ ਅਰ ਕੁਛ ਉਤਰ ਨਾ ਦੇ ਸਕਿਆ ਤਦ ਉਸਦੀ ਮੂਰਖ ਮਾਂ ਬੜੀ ਸ਼ਰਮਿੰਦੀ ਹੋਈ ਅਰ ਹਥ ਜੋੜਕੇ ਪਾਰਬਤੀ ਪਾਸੋਂ ਖਿਮਾ ਮੰਗਣ ਲਗ ਪਈ॥

ਪਾਰਬਤੀ ਨੇ ਕਿਹਾ–ਰਾਮੇ ਦੀ ਮਾਂ ਬਾਲਾਂ ਦੀਆਂ ਗਲਾਂ ਤੋਂ ਆਪਸ ਵਿਚ ਵੈਰ ਪਾਉਣਾ ਚੰਗੀ ਗਲਨਹੀਂ ਤੁਸੀ ਤਾਂ ਸਿਆਣੇ ਹੋ ਹੁਣ ਆਪਣੇ ਪੁਤਰ ਨੂੰ ਪੁਛੋ ਜੋ ਕੀ ਗੱਲ ਹੈ ?

ਰਾਮਾ ਭੀ ਸ਼ਰਮਿੰਦਾ ਹੋਯਾ ੨ ਉਥੇ ਹੀ ਪਾਸ ਬੈਠਾ ਹੋਇਆ ਸੀ ਏਹ ਗਲ ਸੁਣਕੇ ਓਹ ਆਪਣੇ ਘਰ ਨੂੰ ਉਠ ਦੌੜਿਆ, ਦੌੜਨ ਵੇਲੇ ਉਸਦੇ ਹਥੋਂ ਓਹ ਗੇਂਦ ਡਿਗ ਪਿਆ। ਏਹ ਹਾਲ ਦੇਖਕੇ ਉਸਦੀ ਮਾਂ ਹਸ ਪਈ ਅਰ ਪਾਰਬਤੀ ਅਗੇ ਹਥ ਜੋੜਕੇ ਆਪਣੇ ਘਰ ਨੂੰ ਤੁਰ ਪਈ। ਇਸਗੱਲਨਾਲ ਰਾਮ ਨਾਰਾਇਣ ਤੇ ਪਾਰਬਤੀ ਦੇ ਮਨ ਵਿਚ ਨਵੀਂ ਹੀ ਚਿੰਤਾ ਉਤਪੰਨ ਹੋ ਗਈ॥

ਰਾਮ ਨਾਰਾਇਣ ਨੇ (ਜਦ ਪ੍ਰੇਮ ਨਾਰਾਇਣ ਤੇ ਪ੍ਰੇਮ ਦੇਵੀ ਦੂਸਰੇ ਕਮਰੇ ਵਿਚ ਖੇਡ ਰਹੇ ਸਨ) ਪਾਰਬਤੀ ਨੂੰ ਆਪਣੇ ਪਾਸ ਸਦਿਆ ਅਰ ਕਿਹਾ ਤੁਸੀ ਸਮਝਦੇ ਹੋ ਜੋ ਇਸ ਮੂਰਖ ਇਸਤ੍ਰੀ ਦੇ ਪੁਤ੍ਰ ਦਾ ਅੰਤ ਕੀ ਹੋਵੇਗਾ ?

ਪਾਰਬਤੀ–ਹਾਂ ਜੀ ਜੋ ਇਸਤ੍ਰੀ ਆਪਣੀ ਮੂਰਖਤਾ ਦੇ ਵਸ ਹੋਕੇ ਆਪਣੀ ਸੰਤਾਨ ਨੂੰ ਭੈੜੀਆਂ ਵਾਦੀਆਂ ਤੋਂ ਨਹੀਂ ਰੋਕਦੀ ਉਸਨੂੰ ਛੋਟੇ ਹੁੰਦਿਆਂ ਤੋਂ ਹੀ ਨਹੀਂ ਸੁਧਾਰਦੀ, ਜਿਉਂ ੨ ਪੁਤਰ ਵਡਾ ਹੋਵੇਗਾ ਤਿਉਂ ਤਿਉਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਓਸਦੀਆਂ ਭੈੜੀਆਂ ਵਾਦੀਆਂ ਵਧਦੀਆਂ ਜਾਣ ਗੀਆਂ ਫੇਰ ਕਿਸੇ ਨਾ ਕਿਸੇ ਦਿਨ ਓਸਨੂੰ ਓਸਦੇ ਕੁਕਰਮਾਂ ਦਾ ਫਲ ਜਰੂਰ (ਕੈਦ ਆਦਿਕ) ਭੋਗਣਾ ਪਵੇਗਾ ਫੇਰ ਜਿਸ ਨਾਲ ਮਾਂ ਪੁਤ੍ਰ ਦੋਹਾਂ ਨੂੰ ਪਛਤਾਉਣਾ ਪਵੇਗਾ। ਹੁਣ ਤਾਂ ਓਹ ਲਾਡ ਪਿਆਰ ਨਾਲ ਓਸਨੂੰ ਕੁਛ ਨਹੀਂ ਕਹਿੰਦੀ ਸਗੋਂ ਉਲਟੀ ਓਸਤੋਂ ਚਿੜਕੇ ਲੋਕਾਂ ਨਾਲ ਲੜਦੀ ਹੈ ਪਰੰਤੂ ਛੇਕੜ ਓਸਨੂੰ ਪਛਤਾਉਣਾ ਪਵੇਗਾ ਮੈਨੂੰ ਤਾਂ ਏਹੋ ਜੇਹੀਆਂ ਇਸਤ੍ਰੀਆਂ ਦੀ ਦਸ਼ਾ ਤੇ ਬਹੁਤ ਸ਼ੋਕ ਹੁੰਦਾ ਹੈ ਹਾਇ! ਏਹ ਸਭ ਅਵਿਦਯਾ ਦਾ ਫਲ ਹੈ॥

ਰਾਮ–ਕੌਵਲ ਉਸਨੂੰ ਤੇ ਓਸਦੇ ਪੁਤਰ ਨੂੰ ਹੀ ਦੁਖ ਨਹੀਂ ਹੋਵੇਗਾ ਸਗੋਂ ਮੈਨੂੰ ਤਾਂ ਏਹ ਚਿੰਤਾ ਹੋ ਰਹੀ ਹੈ ਕਿ ਅਜੇਹੀ ਸੰਗਤ ਵਿਚ ਰਹਿਣ ਨਾਲ ਸਾਡੇ ਬਾਲ ਭੀ ਵਿਗੜ ਜਾਣਗੇ। ਹੁਣ ਤਾਂ ਪ੍ਰੇਮ ਨਾਰਾਇਣ ਛੋਟਾ ਹੈ ਉਸਨੂੰ ਏਨਾਂ ਗਲਾਂ ਦੀ ਸਮਝ ਨਹੀਂ ਪਰ ਜਦ ਓਹ ਵਡਾ ਹੋ ਜਾਵੇਗਾ ਤਾਂ ਉਸਨੂੰ ਏਨਾਂ ਸਾਰੀਆਂ ਗਲਾਂ ਦੀ ਸਮਝ ਆ ਜਾਵੇਗੀ। ਜੇ ਹੁਣ ਤੋਂ ਹੀ ਓਸਨੂੰ ਅਜੇਹੀ ਕੁਸੰਗਤ ਤੋਂ ਨਾ ਬਚਾਵਾਂਗੇ ਤਾਂ ਇਸਦਾ ਫਲ ਸਾਨੂੰ ਭੀ ਭੋਗਣਾ ਪਵੇਗਾ। ਸਾਡੀਆਂ ਸਾਰੀਆਂ ਆਸਾਂ ਮਿਟੀ ਵਿਚ ਮਿਲ ਜਾਣਗੀਆਂ। ਹੁਣ ਮੈਂ ਦੇਖਾਂਗਾ ਜੋ ਸ਼ਹਿਰ ਦੇ ਬਾਹਰ ਕੋਈ ਚੰਗੀ ਥਾਂ ਮਿਲਦੀ ਹੈ ਕਿ ਨਹੀਂ, ਜਿਥੇ ਸਾਡਿਆਂ ਬਾਲਾਂ ਨੂੰ ਅਜੇਹੇ ਚੰਦਰੇ ਬਾਲਾਂ ਨਾਲ ਨਾ ਮਿਲਣਾ ਪਵੇ ਅਰ ਉਹ ਖੇਡ ਭੀ ਚੰਗੀਤਰਾਂ ਸਕਣ।

ਜੇ ਮਨੋਹਰ ਲਾਲ ਦੀ ਕੋਠੀ ਦੇ ਪਾਸ ਕੋਈ ਚੰਗੀ ਥਾਂ ਮਿਲ ਜਾਵੇ ਤਾਂ ਬਹੁਤ ਚੰਗਾ ਹੋਵੇ ਤੁਹਾਨੂੰ ਭੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਓਹਨਾਂ ਦੀ ਇਸਤ੍ਰੀ ਤੇ ਕੰਨਜਾਂਦੇ ਮਿਲਣ ਨਾਲ ਬਹੁਤ ਕੁਝ ਲਾਭ ਪਹੁੰਚੇਗਾ ॥

ਪਾਰਬਤੀ ਇਹ ਗਲ ਸੁਣਕੇ ਬਹੁਤ ਪ੍ਰਸੰਨ ਹੋਈ। ਰਾਮ ਨਾਰਾਇਣ ਜੀ ਦੀ ਮਾਤਾ ਨੇ ਪਹਿਲਾਂ ਤਾਂ ਕੁਛ ਅਪ੍ਰਸੰਨਤਾ ਪ੍ਰਗਟ ਕੀਤੀ ਪ੍ਰੰਤੂ ਜਦ ਏਹ ਸੁਣਿਆ ਕਿ ਏਹ ਸਭ ਕੁਛ ਬਾਲਾਂ ਦੇ ਭਲੇ ਲਈ ਹੈ ਤਾਂ ਖ਼ੁਸ਼ੀ ਨਾਲ ਮੰਨ ਲਿਆ ॥

ਨੌਵਾਂ ਅੱਧਜ਼ਾਇ

ਇਕ ਦਿਨ ਪਾਰਬਤੀ ਪ੍ਰੇਮ ਨਾਰਾਇਣ ਨੂੰ ਨਾਲ ਲੈਕੇ ਆਪਣੀ ਇਕ ਸਹੇਲੀ ਨੂੰ ਮਿਲਣ ਓਸਦੇ ਘਰ ਗਈ। ਓਸਦੀ ਸਹੇਲੀ ਰਾਮ ਪਿਆਰੀ ਅਪਣੀ ਸਹੇਲੀ ਨੂੰ ਚਿਰਾਂ ਪਿਛੋਂ ਮਿਲਣ ਕਰਕੇ ਬਹੁਤ ਪ੍ਰਸੰਨ ਹੋਈ ਤੇ ਬੜੇ ਆਦਰ ਨਾਲ ਬੈਠਾਇਆ ॥

ਦੋਵੇਂ ਸਹੇਲੀਆਂ ਆਪਸ ਵਿਚ ਦੁਖ ਸੁਖ ਦੀਆਂ ਗਲਾਂ ਕਰਨ ਲਗ ਪਈਆਂ, ਰਾਮ ਪਿਆਰੀ ਦੇ ਚਾਰ ਬਾਲ ਦੋ ਪੁਤ੍ਰ ਤੇ ਦੋ ਧੀਆਂ ਸਨ ਪਰ ਓਸਨੇ ਆਪਣੇ ਬਾਲਾਂ ਦੀ ਭਲਿਆਈ ਵਲ ਕਦੇ ਧਿਆਨ ਨਹੀਂ ਕੀਤਾ ਸੀ ਅਰ ਸਦਾ ਨੌਕਰਾਂ ਦੇ ਪਾਸ ਰਹਿਣ ਕਰਕੇ ਬਾਲਾਂ ਦੀ ਵਾਦੀ ਭੈੜੀ ਹੋ ਗਈ ਹੈ। ਰਾਮ ਪਿਆਰੀ ਦੀ ਸਸ ਨੇ ਬਾਲਾਂ ਨੂੰ ਲਾਡ ਪਿਆਰ ਨਾਲ ਸਿਰੇ ਚੜ੍ਹਾਯਾ ਹੋਯਾ ਹੈ ਏਸ ਲਈ ਹੁਣ ਓਹ ਕਿਸੇਦਾ ਕਹਿਣਾ ਨਹੀਂ ਮੰਨਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰੇਮ ਨਾਰਾਇਣ, ਰਾਮ ਪਿਆਰੀ ਦੇ ਛੋਟੇ ਮੁੰਡੇ ਨਾਲ ਖੇਡਣ ਲਗ ਪਿਆ। ਏਨੇ ਨੂੰ ਰਾਮ ਪਿਆਰੀ ਦੇ ਪੁਤ੍ਰ ਆਪਸ ਵਿਚ ਖਿਡਾਉਣਿਆਂ ਤੋਂ ਲੜਨ ਲਗ ਪਏ ਵਡੇ ਮੁੰਡੇ ਨੇ ਛੋਟੇ ਨੂੰ ਪਟਕਾਕੇ ਮਾਰਿਆ ਜਿਸ ਨਾਲ ਓਸਦੇ ਹਥ ਨੂੰ ਬਹੁਤ ਸੱਟ ਲਗੀ ਤੇ ਨਕ ਮੂੰਹ ਵਿਚੋਂ ਭੀ ਲਹੂ ਵਗਣ ਲਗ ਪਿਆ ਪਰ ਓਹ ਨਿਰਦਈ ਮੁੰਡਾ ਉੱਕਾ ਨਾ ਡਰਿਆ ਜਦ ਰਾਮ ਪਿਆਰੀ ਓਸਦੀ ਮਾਂ ਓਸਨੂੰ ਮਾਰਨ ਝਿੜਕਣ ਲਗੀ ਤਾਂ ਓਹ ਮਾਂ ਨੂੰ ਗੰਦੀਆਂ ਗਾਲ੍ਹਾਂ ਕਢਣ ਲਗ ਪਿਆ, ਇਸ ਗਲ ਨਾਲ ਓਸਦੀ ਮਾਂ ਨੂੰ ਬਹੁਤ ਕ੍ਰੋਧ ਚੜ੍ਹਿਆ ਅਰ ਓਹ ਓਸਨੂੰ ਫੜਕੇ ਮਾਰਨ ਲਗ ਪਈ। ਏਨੇ ਨੂੰ ਓਸਦੀ ਸਸ ਆ ਗਈ ਓਹ ਆਪਣੀ ਨੂੰਹ ਨੂੰ ਗਾਲ੍ਹਾਂ ਕਢਕੇ ਓਸ ਦੁਸ਼ਟ ਮੁੰਡੇ ਨੂੰ ਖੋਹ ਕੇ ਲੈ ਗਈ ਅਰ ਕੁਛ ਪੈਸੇ ਦੇਕੇ ਨੌਕਰ ਨਾਲ ਬਾਜਾਰ ਭੇਜ ਦਿਤਾ ਜਿਸ ਨਾਲ ਓਹ ਹੋਰ ਭੀ ਸਿਰੇ ਚੜ੍ਹ ਗਿਆ॥

ਓਸ ਛੋਟੇ ਮੁੰਡੇ ਨੂੰ ਪਾਰਬਤੀ ਨੇ ਆਪਣੇ ਕੁਛੜ ਚੁਕਕੇ ਚੁਪ ਕਰਾਯਾ ਅਰ ਹਥ ਤੇ ਪਾਣੀ ਵਿਚ ਲੀਰ ਭਿਉਂਕੇ ਬੰਨ੍ਹ ਦਿਤੀ। ਫੇਰ ਰਾਮ ਪਿਆਰੀ ਨੂੰ ਆਪਣੇ ਪਾਸ ਸੱਦਕੇ ਪੁਛਿਆ ਜੋ ਭੈਣ ਕੀ ਤੂੰ ਆਪਣੇ ਬਾਲਾਂ ਨੂੰ ਸਦਾ ਏਸੇ ਤਰਾਂ ਮਾਰਦੀ ਰਹਿੰਦੀ ਹੈਂ? ਅਰ ਓਹ ਭੀ ਤੈਨੂੰ ਏਸੇ ਤਰਾਂ ਗਾਲ੍ਹਾਂ ਕਢਦੇ ਰਹਿੰਦੇ ਹਨ? ਤੂੰ ਓਹਨਾਂ ਨੂੰ ਕਿਉਂ ਨਹੀਂ ਸੁਧਾਰਦੀ?

ਰਾਮ ਪਿਆਰੀ ਨੇ ਬੜੇ ਸ਼ੋਕ ਨਾਲ ਕਿਹਾ ਮਾਪਿ ਆਂ ਨੇ ਤਾਂ ਪੜ੍ਹਾ ਹੀ ਦਿੱਤਾ ਸੀ ਹੋਰ ਕੁਝ ਦੇਖਿਆ ਚਾਖਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆ ਨਹੀਂ ਸੀ ਪਰ ਜਦੋਂ ਤੋਂ ਮੈਂ ਵਿਆਹੀ ਹਾਂ ਮੇਰੀ ਸੱਸ ਮੈਨੂੰ ਕਿਸੇ ਪੋਥੀ ਨੂੰ ਹਥ ਨਹੀਂ ਲਾਉਣ ਦੇਂਦੀ ਸਾਰਾ ਦਿਨ ਗਾਲਾਂ ਕਢਦੀ ਰਹਿੰਦੀ ਹੈ ਅਰ ਨੌਕਰਾਂ ਵਾਂਗ ਦੁਖ ਦੇਂਦੀ ਰਹਿੰਦੀ ਹੈ। ਸ੍ਵਾਮੀ ਜੀ ਹਨ, ਸੋ ਓਹ ਸਾਰਾ ਦਿਨ ਬਾਹਰ ਯਾਰਾਂ ਮਿਤ੍ਰਾਂ ਵਿਚ ਬੈਠੇ ਮੌਜਾਂ ਕਰਦੇ ਹਨ ਘਰ ਵਿਚ ਧਨ ਦੀ ਕੋਈ ਪ੍ਰਵਾਹ ਨਹੀਂ ਨੌਕਰ ਚਾਕਰ ਬਥੇਰੇ ਹਨ ਪ੍ਰੰਤੂ ਫੇਰ ਭੀ ਮੈਨੂੰ ਕੁਝ ਸੁਖ ਨਹੀਂ ਮਿਲਦਾ ਜਦ ਦੇ ਇਹ ਬਾਲ ਬਚ ਹੋਏ ਹਨ ਤਦ ਤੋਂ ਹੋਰ ਭੀ ਮੇਰੀ ਜਾਨ ਤੇ ਬਿਪਤਾ ਪੈ ਗਈ ਹੈ ਮੈਂ ਅਜਿਹੇ ਘਰ ਵਿਚ ਰਹਿਕੇ ਕਿਸ ਤਰਾਂ ਇਨਾਂ ਨੂੰ ਸੁਧਾਰ ਸਕਦੀ ਹਾਂ ਅਰ ਕਿਸ ਤਰਾਂ ਚੰਗੀ ਸਿਖ੍ਯਾ ਦੇ ਸਕਦੀ ਹਾਂ!

ਰਾਮ ਪਿਆਰੀ ਦੀਆਂ ਦੁਖ ਭਰੀਆਂ ਗਲਾਂ ਸੁਣਕੇ ਪਾਰਬਤੀ ਨੂੰ ਬੜਾ ਤਰਸ ਆਯਾ ਅਰ ਓਹ ਬੜੀ ਧੀਰਜ ਦੇਕੇ ਬੋਲੀ ਪਿਆਰੀ ਭੈਣ! ਤੂੰ ਕੁਛ ਦੁਖ ਨਾ ਮੰਨ ਅਰ ਧੀਰਜ ਨਾਲ ਮੇਰੀ ਗੱਲ ਸੁਣ ਤੇਰਾ ਇਹ ਮੁਖ੍ਯ ਧਰਮ ਹੈ ਕਿ ਤੂੰ ਆਪਣ ਬਾਲਾਂ ਨੂੰ ਚੰਗੀ ਸਿਖ੍ਯਾ ਦੇਵੇਂ, ਤੂੰ ਏਸ ਘਰ ਨੂੰ ਭੀ ਨਹੀਂ ਛਡ ਸਕਦੀ। ਏਸੇ ਵਿਚ ਤੈਨੂੰ ਸਾਰੀ ਉਮਰ ਬਤੀਤ ਕਰਨੀ ਪਵੇਗੀ। ਪਹਿਲੇ ਤੂੰ ਆਪਣੇ ਆਚਰਨ ਨਾਲ ਪਤੀ ਨੂੰ ਵੱਸ ਵਿੱਚ ਕਰ, ਫੇਰ ਓਸਦੀ ਸਹਾਇਤਾ ਨਾਲ ਬਾਲਾਂ ਨੂੰ ਸੁਧਾਰਨ ਦਾ ਯਤਨ ਕਰ ਨਹੀਂ ਤਾਂ ਏਨਾਂ ਬਾਲਾਂ ਪਾਸੋਂ ਤੈਨੂੰ ਬੜਾ ਕਲੇਸ਼ ਮਿਲੇਗਾ।

ਰਾਮ ਪਿਆਰੀ ਨੇ ਆਪਣੇ ਪੇਕੇ ਕੁਛ ਥੋੜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁਤ ਲਿਖਿਆ ਪੜ੍ਹਿਆ ਸੀ ਪਰ ਸਾਹੂਕਾਰਾਂ ਦੇ ਘਰ ਵਿਆਹੀ ਜਾਣ ਕਰਕੇ ਨਿੱਤ ਗਹਿਣੇ ਕਪੜੇ ਵਿਚ ਰੁੱਝੀ ਰਹੀ ਏਸੇ ਕਰਕੇ ਕੁਛ ਆਲਸਣ ਭੀ ਹੋ ਗਈ ਸੀ। ਘਰ ਦਾ ਸਾਰਾ ਕੰਮ ਧੰਧਾ ਉਸਦੀ ਸੱਸ ਵੇਖਦੀ ਕਰਦੀ ਸੀ ਏਸੇ ਲਈ ਨੂੰਹ ਸੱਸ ਦਾ ਪਿਆਰ ਨਹੀਂ ਸੀ ਫੇਰ ਜਦ ਉਸਦੇ ਬਾਲ ਹੋਏ ਇਸਨੇ ਉਨ੍ਹਾਂ ਵਲ ਭੀ ਕੁਝ ਬਹੁਤਾ ਧਿਆਨ ਨਾ ਦਿਤਾ ਓਹ ਬਹੁਤਾ ਨੌਕਰਾਂ ਪਾਸ ਹੀ ਰਹਿੰਦੇ। ਰਾਮ ਪਿਆਰੀ ਦੇ ਪਤੀ ਬਿਹਾਰੀ ਲਾਲ ਜੀ ਬੜੇ ਸ਼ੌਕੀਨ ਸਨ ਪ੍ਰੰਤੂ ਇਨ੍ਹਾਂ ਨੇ ਕੁਛ ਬਹੁਤ ਵਿਦਯਾ ਨਹੀਂ ਪੜ੍ਹੀ ਸੀ ਅਰ ਨਾ ਹੀ ਉਨ੍ਹਾਂ ਨੂੰ ਆਪਣੀ ਇਸਤ੍ਰੀ ਅਥਵਾ ਧੀਆਂ ਪੁੱਤ੍ਰਾਂ ਨੂੰ ਚੰਗੀ ਸਿੱਖਯਾ ਦੇਣ ਦਾ ਧਿਆਨ ਸੀ। ਅਜੇਹੇ ਮਾਤਾ ਪਿਤਾ ਦੀ ਸੰਤਾਨ ਨੂੰ ਕਿੱਥੋਂ ਸ਼ੁਭ ਸਿੱਖਯਾ ਮਿਲੇਗੀ ?

ਪਾਰਬਤੀ ਨੇ ਥੋੜੇ ਚਿਰ ਵਿੱਚ ਹੀ ਇਸ ਪ੍ਰਵਾਰ ਦੀ ਸੋਚਨੀਯ ਅਵਸਥਾ ਦਾ ਸਾਰਾ ਹਾਲ ਜਾਣ ਲਿਆ ਓਹ ਆਪਣੇ ਮਨ ਵਿਚ ਆਪਣੇ ਪਤੀ ਨੂੰ ਸਲਾਹੁਣ ਲਗ ਪਈ ਜੋ ਮੇਰੇ ਧੰਨ ਭਾਗ ਹਨ ਕਿ ਮੈਨੂੰ ਅਜੇਹੇ ਗੁਣੀ ਤੇ ਪ੍ਰੇਮੀ ਪਤੀ ਮਿਲੇ ਹਨ ! ਫੇਰ ਉਸਨੇ ਆਪਣੀ ਸਹੇਲੀ ਨੂੰ ਸਮਝਾ ਕੇ ਕਿਹਾ ਕਿ ਅੱਜ ਤੋਂ ਤੂੰ ਮਨ ਲਾਕੇ ਆਪਣੇ ਸ੍ਵਾਮੀ ਦੀ ਸੇਵਾ ਕਰਿਆ ਕਰ ਅਰ ਜਿਥੋਂ ਤਕ ਹੋਸਕੇ ਘਰ ਦਾ ਕੰਮ ਕਾਜ ਆਪਣੇ ਹਥੀਂ ਕੀਤਾ ਕਰ ਬਾਲਾਂ ਨੂੰ ਪਾਲਣਾ ਮਾਤਾ ਦਾ ਧਰਮ ਹੈ ਸੋ ਤੂੰ ਉਨਾਂ ਨੂੰ ਆਪਣੇ ਹਥੀਂ ਨੁਹਾਇਆ ਧੁਲਾਇਆ ਤੇ ਖੁਆਇਆ ਪਲਾਇਆ ਕਰ ਫੇਰ ਦੇਖੀਂ ਕਿ ਥੋੜੇ ਦਿਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਹੀ ਤੇਰੇ ਬਾਲਾਂ ਦਾ ਤੇ ਤੇਰੇ ਘਰ ਦਾ ਰੰਗ ਬਦਲ ਜਾਵੇਗਾ। ਫੇਰ ਤੇਰਾ ਪਤੀ ਆਪੇ ਤੇਰੇ ਤੇ ਪ੍ਰਸੰਨ ਹੋਵੇਗਾ। ਫੇਰ ਦੋਵੇਂ ਰਲਕੇ ਬਾਲ਼ਾਂ ਨੂੰ ਸੁਧਾਰੋ।

ਬਾਲਾਂ ਨੂੰ ਭੀ ਧੀਰਜ ਪਿਆਰ ਤੇ ਦ੍ਰਿੜ੍ਹਤਾ ਨਾਲ ਸਧਾਰਨਾ ਚਾਹੀਦਾ ਹੈ ਵਿਅਰਥ ਲਾਡ ਨਹੀਂ ਕਰਨਾ ਜਿਹਾ ਕੁ—ਜੋ ਓਹ ਮੰਗਣ ਸੋ ਨਹੀਂ ਦੇਣਾ ਇਸ ਨਾਲ ਓਨਾਂ ਦਾ ਸਵਾਰਥ ਤੇ ਜਿਦ ਵਧਦੀ ਹੈ।

ਰਾਮਪਿਆਰੀ (ਬੜੀ ਦੁਖਿਤ ਹੋ ਕੇ) ਭੈਣ ਜੋ ਕੁਛ ਤੂੰ ਕਿਹਾ ਹੈ ਓਹ ਮੈਂ ਤਾਂ ਸਭ ਕੁਛ ਕਰਨ ਨੂੰ ਤਿਆਰ ਹਾਂ ਪ੍ਰੰਤੂ ਮੇਰੇ ਬਾਲ ਬੜੇ ਢੀਠ ਹੋ ਗਏ ਹਨ ਲੋਹੇ ਨੂੰ ਕੁੱਟੋ ਓਹ ਸਿੱਧਾ ਹੋ ਜਾਵੇਗਾ ਪਰ ਮੇਰ ਬਾਲ ਸੁਧਰਨ ਵਾਲੇ ਨਹੀਂ। ਦੇਖ ਵੱਡਾ ਮੁੰਡਾ ਦੋ ਵਰ੍ਹਿਹਾਂ ਤੋਂ ਇਕੋ ਸ੍ਰੇਣੀ (ਜਮਾਤ) ਵਿਚ ਬੈਠਾ ਹੈ ਨਾ ਓਥੇ ਪੜ੍ਹਾਈ ਕਰਦਾ ਹੈ ਨਾ ਘਰ ਆਕੇ ਚੈਨ ਨਾਲ ਰਹਿੰਦਾ ਹੈ ਤੂੰ ਮੈਨੂੰ ਕੋਈ ਚੰਗਾ ਉਪਾਇ ਦੱਸ ਜੋ ਮੈਂ ਕਿਸ ਤਰਾਂ ਏਨਾਂ ਨੂੰ ਸੁਧਾਰਾਂ ?

ਰਾਮਪਿਆਰੀ ਦੀ ਇਹ ਗੱਲ ਸੁਣਕੇ ਪਾਰਬਤੀ ਬੋਲੀਃ--ਭੈਣ ਆਪਣੀ ਪਿਆਰੀ ਸੰਤਾਨ ਨੂੰ (ਭਾਵੇਂ ਓਹ ਕੇਹੀ ਹੋਵੇ) ਸੁਧਾਰਨਾ ਮਾਤਾ ਦਾ ਹੀ ਧਰਮ ਹੈ। ਤੂੰ ਆਪਣੇ ਬਾਲਾਂਨੂੰ ਬੜੇ ਪਿਆਰ ਨਾਲ ਘੰਟਾ ਦੋ ਘੰਟੇ ਆਪਣੇ ਪਾਸ ਬੈਠਾਯਾ ਕਰ, ਓਨਾਂ ਦਾ ਮਨ ਪ੍ਰਚਾਉਣ ਨੂੰ ਕਹਾਣੀਆਂ ਵਾਂਗ ਉਪਦੇਸ਼ ਦਿਆ ਕਰ ਉਨਾਂ ਨੂੰ ਭਜਨ ਗਿਆਨ ਆਦਿਕ ਸਿਖਾਇਆ ਕਰ ਬਾਲਾਂ ਨੂੰ ਬਹੁਤਾ ਨੌਕਰਾਂ ਪਾਸ ਨਾ ਛੱਡਯਾ ਕਰ ਕਾਰਨ ਇਹ ਜੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੌਕਰ ਅਨਪੜ੍ਹ ਮੂਰਖ ਹੁੰਦੇ ਹਨ ਸੱਚ ਝੂਠ ਦੀ ਉਨ੍ਹਾਂ ਨੂੰ ਵਿਚਾਰ ਨਹੀਂ ਹੁੰਦੀ ਇਸ ਲਈ ਓਨਾਂ ਪਾਸੋਂ ਬਾਲਾਂ ਨੂੰ ਭੈੜੀ ਸਿੱਖਯਾ ਮਿਲਦੀ ਹੈ। ਬਾਲਾਂ ਨੂੰ ਪਹਿਲਾਂ ਡਰ ਸਿਖਾਉਣਾ ਚਾਹੀਦਾ ਹੈ ਜੋ ਬਾਲ ਮਾਂ ਪਿਊ ਦਾ ਡਰ ਮੰਨਦੇ ਹਨ ਓਹ ਵਿਗੜਦੇ ਨਹੀਂ ਪਰ ਇਕੋ ਵਾਰੀ ਤਾਂ ਓਹ ਡਰ ਮੰਨਣਗੇ ਨਹੀਂ ਹੌਲੀ ੨ ਆਪੇ ਸੁਧਰ ਜਾਣਗੇ। ਅਰ ਆਪਣੀ ਆਗਿਆ ਨੂੰ ਭੀ ਦ੍ਰਿੜ ਰੱਖਣਾ ਚਾਹੀਦਾ ਹੈ ਕਈ ਮਾਵਾਂ ਬਾਲਾਂ ਨੂੰ ਲੋਭ ਦੇਕੇ ਆਗਿਆ ਵਿਚ ਕਰਦੀਆਂ ਹਨ। ਜੇਹਾ ਕੁ ਤੂੰ ਆਪਣੇ ਪੁਤ੍ਰ ਹਰੀਚੰਦ ਨੂੰ ਕਿਹਾ ਕਿ ਪੁਤ੍ਰ ਫਲਾਣਾ ਕੰਮ ਕਰ ਮੈਂ ਤੈਨੂੰ ਮਿਠਿਆਈ ਦੇਵਾਂਗੀ ਫੇਰ ਜਦ ਓਸ ਨੇ ਕੰਮ ਕਰ ਲਿਆ ਤਾਂ ਤੂੰ ਮਿਠਿਆਈ ਨਾ ਦਿੱਤੀ ਅਥਵਾ ਜੋ ਕੰਮ ਤੂੰ ਕਿਹਾ ਓਸਨੇ ਨਾ ਕੀਤਾ ਤਦ ਭੀ ਤੂੰ ਓਸਨੂੰ ਝਾੜਨ ਦੀ ਥਾਂ ਪਿਆਰ ਕੀਤਾ ਤਦ ਓਹ ਤੇਰੀ ਗੱਲ ਤੇ ਵਿਸ਼ਵਾਸ ਨਹੀਂ ਕਰੇਗਾ। ਸਾਡੇ ਸ਼ਹਿਰ ਵਿਚ ਇਕ ਬੜੇ ਸੱਤਯਵਾਦੀ ਮਹਾਂ ਪੁਰਸ਼ ਸਨ ਓਹ ਆਪ ਹੀ ਸੱਚ ਨਹੀਂ ਬੋਲਦੇ ਸਨ ਸਗੋਂ ਆਪਣੇ ਸਾਰੇ ਪ੍ਰਵਾਰ ਨੂੰ ਹੀ ਸੱਚ ਬੋਲਣ ਦਾ ਉਪਦੇਸ਼ ਦੇਂਦੇ ਸਨ ਇਕ ਦਿਨ ਓਨਾਂ ਦਾ ਛੋਟਾ ਮੁੰਡਾ ਰਾਤ ਨੂੰ ਬਹੁਤ ਰੋਂਦਾ ਸੀ ਦਾਸੀ ਨੇ ਓਸ ਨੂੰ ਚੁਪ ਕਰਾਉਣ ਲਈ ਕਿਹਾ ਤੂੰ ਚੁਪ ਕਰਕੇ ਸੌਂ ਜਾਵੇਂਗਾ ਤਾਂ ਮੈਂ ਤੈਨੂੰ ਲੱਡੂ ਦੇਵਾਂਗੀ ਓਹ ਲੋਭ ਵਿਚ ਆਕੇ ਸੌਂ ਗਿਆ। ਤਦ ਓਨਾਂ ਸਤ ਪੁਰਸ਼ਾਂ ਨੇ ਦਾਸੀ ਨੂੰ ਇਕ ਪੈਸਾ ਦੇਕੇ ਕਿਹਾ "ਜਾ ਹੁਣ ਤੂੰ ਏਸ ਦੇ ਵਾਸਤੇ ਲੱਡੂ ਲੈ ਆ"
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾਸ਼ੀ ਨੇ ਕਿਹਾ ਜੀ ਏਨੀ ਰਾਤ ਗਈ ਲੱਡੂ ਕਿਥੋਂ ਮਿਲੇਗਾ, ਮੈ ਤਾਂ ਏਸ ਨੂੰ ਚੁਪ ਕਰਾਉਣ ਲਈ ਝੂਠ ਆਖ ਰਹੀ ਸਾਂ ਓਨਾਂ ਨੇ ਕ੍ਰੋਧ ਨਾਲ ਕੜਕ ਕੇ ਕਿਹਾ ਕੀ ਤੂੰ ਜ਼ਰਾਕੁ ਰੋਣ ਪਿੱਛੇ ਝੂਠ ਸਿਖਾਉਂਦੀ ਸੀ? ਨਹੀਂ ਹੁਣ ਜਿਥੋਂ ਮਿਲੇ ਲੱਡੂ ਲੈਕੇ ਆ।

ਦਾਸੀ ਨੇ ਦੇਖਿਆ ਜੋ ਇਹ ਕੋਈ ਬਹਾਨਾ ਨਹੀ ਸੁਣਦੇ ਤਾਂ ਚੁਪ ਹੋਕੇ ਤੁਰ ਪਈ ਅੱਧੀ ਰਾਤ ਦਾ ਵੇਲਾ ਸਭ ਹੱਟਾਂ ਬੰਦ ਹੋ ਚੁਕੀਆਂ ਸਨ ਪਰ ਫੇਰ ਭੀ ਓਹ ਇਕ ਹੱਟੀ ਵਾਲੇ ਦੀਆਂ ਮਿੰਨਤਾਂ ਕਰਕੇ ਪੈਸੇ ਦਾ ਲੱਡੂ ਲੈ ਹੀ ਆਈ। ਤਦ ਓਨਾਂ; ਨੇ ਦਾਸੀ ਨੂੰ ਕਿਹਾ ਦੇਖ ਅੱਗੇ ਨੂੰ ਕਿਸੇ ਬਾਲ ਨੂੰ ਝੂਠ ਨਾ ਸਿਖਾਵੀਂ। ਏਸੇ ਕਰਕੇ ਓਨਾਂ ਦੇ ਘਰ ਦੇ ਸਾਰੇ ਆਦਮੀ ਸੱਚ ਬੋਲ ਦੇ ਸਨ।

ਅਸੀ ਇਸਤ੍ਰੀਆਂ ਤਾਂ ਆਪਣੇ ਕੰਮ ਕਾਜ ਦੇ ਸੌਖ ਲਈ ਆਪਣੇ ਬਾਲਾਂ ਨੂੰ ਸੈਂਕੜੇ ਵਾਰ ਝੂਠ ਲੋਭ ਸਿਖਾਉਂਦੀਆਂ ਹਾਂ ਏਸੇ ਕਰਕੇ ਸਾਡੇ ਬਾਲ ਸਾਡੀ ਆਂ ਗੱਲਾਂਨੂੰ ਸੱਚੀਆਂ ਨਹੀਂ ਜਾਣਦੇ ਤੂੰ ਆ ਨੇ ਬਾਲਾਂ ਦੇ ਸਾਹਮਣੇ ਕਿਸੇ ਨਾਲ ਲੜਾਈ ਝਗੜਾ ਭੀ ਨਾ ਕਰਿਆ ਕਰ ਕਿਉਂ ਕਿ ਬਾਲ ਜੋ ਮਾਂ ਨੂੰ ਕਰਦਿਆਂ ਵੇਖਦੇ ਹਨ ਓਹੋ ਆਪ ਕਰਦੇ ਹਨ, ਬਾਲਾਂ ਦਾ ਜੀਵਨ ਤਾਂ ਮਾਤਾ ਪਿਤਾ ਦੀ ਮੂਰਤ ਹੈ ਇਸ ਵਾਸਤੇ ਆਪਣੇ ਆਪ ਨੂੰ ਬਹੁਤ ਸੰਜਮ ਵਿਚ ਰਖਣਾ ਚਾਹੀਦਾ ਹੈ। ਜੋ ਇਸਤ੍ਰੀ ਸਸ ਤੇ ਪਤੀ ਨਾਲ ਵਿਰੋਧ ਰਖੇਗੀ ਨਿਸਚੈ ਜਾਣੋ ਕਿ ਓਸਦੀ ਧੀ ਭੀ ਏਸੇ ਤਰਾਂ ਕਰੇਗੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਤੀਵੀਂ ਸਦਾ ਆਪਣੀ ਬੁਢੀ ਸਸ ਨੂੰ ਮਿਟੀ ਦੇ ਇਕ ਟੁਟੇ ਹੋਏ ਭਾਂਡੇ ਵਿਚ ਰੋਟੀ ਦੇਂਦੀ ਹੁੰਦੀ ਸੀ ਜਦ ਓਹ ਬੁਢੀ ਸਸ ਮਰ ਗਈ ਤਾਂ ਉਸ ਤੀਵੀਂ ਨੇ ਨੌਕਰ ਨੰ ਕਿਹਾ ਏਹ ਮਿਟੀ ਦਾ ਭਾਂਡਾ ਬਾਹਰ ਸੁਟ ਆ ਓਸ ਤੀਵੀਂ ਦਾ ਪੁਤਰ ਬੀ ਓਥੇ ਹੀ ਖੇਡ ਰਿਹਾ ਸੀ ਏਹ ਗਲ਼ ਸੁਨਦਾ ਹੀ ਦੌੜ ਆਇਆ ਅਰ ਨੌਕਰ ਪਾਸੋਂ ਟੁਟਾ ਹੋਇਆ ਭਾਂਡਾ ਲੈਕੇ ਬੋਲਿਆ:-ਸੁਟਦੇ ਕਿਉਂ ਹੋ ? ਮਾਂ ਨੇ ਕਿਹਾ ਕਾਕਾ ਬੁਢੀ ਤਾਂ ਮਰ ਗਈ ਹੁਣ ਏਸਨੂੰ ਕੀ ਕਰਾਂਗੇ ? ਮੁੰਡੇ ਨੇ ਕਿਹਾ ਕਿਉਂ ? ਜਦ ਮੇਰੀ ਵਹੁਟੀ ਆਵੇਗੀ ਤਦ ਤੂੰ ਭੀ ਤਾਂ ਬੁਢੀ ਹੋਵੇਂਗੀ ਓਹ ਭੀ ਤੈਨੂੰ ਏਸੇ ਵਿਚ ਰੋਟੀ ਦਿਆ ਕਰੇਗੀ। ਏਹ ਗਲ ਸੁਣਦਿਆਂ ਹੀ ਓਸ ਮੂਰਖ ਇਸਤ੍ਰੀ ਨੂੰ ਸਮਝ ਆ ਗਈ ਕਿ ਹਾਇ! ਮੈਂ ਆਪਣੀ ਸਸ ਨਾਲ ਕੇਹਾ ਅਯੋਗ ਵਰਤਾਉ ਕੀਤਾ ਹੈ ਜਿ ਦੇ ਬਦਲੇ ਅਜ ਇਸ ਬਾਲਕ ਨੇ ਸਿਖਿਆ ਦਿਤੀ ਹੈ॥

ਹੁਣ ਦੇਖ ਜੋ ਮਾਤਾ ਦਾ ਦ੍ਰਿਸ਼ਟਾਂਤ ਛੋਟੇ ਬਾਲ ਕੇਡੀ ਛੇਤੀ ਸਿੱਖਦੇ ਹਨ। ਇਹ ਉਪਦੇਸ਼ ਸੁਣਕੇ ਰਾਮ ਪਿਆਰੀ ਦੀਆਂ ਅੱਖਾਂ ਖੁਲ੍ਹ ਗਈਆਂ ਅਰ ਓਹ ਆਪ-ਣੀ ਪਿਛਲੀ ਬੀਤੀ ਤੇ ਬਹੁਤ ਪਛਤਾਈ ਅਰ ਬੋਲੀ ਕਿ ਅੱਜ ਤੋਂ ਮੈਂ ਕਦੇ ਆਪਣੇ ਬਾਲਾਂ ਨੂੰ ਭੈੜੀ ਸਿਖਿਆ ਨਾ ਦੇਵਾਂਗੀ, ਅਤੇ ਭੈਣ ਤੂੰ ਭੀ ਕਦੇ २ ਆਕੇ ਮੈਨੂੰ ਏਸੇ ਤਰਾਂ ਉਪਦੇਸ਼ ਦਿੱਤਾ ਕਰ, ਮੈਂ ਭੀ ਕਦੇ २ ਤੇਰੇ ਪਾਸ ਆਇਆ ਕਰਾਂਗੀ।

ਜਦ ੪ ਕੁ ਵਜਣ ਦਾ ਵੇਲਾ ਹੋਇਆ ਤਾਂ ਪਾਰ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਤੀ ਨੇ ਆਪਣੀ ਸਹੇਲੀ ਨੂੰ ਕਿਹਾ ਭੈਣ ਹੁਣ ਤੂੰ ਮੈਨੂੰ ਆਗਿਆ ਦੇਹ, ਫੇਰ ਕਦੇ ਆਕੇ ਮਿਲਾਂਗੀ। ਰਾਮ ਪਿ ਆਰੀ ਉਸਦਾ ਹੱਥ ਫੜਕੇ ਬੋਲੀ ਕੀ ਏਡੀ ਛੇਤੀ ਜੀਜਾ ਜੀ ਯਾਦ ਆਗਏ ਅਜੇ ਤਾਂ ਦਿਨ ਹੈ ਰਾਤ ਤਾਂ ਪੈਣ ਦੇਹ॥

ਪਾਰਬਤੀ—ਨਹੀਂ ਭੈਣ ਹੁਣ ਮੈਨੂੰ ਜਰੂਰ ਜਾਣ ਦੇਹ ਕਿਉਂਕਿ ਰੋਟੀ ਦਾ ਵੇਲਾ ਹਗਿਆ ਹੈ, ਸਾਡੇ ਘਰ ਤੇਰੇ ਵਾਂਗ ੧੦--੧੫ ਨੌਕਰ ਨਹੀਂ ਹਨ ਕੱਲਾ ਭੱਲਾ ਕੀ ਕੁਝ ਕਰ ਸਕਦਾ ਹੈ। ਮੇਰੀ ਸੱਸ ਭੀ ਹੁਣ ਬਹੁਤਾ ਕੁਝ ਨਹੀਂ ਕਰ ਸਕਦੀ, ਇਸ ਲਈ ਮੈਂ ਹੀ ਘਰ ਜਾਕੇ ਰਸੋ ਈ ਕਰਾਂਗੀ। ਸ੍ਵਾਮੀ ਜੀ ਦੇ ਘਰ ਆਉਣ ਤੋਂ ਪਹਿਲਾਂ ਉਨਾਂ ਦੇ ਜਲ ਪਾਨ ਦਾ ਪ੍ਰਬੰਧ ਕਰਕੇ ਪ੍ਰੇਮ ਨਾਰਾਇਣ ਨੂੰ ਹਵਾ ਭੱਖਣ ਭੇਜਾਂਗੀ। ਗਊ ਆਵੇਗੀ ਉਸਦਾ ਗੁਤਾਵਾ ਕਰਨਾ ਹੈ ਪਤੀ ਜੀ ਦੇ ਘਰ ਪਹੁੰਚਣ ਤੋਂ ਪਹਿਲਾਂ ਮੈਨੂੰ ਜਰੂਰ ਘਰ ਪਹੁੰਚਣਾ ਚਾਹੀਦਾ ਹੈ॥

ਏਹ ਗੱਲਾਂ ਸੁਣਕੇ ਰਾਮ ਪਿਆਰੀ ਬੋਲੀ:—

ਏਤਨਾ ਕੰਮ ਤੂੰ ਕਿਸਤਰਾਂ ਕਰਦੀ ਹੈ? ਮੈਂ ਤਾਂ ਅੱਜ ਥੋੜੇ ਵਿਚ ਹੀ ਤੇਰਾ ਵਿਵਹਾਰ ਤੇ ਉਪਦੇਸ਼ ਸੁਣਕੇ ਦੰਗ ਹੋਗਈ ਹਾਂ। ਹੱਛਾ ਹੁਣ ਕੁਛ ਥੋੜਾ ਜੇਹਾ ਮੂੰਹ ਮਿੱਠਾ ਕਰ ਲੈ ਫੇਰ ਗੱਡੀ ਮੰਗਵਾ ਦੇਂਦੀ ਹਾਂ। ਏਹ ਕਹਿਕੇ ਕੁਛ ਖਾਣ ਪੀਣ ਨੂੰ ਲੈਣ ਚਲੀ ਗਈ। ਅਰ ਪਾਰਬਤੀ ਉਸਦੀ ਸੱਸ ਪਾਸੋਂ ਜਾਕੇ ਵਿਦਾ ਹੋਣ ਦੀ ਆਗਿਆ ਮੰਗਣ ਲੱਗੀ ਅਰ ਕਿਹਾ ਮਾਤਾ ਜੀ ਪ੍ਰਨਾਮ ਹੁਣ ਆਗਯਾ ਦੇਵੋ ਤਾਂ ਮੈਂ ਘਰ ਜਾਵਾਂ। ਪਾਰਬਤੀ ਦੀ ਨਿੰਮ੍ਰਤਾ ਅਰ ਸ਼ੀਲ ਸੁਭਾਵ ਦੇਖਕੇ ਓਹ ਉਸਦੀ ਉਪਮਾ ਕਰਨ ਲਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਈ, ਅਰ ਕਿਹਾ ਧੀਏ ਤੂੰ ਹੁਣੇ ਕਿਉਂ ਜਾਂਦੀ ਹੈਂ ਅਜੇ ਤਾਂ ਕੁਛ ਖਾਧਾ ਪੀਤਾ ਭੀਨਹੀਂ। ਫੇਰ ਪ੍ਰੇਮ ਨਾਰਾਇਣ ਨੂੰ ਕੁਛੜ ਚੁਕਕੇ ਓਸਨੇ ਉਸਦੀ ਬੜੀ ਸਲਾਘਾ ਕੀਤੀ ਫੇਰ ਆਪਣੀ ਨੂੰਹ ਵਲ ਦੇਖਕੇ ਬੋਲੀ ਦੇਖ ਏਹ ਮੁੰਡਾ ਕੇਹਾ ਸੀਲ ਸੁਭਾਵ ਹੈ ਜਿਸ ਵੇਲੇ ਤੋਂ ਆਯਾ ਹੈ ਏਸਨੇ ਕੁਛ ਮੰਗਿਆ ਨਹੀਂ ਅਰ ਨਾਹੀ ਕੋਈ ਬਹਾਨਾ ਕੀਤਾ ਹੈ ਏਹ ਸਭ ਮਾਂ ਦੇ ਗੁਣ ਹਨ ਅਜੇਹੇ ਬਾਲ ਕਿਸਨੂੰ ਪਿਆਰੇ ਨਹੀਂ ਲਗਦੇ ਕਾਕੇ ਤੂੰ ਫੇਰ ਭੀ ਕਿਸੇ ਦਿਨ ਆਵੀਂ ॥

ਪਾਰਬਤੀ--ਹੱਛਾ ਮਾਂ ਜੀ ਜਿਸ ਦਿਨ ਆਪਦੀ ਆਗਯਾ ਹੋਵੇਗੀ ਆਵਾਂਗੀ ਪਰ ਮੇਰੇ ਕਿਤੇ ਜਾਣ ਨਾਲ ਮੇਰੀ ਸੱਸਨੂੰ ਬਹੁਤ ਕਸ਼ਟ ਹੁੰਦਾਹੈ ਹੁਣ ਓਹ ਬ੍ਰਿਧ ਹੋਗਏ ਹਨ ਅਰ ਓਨਾਂ ਤੋਂ ਕੋਈ ਕੰਮ ਕਰਵਾਉਣਾ ਮੈਂ ਉਚਿਤ ਨਹੀਂ ਸਮਝਦੀ ਤੁਸੀਂ ਭੀ ਕ੍ਰਿਪਾ ਕਰਕੇ ਮੇਰੀ ਸਹੇਲੀ ਨੂੰ ਕਿਸੇ ਦਿਨ ਮੇਰੇ ਘਰ ਭੇਜ ਦੇਣਾ।

ਰਾਮ ਪਿਆਰੀਦੀ ਸੱਸ ਨੇ ਕਿਹਾ! ਤੇਰੀ ਸਹੇਲੀ ਦੀ ਇਛਾ ਹੋਵੇ ਤਾਂ ਜਾਵੇ ਮੈਂ ਨਾਂਹ ਤਾਂ ਨਹੀਂ ਕਰਦੀ। ਪਰ ਏਹ ਤਾਂ ਤੇਰੇ ਵਰਗੀ ਨਹੀਂ ਏਸਨੂੰ ਘਰ ਦੇ ਕੰਮ ਕਾਜ ਦੀ ਕੋਈ ਚਿੰਤਾ ਨਹੀਂ ਏਹ ਆਪਣੀ ਮਰਜੀ ਅਨੁਸਾਰ ਚਲਦੀ ਹੈ ਮੈਂ ਕੀ ਕਹਾਂ। ਤੂੰ ਤਾਂ ਆਪਣੀ ਸੱਸ ਨੂੰ ਮਾਵਾਂ ਤੋਂ ਵਧੀਕ ਸਮਝਦੀ ਹੈਂ ਤੇ ਤੇਰੀ ਸਹੇਲੀ ਤਾਂ ਕਦੇ ਮੈਨੂੰ ਏਹ ਭੀ ਨਹੀਂ ਪੁੱਛ ਦੀ ਜੋ ਤੂੰ ਅਜੇ ਕੁਛ ਖਾਧਾ ਭੀ ਹੈ ਕਿ ਨਹੀਂ ॥

ਪਾਰਬਤੀ ਆਪਣੀ ਸਹੇਲੀ ਦੀ ਨਿੰਦਿਆ ਸੁਣ ਕੇ ਬੜੀ ਦੁਖੀ ਹੋਈ ਅਰ ਓਸਦੀ ਸਸ ਨੂੰ ਕਹਿਣ ਲੱਗੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਤਾ ਜੀ ਤੁਸੀ ਭੀ ਓਸਨੂੰ ਆਪਣੀ ਧੀ ਸਮਝ ਕੇ ਓਸ ਦਾ ਅਪ੍ਰਾਧ ਖਿਮਾ ਕਰੋ ਅਗੇਨੂੰ ਓਹ ਭੀ ਇਸਤਰਾਂ ਨਹੀਂ ਕਰੇਗੀ॥

ਕੁਛ ਥੋੜਾ ਭੋਜਨ ਕਰਕੇ ਪਾਰਬਤੀ ਆਪਣੀ ਸਖੀ ਤੋਂ ਆਗਿਆ ਲੈਕੇ ਆਪਣੇ ਘਰ ਨੂੰ ਆਈ ॥

ਦਸਵਾਂ ਅੱਧਯਾਇ

ਪਾਰਬਤੀ ਘਰ ਪਹੁੰਚਕੇ ਆਪਣੀ ਸੱਸ ਦੇ ਪਾਸ ਜਾਕੇ ਨਿੰਮ੍ਰਤਾ ਨਾਲ ਬੋਲੀ ਮਾਤਾ ਜੀ ! ਅੱਜ ਮੇਰਾ ਅ ਪ੍ਰਾਧ ਖਿਮਾ ਕਰਨਾ, ਮੈਨੂੰ ਸਹੇਲੀ ਦੇ ਘਰ ਜਰਾ ਦਿਰ ਲਗ ਗਿਆ ਹੈ ਆਪਨੂੰ ਜਰੂਰ ਖੇਚਲ ਹੋਈ ਹੋਵੇਗੀ ਮੈਂ ਹੁਣ ਝਟ ਪਟ ਘਰਦਾ ਕੰਮ ਕਜ ਸਮੇਟ ਲੈਂਦੀਹਾਂ ਏਹ ਕਹਿਕੇ ਓਹ ਘਰ ਦੇ ਕੰਮ ਕਾਜ ਵਿਚ ਲਗ ਪਈ ਰਾਮ ਨਰਾਇਣ ਜੀ ਦੇ ਘਰ ਆਉਣ ਤੋਂ ਪਹਿਲਾਂ ਹੀ ਓਸ ਪਤਿਬ੍ਰਤਾ ਨਾਰੀਨੇ ਆਪਣਾ ਸਾਰਾਕੰਮ ਕਰ ਲਿਆ ਅਰ ਫੇਰ ਪਤੀ ਨੂੰ ਉਡੀਕਣ ਲਗ ਪਈ। ਥੋੜੇ ਚਿਰ ਪਿਛੋਂ ਓਸਦਾ ਪਤੀ ਘਰ ਆਯਾ ਪਤੀ ਨੂੰ ਆਦਰ ਨਾਲ ਬੇਠਾਕੇ ਬੋਲੀਃ—ਅੱਜ ਬਹੁਤ ਚਿਰ ਪਿੱਛੋਂ ਮੈਂ ਆਪਣੀ ਛੋਟੇ ਹੁੰਦਿਆਂ ਦੀ ਸਹੇਲੀ ਰਮ ਪਿਆਰੀ ਦੇ ਘਰ ਗਈ ਸਾਂ ਤੁਸੀਂ ਕਦੇ ਓਸਦੇ ਪਤੀ ਬਿਹਾਰੀਲਾਲਨੂੰ ਮਿਲੇਹੋ?

ਰਾਮ ਨਰਾਇਣ—ਹਾਂ ਇਕ ਦਿਨ ਮੈਂ ਓਨਾਂ ਨੂੰ ਹੱਟੀ ਤੇ ਮਿਲਿਆ ਸੀ ਫੇਰ ਇਕ ਦਿਨ ਓਹ ਏਥੇ ਭੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਏ ਸਨ ਪਰ ਮੈਂ ਘਰ ਨਹੀਂ ਜੀ ਫੇਰ ਕਿਸੇ ਦਿਨ ਮਿਲ ਆਵਾਂਗੇ। ਤੁਹਾਡੀ ਸਹੇਲੀ ਤਾਂ ਰਾਜ਼ੀ ਹੈ ਉਸਦੇ ਕਿੰਨੇ ਬਾਲ ਹਨ ?

ਪਾਰਬਤੀ- ਤੁਸੀਂ ਨਹੀਂ ਜਾਣਦੇ, ਉਸਦਾ ਵੱਡਾ ਮੁੰਡਾ ਹੀਰਾ ਲਾਲ ਤਾਂ ਤੁਹਾਡੇ ਹੀ ਸਕੂਲ ਵਿਚ ਪੜ੍ਹਦਾ ਹੈ ? ਓਹ ਮੁੰਡਾ ਕੇਹਾ ਕੁ ਹੈ ?

ਰਾਮ -ਹੱਛਾ ! ਓਹ ਤਾਂ ਬੜਾ ਖਤੂਦੀ ਮੁੰਡਾ ਹੈ ਦੋ ਵਰਿਹਾਂ ਤੋਂ ਇਕੋ ਹੀ ਸ੍ਰੇਣੀ ਵਿਚ ਬੈਠਾ ਹੋਇਆ ਹੈ ਓਸ ਦੇ ਮਾਸਟਰ ਰੋਜ ਓਸਨੂੰ ਤਾੜਦੇ ਹਨ ਪਰ ਓਹ ਬੜਾ ਬੇਸਮਝ ਹੈ ਕਿ ਉਸਦੇ ਸਾਰੇ ਬਾਲ ਓਹੋ ਜੇਹੇ ਹਨ ?

ਪਾਰਬਤੀ—ਨਹੀਂ ਜੀ ਓਸਦੀਆਂ ਦੋ ਧੀਆਂ ਬੜੀਆਂ ਅਸੀਲ ਹਨ। ਓਹ ਮੁੰਡਾ ਪਲੇਠੀ ਦਾ ਹੈ ਏਸੇ ਕਰਕੇ ਦਾਦੀ ਨੇ ਬਹੁਤ ਲਾਡ ਲਡਾਕੇ ਵਿਗਾੜ ਛਡਿਆ ਹੈ ਓਹ ਘਰ ਵਿਚ ਭੀ ਕਿਸੇ ਦੀ ਗਲ ਨਹੀਂ ਮੰਨਦਾ। ਅਜ ਏਸੇ ਗਲ ਤੇ ਰਾਮ ਪਿਆਰਾ ਨਾਲ ਬਹੁਤ ਗਲਾਂ ਹੋਈਆਂ। ਜਿਸਤਰਾਂ ਆਪ ਮੈਨੂੰ ਸੰਤਾਨ ਪਾਲਨ ਦਾ ਉਪਦੇਸ਼ ਦੇਂਦੇ ਹੋ ਤੇ ਮੇਰੀ ਉਨਤੀ ਵਿਚ ਸਹਾਇਤਾ ਕਰਦੇ ਹੋ ਵਿਚਾਰੀ ਰਾਮ ਪਿਆਰੀ ਦਾ ਪਤੀ ਤਾਂ ਇਸਤਰਾਂ ਕੁਛ ਭੀ ਨਹੀਂ ਕਰਦਾ ਓਹ ਬੈਠਕ ਵਿਚ ਬੈਠਾ ਆਪਣੇ ਮਿਤਰਾਂ ਨਾਲ ਸਤਰੰਜ ਖੇਡਦਾ ਰਹਿੰਦਾ ਹੈ ਆਪਣੇ ਬਾਲਾਂ ਦੀ ਪੜ੍ਹਾਈ ਸਿਖਿਆ ਵਲ ਕੁਛ ਧਿਆਨ ਨਹੀਂ ਕਰਦਾ। ਹੁਣ ਦੇਖੋ ਸਾਡੇ ਦੇਸ਼ ਵਿਚ ਕੁੜੀਆਂ ਨੂੰ ਮਾਪਿਆਂ ਦੇ ਘਰ ਤਾਂ ਅਜੇਹੀ ਸਿਖਿਆ ਮਿਲਦੀ ਨਹੀਂ ਬਾਲ ਵਿਆਹ ਹੋ ਜਾਂਦੇ ਕਾਰਨ ੧੦-੧੧ ਵਰਿਹਾਂ ਦੇ ਅੰਦਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਦਰ ਹੀ ਪਰਾਏ ਘਰ ਚਲੀਆਂ ਜਾਂਦੀਆਂ ਹਨ ਓਥੇ ਓਹਨਾਂ ਨੂੰ ਚਿੜੀਆਂ ਬਣਕੇ ਪਿੰਜਰੇਵਿਚ ਰਹਿਣਾ ਪੈਂਦਾ ਹੈ ਇਸਤ੍ਰੀ ਭਰਤੇ ਦਾ ਮਨ ਖੋਹਲਕੇ ਗਲਾਂ ਕਰਨੀਆਂ ਬੁਰਾ ਸਮਝਿਆ ਜਾਂਦਾ ਹੈ ਹੁਣ ਦਸੋ ਕਿ ਓਹਨਾਂ ਵਿਚਾਰੀਆਂ ਨੂੰ ਸਿਖਿਆ ਕੌਣ ਦੇਵੇ ? ਮੇਰੇ ਤੇ ਤਾਂ ਪ੍ਰਮੇਸਰ ਦੀ ਬੜੀ ਕ੍ਰਿਪਾ ਹੈ ਜੋ ਆਪ ਜੇਹੇ ਗੁਣਵਾਨ ਪਤੀ ਮਿਲੇ ਹਨ ਜਿਸਤਰਾਂ ਆਪ ਮੈਨੂੰ ਸਮਝਾਉਂਦੇ ਹੋ ਇਸ ਤਰਾਂ ਹੋਰ ਕੋਈ ਨਹੀਂ ਕਰਦਾ। ਸਾਡੇ ਦੇਸ਼ ਵਿਚ ਤਾਂ ਦੋ ਘੜੀਆਂ ਆਪਣੀ ਇਸਤ੍ਰੀ ਦੇ ਪਾਸ ਬੈਠਕੇ ਗਲਾਂ ਕਰਨੀਆਂ ਭੀ ਬੁਰੀਆਂ ਸਮਝਦੇ ਹਨ ਅਜੇਹੀ ਦਸ਼ਾ ਵਿਚ ਵਿਚਾ-ਰੀਆਂ ਇਸਤ੍ਰੀਆਂ ਨੂੰ ਓਹਨਾਂ ਦੀ ਸੰਤਾਨ ਪਾਲਨ ਵਿਚ ਕੋਈ ਸਹਾਇਤਾ ਨਹੀਂ ਮਿਲ ਸਕਦੀ ਅਰ ਨਾਂ ਓਹ ਆਪਣੀ ਸੰਤਾਨ ਨੂੰ ਚੰਗੀ ਸਿਖਿਆ ਦੇਕੇ ਓਹਨਾਂ ਦਾ ਮਨ ਵਧਾ ਸਕਦੀਆਂ ਹਨ ॥

ਪਰਬਤੀ ਦੀਆਂ ਗਲਾਂ ਸੁਣਕੇ ਰਾਮ ਨਾਰਾ-ਇਣ ਜੀ ਦੇ ਮਨ ਵਿਚ ਇਸਤ੍ਰੀਆਂ ਦੀ ਦਸ਼ਾ ਸੁਧਾਰਨ ਦੀ ਵਿਆਕੁਲਤਾ ਹੋਈ ਅਰ ਓਹ ਆਪਣੀ ਸੁਪ-ਤਨੀਦਾ ਹਥ ਫੜਕੇ ਬੋਲੇ, ਪ੍ਰਿਯ ਮੈਂ ! ਕਲ ਜਰੂਰ ਤੁਹਾਡੀ ਸਹੇਲੀ ਦੇ ਪਤੀ ਨੂੰ ਮਿਲਾਂਗਾ ਅਰ ਅਜੇਹਾ ਯਤਨ ਕਰਾਂਗਾ ਜੋ ਓਹ ਭੀ ਆਪਣੀ ਇਸਤ੍ਰੀ ਤੇ ਬਾਲਾਂ ਦੀ ਸਿਖਯਾ ਵਲ ਧਿਆਨ ਦੇਵੇ ॥

ਪਾਰਬਤੀ—ਮੈਂ ਆਪਣੀ ਸਹੇਲੀਨੂੰ ਇਕ ਦਿਨ ਆਪਣੇ ਘਰ ਆਉਣ ਲਈ ਕਿਹਾ ਹੈ ਸੋ ਓਹ ਆਵੇਗੀ॥

ਰਾਮ—ਬਹੁਤ ਚੰਗੀ ਗਲ ਹੈ ਇਸ ਐਤਵਾਰ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਓਹਨਾਂ ਦੇ ਸਾਰੇ ਪਰਵਾਰ ਨੂੰ ਆਪਣੇ ਘਰ ਭੋਜਨ ਛਕਾ ਓ ਜਦ ਓਹ ਦੋਵੇਂ ਇਸਤ੍ਰੀ ਭਰਤਾ ਆਉਣਗੇ ਤਾਂ ਓਸ ਵੇਲੇ ਏਹ ਗਲਾਂ ਸਮਝਾਵਾਂਗੇ ॥

ਪਤੀ ਦੀ ਏਹ ਪ੍ਰੇਮ ਭਰੀ ਗੱਲ ਸੁਣਕੇ ਪਾਰਬਤੀ ਬਹੁਤ ਪ੍ਰਸੰਨ ਹੋਈ ਅਰ ਦੂਸਰੇ ਹੀ ਦਿਨ ਚਿਠੀ ਵਿਚ ਓਹਨਾਂ ਨੂੰ ਸੱਦਾ ਪੱਤ੍ਰ ਭੇਜ ਦਿਤਾ। ਰਾਮ ਨਾਰਾਇਣ ਜੀ ਆਪ ਦੂਸਰੇ ਦਿਨ ਓਹਨਾਂ ਦੇ ਘਰ ਜਾਕੇ ਸੱਦਾ ਦੇਣ ਗਏ ॥

ਯਾਰਵਾਂ ਅਧਯਾਇ

ਰਾਮ ਨਾਰਾਇਣ ਜੀ ਜਦ ਬਿਹਾਰੀ ਲਾਲ ਦੇ ਘਰ ਗਏ ਤਾਂ ਓਨਾਂ ਨੇ ਵੇਖਿਆ ਕਿ ਬਿਹਾਰੀ ਲਾਲ ਜੀ ਆਪਣੇ ਮਿੱਤ੍ਰਾਂ ਨਾਲ ਸਤਰੰਜ ਖੇਡ ਰਹੇ ਹਨ, ਏਨਾਂ ਨੂੰ ਦੇਖਦਿਆਂ ਹੀ ਸਤਰੰਜ ਖੇਡਣਾ ਬੰਦ ਕਰਕੇ ਓਠੇ ਅਰ ਬੜੇ ਆਦਰ ਸਤਿਕਾਰ ਨਾਲ਼ ਏਨਾਂ ਨੂੰ ਬੈਠਾਯਾ ਬਿਹਾਰੀ ਲਾਲ ਨੇ ਆਪਣੀ ਮਾਤਾ ਤੇ ਇਸਤ੍ਰੀ ਪਾਸੋਂ ਪਾਰਬਤੀ ਦੀ ਬੜੀ ਉਸਤਤ ਸੁਣੀ ਸੀ ਇਸ ਵਾਸਤੇ ਓਹ ਲਾਲਾ ਰਾਮ ਨਾਰਾਇਣ ਜੀ ਨੂੰ ਮਿਲਣ ਦੀ ਤੇ ਇਨਾਂ ਨਾਲ਼ ਮਿੱਤ੍ਰਤਾ ਕਰਨ ਦੀ ਬੜੀ ਇੱਛਾ ਰਖਦੇ ਸਨ। ਅੱਜ ਰਾਮ ਨਾਰਾਇਣ ਜੀ ਨੂੰ ਦੇਖਦਿਆਂ ਹੀ ਬੜਾ ਆਦਰ ਸਤਿਕਾਰ ਕੀਤਾ ਅਰ ਪਾਰਬਤੀ ਦੀ ਸਲਾਘਾ ਕੀਤੀ ਜਿਸਨੂੰ ਸੁਣਕੇ ਰਾਮ ਨਾਰਾਇਣ ਜੀ ਦੇ ਮਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਪ੍ਰਸੰਨਤਾ ਅਰ ਲੱਜਾ ਹੋਈ ਅਰ ਕਿਹਾ ਜੀ ਮੈਂ ਭੀ ਓਨਾਂ ਦੀ ਮਰਜੀ ਨਾਲ ਹੀ ਆਪਦੇ ਪਾਸ ਆਯਾ ਹਾਂ ਆਪ ਐਤਵਾਰ ਨੂੰ ਸਾਰੇ ਪ੍ਰਵਾਰ ਸਮੇਤ ਸਾਡੇ ਘਰ ਆਕੇ ਸਾਨੂੰ ਕ੍ਰਿਤਾਰਥ ਕਰੋ ॥

ਏਨੇ ਨੂੰ ਬਿਹਾਰੀ ਲਾਲ ਦਾ ਵੱਡਾ ਪੁਤ੍ਰ ਹੀਰਾ ਲਾਲ ਭੀ ਓਥੇ ਆ ਗਿਆ ਅਰ ਆਪਣੇ ਵਿਦਯਾਲਯ ਦੇ ਵੱਡੇ ਮਾਸਟਰ ਨੂੰ ਦੇਖਕੇ ਡਰ ਗਿਆ ਜੋ ਕਿਤੇ ਮੇਰੀ ਹੀ ਚੁਗਲੀ ਕਰਨ ਤਾਂ ਨਹੀਂ ਆਏ । ਓਸਨੂੰ ਦੇਖਕੇ ਲਾਲਾ ਰਾਮ ਨਾਰਾਇਣ ਜੀ ਨੇ ਪਿਆਰ ਨਾਲ ਓਸਨੂੰ ਪਾਸ ਸੱਦਕੇ ਓਸਦੀ ਤੇ ਓਸਦੇ ਭੈਣ ਭਰਾਵਾਂ ਦੀ ਸੁਖ ਸਾਂਦ ਪੁੱਛੀ ਤਦ ਬਿਹਾਰੀ ਲਾਲ ਨੇ ਪੁਤ ਨੂੰ ਕਿਹਾਃ-

ਕਾਕਾ ਏਹਨਿਰੇ ਤੇਰੇ ਮਾਸਟਰਹੀ ਨਹਾਂ ਏਹ ਤਾਂ ਮੇਰੇ ਮਾਸਤ੍ਰ ਜੀ ਹਨ ਹੱਥ ਜੋੜ ਕੇ ਪ੍ਰਨਾਮ ਕਰ ਅਰ ਘਰ ਜਾਕੇ ਆਪਣੀ ਮਾਂ ਨੂੰ ਕਹੋ ਮਾਸਤ੍ਰ ਜੀ ਆਏ ਹਨ ਓਨਾਂ ਲਈ ਜਲ ਪਾਣੀ ਭੇਜੋ ॥

ਪਿਤਾ ਦੀ ਗੱਲ ਸੁਣਦਿਆਂ ਹੀ ਹੀਰਾ ਲਾਲ ਦਾ ਡਰ ਲਹ ਗਿਆ ਤੇ ਓਹ ਦੌੜਕੇ ਘਰ ਅੰਦ੍ਰ ਚਲਾ ਗਿਆ ਅਰ ਜਾਕੇ ਮਾਤਾ ਨੂੰ ਪਿਤਾ ਦਾ ਸੁਨੇਹਾ ਦਿੱਤਾ, ਜਿਸਨੂੰ ਸੁਣਕੇ ਰਾਮ ਪਿਆਰੀ ਪ੍ਰਸੰਨ ਹੋਈ ਅਰ ਕਈ ਪ੍ਰਕਾਰ ਦੀ ਮਿਠਿਆਈ ਦਾ ਥਾਲ ਭਰਕੇ ਬੈਠਕ ਵਿੱਚ ਭੇਜ ਦਿੱਤਾ। ਬਹੁਤ ਸਾਰੀ ਮਿਠਿਆਈ ਦੇਖਕੇ ਰਾਮ ਨਰਾਇਣ ਜੀ ਹੱਸਕੇ ਬਿਹਾਰੀ ਲਾਲ ਨੂੰ ਕਹਿਣ ਲਗੇ ਲਾਲਾ ਜੀ ਏਹ ਮਿਠਿਆਈ ਤਾਂ ,ਆਪ ਜੇਹੇ ਅਮੀਰਾਂ ਨੂੰ ਸੁਹਾਉਂਦੀ ਹੈ ਸਾਨੂੰ ਗ੍ਰੀਬਾਂ ਨੂੰ ਕਿੱਥੋਂ ਮਿਲੇ ? ਮੈਂ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਐਸ ਵੇਲੇ ਦੋ ਚਾਰ ਤਤੀਆਂ ੨ ਪੂੜੀਆਂ ਤੇ ਕੁਛ ਮਿਠਾ ਜਾਂ ਘਰ ਦੇ ਬਨਾਏ ਹੋਏ ਇਕ ਦੋ ਪੇੜੇ ਅਰ ਕੁਛ ਫਲ ਖਾਂਦਾ ਹਾਂ ਜੇ ਐਨੀ ਮਿਠਿਆਈ ਖਾਵਾਂ ਤਾਂ ਜਰੂਰ ਹੀ ਰੋਗੀ ਹੋਜਾਵਾਂ ਫੇਰ ਮੇਰੇ ਰੋਗੀ ਹੋਣ ਨਾਲ ਸਾਰਾ ਪ੍ਰਵਾਰ ਦੁਖੀ ਹੋਵੇਗਾ ਪ੍ਰੰਤੂ ਏਹ ਆਪਨੇ ਤੇ ਹੀਰਾ ਲਾਲ ਦੀ ਮਾਤਾ ਨੇ ਪ੍ਰੇਮ ਨਾਲ ਭੇਜਿਆ ਹੈ ਇਸ ਲਈ ਮੈਂ ਇਕ ਦੋ ਡਲੀਆਂ ਬਰਫੀ ਦੀਆਂ ਲੈ ਲਵਾਂਗਾ ਓਹ ਇਕ ਛੋਟੀ ਰਕੇਬੀ ਵਿਚ ਪਾ ਦੇਵੋ ਵਿਅਰਥ ਸਾਰਾ ਜੂਠਾ ਕਰਨ ਨਾਲ ਕੀ ਲਾਭ ?

ਇਨਾਂ ਦੀਆਂ ਗੱਲਾਂ ਸੁਣਕੇ ਬਿਹਾਰੀ ਲਾਲ ਜੀ ਅਸਚਰਜ ਹੋਕੇ ਬੋਲੇ ਕੀ ਆਪਦੀ ਗੁਣਵੰਤੀ ਇਸਤ੍ਰੀ ਮਿਠਿਆਈ ਭੀ ਆਪਹੀ ਬਨਾ ਲੈਂਦੀ ਹੈ ? ਮੈਂ ਤਾਂ ਸੁਣਿਆ ਸੀ ਕਿ ਓਹ ਬੜੀ ਵਿਦਯਵਾਨ ਹੈ ਹਰ ਵੇਲੇ ਪੁਸਤਕ ਲੈਕੇ ਬੈਠੀ ਰਹਿੰਦੀ ਹੈ ਅੱਜ ਤਾਂ ਮੈਂ ਏਹ ਸੁਣ ਕੇ ਬੜਾ ਹੀ ਅਸਚਰਜ ਹੋਯਾ ਹਾਂ ਕਿ ਉਹ ਮਿਠਿਆਈਆਂ ਭੀ ਆਪ ਘਰ ਬਨਾ ਲੈਂਦੀ ਹੈ। ਪੜ੍ਹਨ ਵਾਲੀਆਂ ਇਸਤ੍ਰੀਆਂ ਨੂੰ ਏਨਾਂ ਵੇਹਲ ਕਿਸਤਰਾਂ ਮਿਲਦਾ ਹੈ ? ਮੇਰੇ ਘਰ ਵਿਚ ਬ੍ਰਾਹਮਣ ਰਸੋਈ ਕਰਦਾ ਹੈ ਹੋਰ ਭੀ ੪--੫ ਨੌਕਰਹਨ ਫਰ ਭੀ ਮੇਰੀ ਇਸਤ੍ਰੀ ਨੂੰ ਘਰ ਦੇ ਕੰਮ ਕਾਜ ਲਈ ਵੇਹਲ ਨਹੀਂ ਮਿਲਦਾ ॥

ਰਾਮ ਨਾਰਾਇਣ ਜੀ ਨੇ ਸੋਚਿਆ ਕਿ ਏਹ ਮੂਰਖ ਹੈ ਤੇ ਨਿੰਦਾ ਇਸਤ੍ਰੀ ਦੀ ਕਰਦਾ ਹੈ ਗਲਾਂ ਨਾਲ ਸਮ-ਝਾਉਣ ਨਾਲ ਏਹ ਕੁਛਨਹੀਂ ਸਮਝੇਗਾ ਏਸਨੂੰ ਆਪਣੇ ਘਰ ਲੈਜਾਕੇ ਦ੍ਰਿਸ਼ਟਾਂਤ ਦਿਖਾਕੇ ਹੀ ਸਮਝਾਂਵਾਗੇ। ਏਹ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਚਕੇ ਬਿਹਾਰੀ ਲਾਲਨੇ ਕਿਹਾਜੀ ਮੇਰੀਇਤਨੀ ਸਾਮ੍ਰਥ ਨਹੀਂ ਕਿ ਮੈਂ ਰਸੋਈ ਵਾਸਤੇ ਬ੍ਰਾਹਮਣ ਨੌਕਰ ਰਖਾਂ ਅਰ ਨਾਹੀ ਹੋਰ ਮੇਰੇ ਘਰ ਬਹੁਤੇ ਨੌਕਰ ਹਨ, ਮੇਰੀ ਤਾਂ ਇਸ ਤ੍ਰੀ ਆਪ ਸਾਰੇ ਕੰਮ ਕਾਜ ਕਰਦੀਹੈ। ਘਰਾਂਦੀਆਂ ਇਸ ਤ੍ਰੀਆਂ ਵਾਂਗ ਕੋਈ ਰਸੋਈਆ ਬ੍ਰਾਹਮਣ ਰਸੋਈ ਨਹੀਂ ਬਨਾ ਸਕਦਾ। ਮੇਰੀ ਮਾਤਾ ਭੀ ਹੁਣ ਬ੍ਰਿਧ ਹੋ ਗਈ ਹੈ ਸੋ ਪ੍ਰੇਮ ਨਾਰਾਇਣ ਦੀ ਮਾਂ ਹੀ ਆਪ ਸਭ ਕੰਮ ਕਾਜ ਕਰਦੀ ਹੈ, ਆਪ ਕ੍ਰਿਪਾ ਕਰਕੇ ਬਾਲਾਂ ਨੂੰ ਓਨਾਂ ਦੀ ਮਾਂ ਨੂੰ ਨਾਲ ਲੈਕੇ ਆ ਜਾਨਾ ਮੈਂ ਗੱਡੀ ਭੇਜ ਦੇਵਾਂਗਾ। ਏਹ ਕਹਿਕੇ ਓਹ ਉਠਣ ਨੂੰ ਤਿਆਰ ਹੋਏ ਤਾਂ ਬਿਹਾਰੀ ਲਾਲ ਨੇ ਓਨਾਂ ਦਾ ਹੱਥ ਫੜਕੇ ਕਿਹਾ ਐਡੇ ਛੇਤੀ,ਪਾਨ ਖਾਓ ਤਮਾਕੂ ਪੀਓ, ਜਾ ਹੀਰਾ ਲਾਲ ਕਾਲੂ ਨੂੰ ਕਹੋ ਪਾਨ ਤਮਾਕੂ ਲੈ ਆ। ਪਿਤਾ ਦੀ ਆਗਿਆ ਸੁਣਕੇ ਹੀਰਾ ਲਾਲ ਕਾਲੂ ਨੂੰ ਆਖ ਆਇਆ। ਕਾਲੂ ਚਾਂਦੀ ਦੇ ਪਾਨਦਾਨ ਵਿਚ ਪਾਨ ਤੇ ਚਾਂਦੀ ਦਾ ਹੁੱਕਾ ਲੈ ਆਇਆ ਅਰ ਰਾਮ ਨਾਰਾਇਣ ਜੀ ਦੇ ਸਾਹਮਣੇ ਰੱਖਿਆ। ਪਾਨਦਾਨ ਵਿਚੋਂ ਦੋ ਪਾਨ ਤਾਂ ਇਨਾਂ ਨੇ ਲੈ ਲਏ ਅਰ ਕਿਹਾ ਮੈਂ ਹੁੱਕਾ ਨਹੀਂ ਪੀਂਦਾ। ਬਿਹਾਰੀ ਲਾਲ ਨੇ ਅਸਚਰਜ ਹੋਕੇ ਕਿਹਾ "ਏਹ ਕੀ" ਮੈਂ ਤਾਂ ਏਹ ਕਦੇ ਨਹੀਂ ਸੁਣਿਆ ਜੋ ਕੋਈ ਤਮਾਕੂ ਨ ਪੀਂਦਾ ਹੋਵੇ ਰਾਜੇ ਤੋਂ ਮਜੂਰ ਤਕ ਸਭ ਹੀ ਤਮਾਕੂ ਪੀਂਦੇ ਹਨ ਤੁਸੀਂ ਕਿਉਂ ਨਹੀਂ ਪੀਂਦੇ ?

ਰਾਮ ਨਾਰਾਇਣ ਜੀ ਨੇ ਸੰਖੇਪ ਵਿਚ ਤਮਾਕੂ ਦੇ ਮੋਟੇ ੨ ਔਗਣ ਦੱਸਕੇ ਓਨਾਂ ਤੋਂ ਵਿਦਿਆ ਲਈ ਅਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਰ ਨੂੰ ਆਏ ॥

—

ਬਾਹਰਵਾਂ ਅੱਧਿਆਇ

ਰਾਮ ਨਾਰਾਇਣ ਜੀਨੇ ਘਰ ਆਕੇ ਪਾਰਬਤੀਨੂੰ ਸਾਰੀਆਂ ਗੱਲਾਂਸੁਨਾਈਆਂ ਅਰ ਕਿਹਾ ਵੇਖੋ ਬਿਹਾਰੀਲਾਲ ਸ਼ਾਹੂਕਾਰ ਆਦਮੀ ਹੈ ਓਸਦੇ ਵਾਸਤੇ ਭੋਜਨ ਭੀ ਓਹੋ ਜੇਹਾ ਬਨਾਉਣਾ ਚਾਹੀਦਾ ਹੈ ਅਸੀਂ ਆਦਰ ਸਤਿਕਾਰ ਭੀ ਚੰਗਾ ਕਰਾਂਗੇ ਪ੍ਰੰਤੂ ਮੈਂ ਤਮਾਕੂ ਨਹੀ ਪੀਣ ਦੇਵਾਂਗਾ ਭਾਵੇਂ ਓਹ ਬੁਰਾ ਮੰਨਣ ਮੈਂ ਆਪਣੇ ਘਰ ਵਿਚ ਬਾਲਾਂ ਨੂੰ ਭੈੜਾ ਦ੍ਰਿਸ਼ਟਾਂਤ ਨਹੀਂ ਦਿਖਾਉਣਾ ਚਾਹੁੰਦਾ ॥

ਪਾਰਬਤੀ ਨੇ ਬੜੇ ਉੱਦਮ ਤੇ ਯਤਨ ਨਾਲ ਕਈ ਪ੍ਰਕਾਰ ਦੀਆਂ ਭਾਜੀਆਂ, ਤ੍ਰਕਾਰੀਆਂ ਤੇ ਮਿਠਿਆਈਆਂ ਆਪਣੇ ਹੱਥੀਂ ਤਿਆਰ ਕੀਤੀਆਂ ਅਰ ਠੀਕ ਵੇਲੇ ਸਿਰ ਆਪਣੀ ਸਹੇਲੀ ਨੂੰ ਲਿਆਉਣ ਵਾਸਤੇ ਗੱਡੀ ਭੇਜ ਦਿੱਤੀ ॥

ਥੋੜੇ ਚਿਰ ਵਿਚ ਗੱਡੀ ਓਨ੍ਹਾਂ ਨੂੰ ਲੈਕੇ ਆ ਪਹੁੰਚੀ ਰਾਮ ਨਰਾਇਣ ਤੇ ਪਾਰਬਤੀ ਦੋਵੇਂ ਬੂਹੇ ਵਿਚ ਆ ਖਲੋਤੇ ਅਰ ਬੜੇ ਆਦਰ ਸਤਿਕਾਰ ਨਾਲ ਪ੍ਰਾਹੁਣਿਆਂ ਨੂੰ ਗੱਡੀ ਵਿਚੋਂ ਉਤਾਰਕੇ ਬੈਠਕ ਵਿਚ ਲਿਆਏ ਰਾਮਨਾਰਾਇਣ ਜੀ ਤੇ ਬਿਹਾਰੀ ਲਾਲ ਤਾਂ ਬੈਠਕ ਵਿਚ ਹੀ ਬੈਠਕੇ ਗੱਲਾਂ ਬਾਤਾਂ ਕਰਨ ਲਗ ਪਏ ਤੇ ਪਾਰਬਤੀ ਆਪਣੀ ਸਹੇਲੀ ਤੇ ਓਸਦੇ ਪੁਤ੍ਰਾਂ ਧੀਆਂ ਨੂੰ ਘਰ ਦੇ ਅੰਦਰ ਲੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਈ। ਰਾਮ ਪਿਆਰੀ ਨੇ ਜਾਕੇ ਪਾਰਬਤੀ ਦੀ ਸੱਸ ਨੂੰ ਮੱਥਾ ਟੇਕਿਆ ਉਸਨੇ ਭੀ ਅਸੀਸ ਦੇਕੇ ਸੁਖ ਸਾਂਦ ਪੁਛੀ ਪਾਰਬਤੀ ਦੇ ਬਾਲਾਂ ਨਾਲ ਰਾਮ ਪਿਆਰੀ ਦੇ ਬਾਲ ਖੇਡਣ ਲਗ ਪਏ। ਰਾਮ ਪਿਆਰੀ ਵਡਮੁੱਲੇ ਕਪੜੇ ਪਾਕੇ ਆਈ ਸੀ ਅਰ ਆਪਣੇ ਬਾਲਾਂ ਨੂੰ ਸੋਨੇ ਦੇ ਗਹਿਣੇ ਪਵਾਕੇ ਲਿਆਈ ਸੀ। ਉਸਨੂੰ ਆਪਣੀ ਸੱਸ ਪਾਸ ਬੈਠਾਕੇ ਪਾਰਬਤੀ ਭੋਜਨ ਦਾ ਪ੍ਰਬੰਧ ਕਰਨ ਲਗੀ। ਪਹਿਲੇ ਰਾਮ ਨਾਰਾਇਣ ਜੀ ਬਿਹਾਰੀ ਲਾਲ ਤੇ ਉਸਦੇ ਦੋਹਾਂ ਵੱਡਿਆਂ ਪੁਤ੍ਰਾਂ ਸਮੇਤ ਪ੍ਰਸ਼ਾਦਿ ਛੱਕਣ ਬੈਠੇ। ਪਾਰਬਤੀ ਨੇ ਆਪ ਉਨਾਂ ਲਈ ਭੋਜਨ ਪ੍ਰੋਸਿਆ ਅਰ ਪਾਸ ਬੈਠਕੇ ਬੜੇ ਆਦਰ ਨਾਲ ਛਕਾਉਣ ਲਗੀ। ਬਿਹਾਰੀ ਲਾਲ ਨੇ ਉਸ ਘਰ ਦੇ ਅਦਰ ਬਾਹਰ ਚੌਹੀਂ ਪਾਸੀਂ ਨਜਰ ਮਾਰੀ, ਉਸਦੀ ਸਫਾਈ ਸੁਛਤਾ ਦੇਖਕੇ ਬਹੁਤ ਪ੍ਰਸੰਨ ਹੋਏ। ਭੋਜਨ ਦੇ ਸਾਰੇ ਪੰਦਾਰਥ ਉੱਤਮ ਤੇ ਸੁਾਦਿਸ਼ਟ ਬਨੇ ਹੋਏ ਸਨ ਸੋ ਉਨਾਂ ਨੇ ਬੜੇ ਪ੍ਰੇਮ ਨਾਲ ਪ੍ਰਸ਼ਾਦਿ ਛਕਿਆ। ਰਾਮ ਨਾਰਾਇਣ ਜੀ ਤੇ ਪਾਰਬਤੀ ਦਾ ਆਦਰ ਸਨਮਾਨ ਦੇਖਕੇ ਉਹ ਬਹੁਤ ਪ੍ਰਸੰਨ ਹੋਏ ਅਰ ਘੜੀ ਮੁੜੀ ਪਾਰਬਤੀ ਦੀ ਸਲਾਘਾ ਕਰਨ ਲਗ ਪਏ ਫੇਰ ਪਾਰਬਤੀ ਨੇ ਆਪਣੀ ਪਿਆਰੀ ਸਹੇਲੀ ਤੇ ਉਸ ਦੀਆਂ ਧੀਆਂ ਨੂੰ ਪ੍ਰਸ਼ਾਦਿ ਛਕਾਯਾ ਉਨਾਂ ਦੇ ਨਾਲ ਜੋ ਦਾਸ ਦਾਸੀਆਂ ਆਈਆਂ ਸਨ ਉਨਾਂਨੂੰ ਭੀ ਚੰਗੀ ਤਰਾਂ ਭੋਜਨ ਛਕਾਯਾ। ਸਭ ਨੂੰ ਛਕਾਉਣ ਦੇ ਪਿਛੋਂ ਨੂੰਹ ਸੱਸ ਨੇ ਆਪ ਪ੍ਰਸ਼ਾਦਿ ਛਕਿਆ ਪ੍ਰਸ਼ਾਦਿ ਛਕਣ ਦੇ ਪਿਛੋਂ ਉਸਦੀ ਸੱਸ ਤਾਂ ਅਰਾਮ ਕਰਨ ਚਲੀਗਈ ਤੇ ਪਾਰਬਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਰਾਮ ਪਿਆਰੀ ਗੱਲਾਂ ਕਰਨ ਬੈਠ ਗਈਆਂ। ਰਾਮ ਨਾਰਾਇਣ ਜੀ ਨੇ ਜਿਸਤਰਾਂ ਕਿਹਾ ਸ ਓਸੇ ਤਰਾਂ ਕੀਤਾ ਉਨਾਂ ਨੇ ਬਿਹਾਰੀ ਲਾਲ ਦਾ ਹੋਰ ਆਦਰ ਸਤਿਕਾਰ ਤਾਂ ਬਹੁਤ ਕੀਤਾ ਪਰ ਪੀਣ ਨੂੰ ਹੁੱਕਾ ਨ ਦਿੱਤਾ ਓਹ ਭੀ ਸ਼ਰਮ ਦੇ ਮਾਰੇ ਮੰਗ ਨ ਸਕੇ। ਫੇਰ ਰਾਮ ਨਾਰਾਇਣ ਜੀ ਉਨਾਂ ਨੂੰ ਆਪਣੇ ਪੁਸਤਕਾਲਯ ਵਿਚ ਲੈ ਗਏ ਉਥੇ ਦੋ ਤਿੰਨ ਅਲਮਾਰਾਂਆਂ ਕਈ ਭਾਸ਼ਾ ਦੀਆਂ ਪੁਸਤਕਾਂ ਨਾਲ ਭਰੀਆਂ ਹੋਈਆਂ ਸਨ। ਇਕ ਅਲਮਾਰੀ ਵਿਚ ਤਾਂ ਕੋ ਵਲ ਇਸਤ੍ਰੀਆਂ ਦੇ ਪੜ੍ਹਨ ਯੋਗ ਪੁਸਤਕਾਂ ਪਾਰਬਤੀ ਲਈ ਰੱਖੀਆਂ ਹੋਈਆਂ ਸਨ ਜਿਨਾਂ ਨੂੰ ਦੇਖਕੇ ਬਿਹਾਰੀ ਲਾਲ ਜੀ ਅਸਚਰਜ ਹੋਕੇ ਬੋਲੇ:-ਮਾਸਟਰ ਜੀ ਆਪਦੀ ਸੁਪਤਨੀ ਘਰ ਦਾ ਸਾਰਾ ਕੰਮ ਕਾਜ ਭੀ ਕਰਦੀ ਹੈ ਫੇਰ ਏਤਨੀਆਂ ਪੁਸਤਕਾਂ ਕੇਹੜੇ ਵੇਲੇ ਪੜ੍ਹਦੀ ਹੈ? ਫੇਰ ਮੈਂ ਉਨਾਂ ਦੇ ਬਨਾਏ ਹੋਏ ਬੜੇ ੨ ਸੋਹਣੇ ਕਪੜੇ ਰੁਮਾਲ ਆਦਿਕ ਦੇਖੇ ਹਨ। ਆਪਦੇ ਧੰਨ ਭਾਗ ਹਨ ਜੋ ਆਪ ਨੂੰ ਅਜੇਹੀ ਗੁਣਵੰਤੀ ਇਸਤ੍ਰੀ ਮਿਲੀ ਹੈ। ਏਨਾਂ ਪੁਸਤਕਾਂ ਵਿਚ ਤਾਂ ਕਈ ਅਜਿਹੇ ਕਠਨ ਭਾਵ ਦੀਆਂ ਪੁਸਤਕਾਂ ਹਨ ਜਿਨਾਂ ਨੂੰ ਕਿ ਇਸਤ੍ਰੀ ਕੀ ਬਹੁਤੇ ਪੁਰਸ਼ ਭੀ ਨਹੀਂ ਸਮਝ ਸਕਦੇ ਕੀ ਓਨਾਂ ਨੇ ਏਹ ਸਾਰੀਆਂ ਪੁਸਤਕਾਂ ਪੜ੍ਹੀਆਂ ਹਨ?

ਰਾਮ ਨਾਰਾਇਣ--ਜੀ ਹਾਂ ਓਹ ਸਾਰੀਆਂ ਪੜ੍ਹਦੀ ਹੈ ਅਰ ਚੰਗੀ ਤਰਾਂ ਸਮਝਦੀ ਹੈ ਏਹ ਦੇਖੋ ਉਸਦੇ ਹੱਥਾਂ ਦੇ ਲਿਖੇ ਹੋਏ ਟੀਕੇ ਹਨ, ਮੈਂ ਭੀ ਕਦੇ ੨ ਕੁਛ ਸਮਝਾ ਦੇਂਦਾ ਹਾਂ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਰਵਾਂ ਅੱਧਯਾਇ

ਰਾਮ ਨਾਰਾਇਣ ਜੀ ਤੇ ਬਿਹਾਰੀ ਲਾਲ ਜੀ ਜਦ ਇਸਤਰਾਂ ਗੱਲਾਂ ਕਰ ਰਹੇ ਸਨ ਤਾਂ ਅਚਾਣਕ ਬਿਹਾਰੀ ਲਾਲ ਦੀ ਨਜਰ ਮੇਜ਼ ਉਪਰ ਪਏ ਹੋਏ ਵਾਜੇ ਤੇ ਜਾ ਪਈ ਅਰ ਪੁਛਿਆ "ਏਹ ਕੌਣ ਵਜਾਉਂਦਾ ਹੈ ?" ਕੀ ਭੈਣ ਜੀ ਵਜਾਉਣਾ ਜਾਣਦੇ ਹਨ ?

ਰਾਮ–ਨਹੀਂ ਅਜੇ ਚੰਗੀ ਤਰਾਂ ਤਾਂ ਨਹੀਂ ਜਾਣਦੀ ਜਰਾ ੨ ਸਿਖਦੀ ਹੈ ਮੈਂ ਆਪ ਹੀ ਕਿਸੇ ੨ ਵੇਲੇ ਸਿਖਾਉਂਦਾ ਹਾਂ ॥

ਬਿਹਾਰੀ -(ਅਸਚਰਜ ਹੋਕੇ) ਭਰਾ ਜੀ ਆਪ ਦੀਆਂ ਹੋਰ ਤਾਂ ਸਭ ਗੱਲਾਂ ਚੰਗੀਆਂ ਹਨ ਪਰ ਭਲੇ ਘਰਾਂ ਦੀਆਂ ਇਸਤ੍ਰੀਆਂ ਨੂੰ ਗਾਉਣਾ ਵਜਾਉਣਾ ਨਹੀਂ ਸਿਖਾਉਣਾ ਚਾਹੀਦਾ ॥

ਰਾਮ–ਕਿਉਂ ਇਸ ਵਿਚ ਕੀ ਦੋਸ਼ ਹੈ ? ਜੇ ਪੁਰਸ਼ ਆਪਣਾ ਮਨ ਪ੍ਰਸੰਨ ਕਰਨ ਲਈ ਗਾਉਣ ਵਜਾਉਣ ਤਾਂ ਇਸਤ੍ਰੀਆਂ ਵਿਚਾਰੀਆਂ ਨੇ ਕੀ ਅਪ੍ਰਾਧ ਕੀਤਾ ਹੈ ਜੋ ਇਸ ਅਨੰਦ ਤੋਂ ਵਿਰਵੀਆਂ ਰਹਿਣ । ਮੇਰੀ ਸਮਝ ਵਿਚ ਤਾਂ ਇਸਤ੍ਰੀਆਂ ਲਈ ਸੰਗੀਤ ਵਿੱਦਿਆ ਬਹੁਤ ਲਾਭ ਦਾਇਕ ਹੈ ਇਸਦੀ ਸਹਾਇਤਾ ਨਾਲ ਓਹ ਆਪਣੇ ਬਾਲਾਂ ਨੂੰ ਚੰਗੀ ਸਿਖਿਆ ਦੇ ਸਕਦੀਆਂ ਹਨ ਆਪਣੇ ਪਤੀ ਨੂੰ ਵੱਸ ਵਿਚ ਰਖ ਸਕਦੀਆਂ ਹਨ ਅਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਾਪ ਨਾਲ ਮੋਏ ਹੋਏ ਪੁਰਸ਼ ਨੂੰ ਭਗਤੀ ਪ੍ਰੇਮ ਨਾਲ ਸੁਰਜੀਤ ਕਰ ਸਕਦੀਆਂ ਹਨ। ਕੀ ਆਪਨੇ ਇਤਹਾਸ ਵਿਚ ਨਹੀਂ ਪੜ੍ਹਿਆ ਕਿ ਜਦ ਸਾਡੇ ਦੇਸ਼ ਦੇ ਛਤ੍ਰੀ ਬੀਰ ਰਣ ਭੂਮੀ ਵਿਚ ਜਾਣ ਨੂੰ ਤਿਆਰ ਹੁੰਦੇ ਸਨ ਤਾਂ ਓਨ੍ਹਾਂ ਦੀ ਮਾਤਾ, ਭੈਣ, ਇਸਤ੍ਰੀ ਹੀ ਉਤਸਾਹ, ਆਸ਼ਾ ਅਤੇ ਪ੍ਰੇਮ ਭਰੇ ਗੀਤ ਸੁਣਾਕੇ ਓਨਾਂ ਦਾ ਉਤਸ਼ਾਹ ਵਧਾਕੇ ਰਣ ਭੂਮੀ ਵਿਚ ਭੇਜਦੀਆਂ ਸਨ ਫੇਰ ਓਹ ਜਿੱਤ ਕੇ ਹੀ ਘਰ ਨੂੰ ਮੁੜਦੇ ਸਨ । ਈਸ਼੍ਵਰ ਭਜਨ ਵਿਚ ਭੀ ਇਸਤ੍ਰੀ ਦੇ ਪ੍ਰੇਮ ਭਗਤ ਪੂਰਬਿਕ ਗਾਵੇਂ ਹੋਏ ਭਜਨ ਸੁਣਨ ਨਾਲ ਮਨ ਪ੍ਰੇਮ ਰਸ ਨਾਲ ਭਰਪੂਰ ਹੋ ਜਾਂਦਾ ਹੈ । ਜੇ ਆਪ ਸੁਣਨਾ ਚਾਹੁੰਦੇ ਹੋ ਤਾਂ ਕਿਸੇ ਦਿਨ ਸਾਡੇ ਘਰ ਆਕੇ ਪਾਰ ਬਤੀ ਤੋਂ ਇਕ ਦੋ ਭਜਨ ਸੁਣ ਲੈਣੇ । ਸਾਡੇ ਦੇਸ਼ ਵਿਚ ਇਸਤ੍ਰੀਆਂ ਨੂੰ ਚੰਗੀ ਤਰਾਂ ਸੰਗੀਤ ਵਿੱਦਿਆ ਸਿਖਾਉਣ ਦਾ ਕੋਈ ਪ੍ਰਬੰਧ ਹੀ ਨਹੀਂ ਏਸੇ ਲਈ ਓਹ ਵਿਵਾਹਾਂ ਢੰਗਾਂ ਵੇਲੇ ਗੰਦੇ ਤੇ ਭੈੜੇ ਗਾਉਣ ਗਾਉਂ ਕੇ ਮਰਦਾਂ ਨੂੰ ਸ਼ਰਮਿੰਦਿਆਂ ਕਰਦੀਆਂ ਹਨ। ਜੇ ਓਨਾਂ ਨੂੰ ਚੰਗੇ ਈਸ਼੍ਵਰੀ ਗਜਾਨ ਦੇ ਭਜਨ ਸਿਖਾਏ ਜਾਨ ਤਾਂ ਸਾਨੂੰ ਭੀ ਸੁਖ ਮਿਲੇ। ਮੈਂ ਤਾਂ ਸੁਣਿਆਹੈ ਜੋ ਆਪ ਰਾਗ ਦੇ ਬਹੁਤ ਚਾਹ ਵਾਨ ਹੋ ਕਦੇ ਆਪਨੇ ਆਪਨੀ ਸੁਪਤਨੀ ਨੂੰ ਭੀ ਕੁਛ ਸਿਖਾਯਾ ਹੈ ?

ਬਿਹਾਰੀ--ਵਾਹ ਜੀ ਵਾਹ ! ਇਹ ਕਿਸਤਰਾਂ ਹੋ ਸਕਦਾ ਹੈ ? ਅਸੀ ਕਿਸਤਰਾਂ ਸਿਖਾਈਏ, ਸਾਡੇ ਤਾਂ ਏਹ ਰੀਤ ਨਹੀਂ ॥

ਰਾਮ—ਕਿਉਂ ? ਤੁਹਾਨੂੰ ਪਤਾ ਹੈ ਜੋ, ਪਤਿ ਪਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੀ ਵਿਵਾਹ ਵੇਲੇ ਕੀ ਮੰਤ੍ਰ ਪੜ੍ਹਦੇ ਹਨ ? ਓਹ ਏਹ ਪੜ੍ਹਦੇ ਹਨ ਕਿ ਅਸੀਂ ਦੁਖ ਸੁਖ ਵੇਲੇ ਇਕ ਦੂਜੇ ਦੇ ਸਾਥੀ ਰਹਾਂਗੇ ਜੇ ਆਪਦੇ ਸੁਖ ਵਿਪਤਾ ਵੇਲੇ ਆਪਦੀ ਇਸਤ੍ਰੀ ਆਪਦੀ ਸਾਥਣ ਹੋਵੇ ਤਾਂ ਕੀ ਓਹ ਵਿਚਾਰੀ ਖੁਸ਼ੀ ਤੇ ਆਨੰਦ ਦੇ ਵੇਲੇ ਆਪਦੀ ਸਾਥਨ ਨਹੀਂ ਹੋ ਸਕਦੀ ? ਕਦੀ ਆਪਨੇ ਇਸ ਗੱਲ ਵਲ ਭੀ ਧਿਆਨ ਦਿੱਤਾ ਹੈ ਕਿ ਨਹੀਂ ?

ਬਿਹਾਰੀ ਲਾਲ ਨੇ ਪਹਿਲੇ ਕਦੇ ਅਜੇਹੀਆਂ ਗੱਲਾਂ ਨਹੀਂ ਸੁਣੀਆਂ ਸਨ ਹੁਣ ਓਸਨੂੰ ਏਨਾਂ ਗੱਲਾਂ ਦੀ ਸੋਚ ਹੋਈ ਅਰ ਓਸਨੇ ਕਿਹਾ:-

ਆਪ ਦਾ ਕਹਿਣਾ ਸੱਚ ਹੈ ਪ੍ਰੰਤੂ ਸਾਡੇ ਦੇਸ਼ ਦੀ ਚਾਲ ਪੁੱਠੀ ਹੈ ਮਰਦ ਬਾਹਰ ਜਾਕੇ ਕੁਸੰਗਤ ਵਿਚ ਭਾਵੇਂ ਕੇਹਾ ਰੰਗ ਮਾਣੇ ਓਸ ਵਿਚ ਓਨਾਂ ਦੇ ਪੁਰਖਾਰਥ ਦੀ ਕੋਈ ਹਾਨੀ ਨਹੀਂ ਹੁੰਦੀ ਪ੍ਰੰਤੂ ਜੇ ਘਰ ਵਿਚ ਮਾਤਾ ਭੈਣ, ਇਸਤ੍ਰੀ, ਕੰਨਯਾਂ ਆਦਿਕ ਦੇ ਪਾਸ ਬੈਠਕੇ ਪਵਿਤ੍ਰ ਭਾਵ ਨਾਲ ਭਜਨ ਕੀਰਤਨ ਕਰੇ ਵਾਜਾ ਵਜਾਵੇ ਗਾਵੇਂ ਤਾਂ ਲੋਕ ਉਸਦੀ ਨਿੰਦਿਆ ਕਰਨ ਲਗ ਪੈਂਦੇ ਹਨ ਪਤਾ ਨਹੀਂ ਜੋ ਕਿਉਂ ਸਾਡੇ ਹਿੰਦੂਆਂ ਦੀ ਬੁਧੀ ਭ੍ਰਿਸ਼ਟ ਗਈ ਹੈ। ਆਪ ਜੋ ਆਪਨੀ ਸੁਪਤਨੀ ਨੂੰ ਗਾਉਣਾ ਸਿਖਾਉਂਦੇ ਤੇ ਵਾਜਾ ਸਿਖਾਉਂਦੇ ਹੋ ਇਸ ਵਿਚ ਆਪਦੀ ਮਾਤਾ ਤਾਂ ਕੁਛ ਬੁਰਾ ਨਹੀਂ ਮੰਨਦੀ ॥

ਰਾਮ—ਹਾਂ ਪਹਿਲਾਂ ਦੋ ਚਾਰ ਦਿਨ ਕੁਛ ਬੁਰਾ ਮੰਨਦੇ ਸੀ ਪਰ ਮੇਰੀ ਮਾਤਾ ਬੜੀ ਸਾਧੂ ਸੁਭਾਵ ਹੈ ਜਦ ਓਨਾਂ ਨੂੰ ਇਕ ਵਾਰੀ ਇਸਦੇ ਗੁਣ ਸਮਝਾ ਦਿਤੇ ਤਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਓਹ ਕੁਛ ਨਹੀਂ ਕਹਿਦੇ। ਹੁਣ ਤਾਂ ਕਦੇ ਕਦੇ ਮੇਰੇ ਪਾਸ ਬੈਠ ਕੇ ਭਜਨ ਸੁਣਦੇ ਹਨ । ਆਪ ਭੀ ਇਸੇ ਦੀ ਚਰਚਾ ਆਪਣੇ ਪ੍ਰਵਾਰ ਵਿਚ ਕਰਦੇਵੋ।

ਆਪਦਾ ਦ੍ਰਿਸ਼ਟਾਂਤ ਦਖਕੇ ਮੈਂ ਬੜਾ ਅਸਚਰਜ ਤੇ ਪ੍ਰਸੰਨ ਹੋਗਿਆ ਹਾਂ ਪਰ ਮੈਂ ਏਹ ਕਿਸਤਰਾਂ ਕਰਾਂ, ਮੈਨੂੰ ਤਾਂ ਲੋਕਾਂ ਤੋਂ ਡਰ ਲਗਦ ਹੇ ਲੋਕ ਕੀ ਕਹਿਣਗੇ ?

ਰਾਮ– ਹਾਂ ਪਹਿਲਾਂ ਕੁਛ ਹਿੰਮਤ ਚਾਹੀਦੀ ਹੈ ਅਰ ਕੇਵਲ ਗਾਉਣਾ ਵਜਾਉਣਾ ਹੀ ਨਹੀਂ ਸਗੋਂ ਹੋਰ ਗੱਲਾਂ ਭੀ ਸੁਧਾਰਨੀਆਂ ਚਾਹੀਦੀਆਂ ਹਨ, ਆਪ ਨੇ ਦੇਖਿਆਹੈ ਜੋ ਭਾਵੇਂ ਮੈਂ ਧਨਵਾਨ ਨਹੀਂ ਪਰ ਸਾਡੇ ਪ੍ਰਵਾਰ ਵਿਚ ਕਿਸੇ ਗੱਲ ਦਾ ਦੁੱਖ ਨਹੀਂ ਈਸ਼੍ਵਰ ਦੀ ਕ੍ਰਿਪਾ ਨਾਲ ਮੈਨੂੰ ਅਜੇਹੀ ਨੇਕ ਇਸਤ੍ਰੀ ਮਿਲੀ ਹੈ ਜੋ ਭਾਵੇਂ ਓਹ ਮੇਰੇ ਘਰ ਦੀ ਰਾਣੀ ਬਣੀ ਹੋਈ ਹੈ ਪਰ ਫੇਰ ਭੀ ਘਰ ਦਾ ਸਾਰਾ ਕੰਮ ਕਾਜ ਆਪਣੇ ਹੱਥੀਂ ਕਰਦੀ ਹੈ ਮੇਰੀ ਬਿਧ ਮਾਤਾ ਨੂੰ ਕੋਈ ਕੰਮ ਨਹੀਂ ਕਰਨ ਦੇਂਦੀ, ਕੋਈ ਅਜੇਹੀ ਗੱਲਨਹੀਂ ਹੋਣ ਦੇਂਦੀ ਜਿਸ ਨਾਲ ਸਾਨੂੰ ਚਿੰਤਾ ਹੋਵੇ। ਮੈ ਤਾਂ ਮਹੀਨੇ ਦੀ ਤਨਖਾਹ ਲਿਆਕੇ ਉਸੇ ਦੇ ਹੱਥ ਦੇ ਦੇਂਦਾ ਹਾਂ ਓਹ ਆਪੇ ਓਸੇ ਵਿਚ ਨਿਰਬਾਹ ਕਰਦੀ ਹੈ। ਔਹ ਦੇਖੋ ਭਾਜੀ ਤਰਕਾਰੀ, ਦੁਧ ਦਹੀਂ ਘਿਓ ਸਭ ਘਰ ਵਿੱਚਹੀ ਹੁੰਦੇ ਹਨ, ਕਪੜੇ ਤਕ ਓਹ ਦਰਜੀ ਨੂੰ ਨਹੀਂ ਦੇਂਦੀ ਹੁਣ ਤਾਂ ਧੋਬੀ ਦਾ ਕੰਮ ਭੀ ਘਰ ਵਿੱਚ ਹੀ ਕਰਾਉਂਦੀ ਹੈ ਕਿਉਂ ਕਿ ਏਥੇ ਦੇ ਧੋਬੀ ਕਪੜੇ ਬਹੁਤ ਚਿਰਾਕੇ ਦੇਂਦੇ ਹਨ ਤੇ ਹੁਣ ਸੁਖ ਨਾਲ ਪ੍ਰਵਾਰ ਭੀ ਵਧਦਾ ਜਾਂਦਾ ਹੈ ਜਦ ਤੋਂ ਬਾਲ ਹੋਏ ਹਨ ਮੈਂ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾਸੀ ਨੌਕਰ ਰਖ ਦਿੱਤੀ ਹੈ ਓਸੇ ਦਾ ਸਹਾਰਾ ਲੈਕੇ ਸਭ ਕੰਮ ਕਰ ਲੈਂਦੀ ਹੈ। ਰਾਤ ਨੂੰ ਰੋਟੀ ਖਾਣ ਦੇ ਪਿਛੋਂ ਦੋ ਘੰਟੇ ਅਸੀਂ ਦੋਵੇਂ ਬੈਠਕੇ ਪੜ੍ਹਨਾ ਲਿਖਣਾ ਅਥਵਾ ਪਾਠ, ਸੰਗੀਤ ਧਰਮ ਚਰਚਾ ਕਰਦੇ ਹਾਂ। ਪ੍ਰੇਮਨਾਰਾਇਣ ਨੂੰ ਭੀ ਓਹ ਅਜੇ ਘਰ ਹੀ ਪੜ੍ਹਾਉਂਦੀ ਹੈ।

ਬਿਹਾਰੀ—ਭਰਾ ਜੀ! ਮੈਂ ਕੀ ਕਰਾਂ? ਮੇਰੀ ਇਸਤ੍ਰੀ ਤਾਂ ਅਜੇਹੀ ਸੁਚੱਜੀ ਨਹੀਂ ਅਰ ਨਾਂ ਓਸਨੂੰ ਪੜ੍ਹਨ ਲਿਖਣ ਦਾ ਕੋਈ ਧਿਆਨ ਹੈ ਓਸਨੂੰ ਤਾਂ ਰਾਤ ਦਿਨ ਆਪਣੇ ਗਹਿਣੇ ਕਪੜੇ ਦੀ ਪਈ ਰਹਿੰਦੀ ਹੈ ਬਾਲਾਂ ਦਾ ਭੀ ਕੁਛ ਧਿਆਨ ਨਹੀਂ ਰਖਦੀ। ਆਪਣੀ ਸੁਪਤਨੀ ਨੂੰ ਕਹਿਣਾ ਜੋ ਦਯਾ ਕਰਕੇ ਓਸਨੂੰ ਭੀ ਕੋਈ ਸਿਖਿਆ ਦੇਵੇ॥

ਰਾਮ ਲਾਲ—ਲਾ ਜੀ, ਏਹ ਨਿਰਾ ਇਸਤ੍ਰੀਆਂ ਦਾ ਦੋਸ ਨਹੀਂ, ਸਾਡਾ ਭੀ ਹੈ। ਦੇਸ ਵਿਚ ਬਾਲ ਵਿਵਾਹ ਦੇ ਕਾਰਨ ਪੂਰੀ ਸਿੱਖਿਆ ਹੋਣ ਤੋਂ ਪਹਿਲਾਂ ਹੀ ੧੮—੧੧—ਵਰਹੇ ਦੀ ਉਮਰ ਦੇ ਅੰਦਰ ੨ ਇਸਤ੍ਰੀਆਂ ਪਰਾਏ ਪੁਰਸ਼ਾਂ ਦੇ ਅਧੀਨ ਹੋ ਜਾਂਦੀਆਂ ਹਨ, ਅਸੀ ਬਾਹਰ ਜਾਕੇ ਆਨੰਦ ਲੈਂਦੇ ਮੌਜਾਂ ਮਾਣਦੇ ਹਾਂ ਪ੍ਰੰਤੂ ਓਹ ਵਿਚਾਰੀਆਂ ਚਿੜੀਆਂ ਵਾਂਗ ਸਾਡੇ ਘਰਾਂ ਰੂਪੀ ਪਿੰਜਰਿਆਂ ਵਿਚ ਬੰਦ ਰਹਿੰਦੀਆਂ ਹਨ। ਖਿਮਾ ਕਰਨਾ! ਦੇਖੋ ਸਾਡੇ ਸ਼ਾਸਤ੍ਰ ਕਾਰ ਤੇ ਹੋਰ ਸਿਆਣੇ ਪੁਰਸ਼ ਵਿਚਾਰੀਆਂ ਇਸਤ੍ਰੀਆਂ ਨੂੰ ਸਦਾ ਪਤਿਬ੍ਰਤਾ ਬਣਨ ਦੇ ਤੇ ਪਤਿ ਭਗਤੀ ਕਰਨ ਦੇ ਲੰਮੇ ਚੌੜੇ ਉਪਦੇਸ਼ ਦੇਂਦੇ ਆਏ ਹਨ ਅਰ ਓਨਾਂ ਨੂੰ ਸੀਤਾ ਸਾਵਿਤ੍ਰੀ ਦਾ ਦ੍ਰਿਸ਼ਟਾਂਤ ਦਸਦੇ ਹਨ ਕੀ ਓਨਾਂ ਨੇ ਕਦੇ ਪੁਰਸ਼ ਨੂੰ ਭੀ ਇਸਤ੍ਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬ੍ਰਤ ਧਰਮ ਦਾ ਉਪਦੇਸ਼ ਦਿੱਤਾ ਹੈ ? ਸੋਚਕੇ ਦੇਖੋ ਜੋ ਸੀਤਾ ਅਤੇ ਸਾਵਿਤ੍ਰੀ ਦੇ ਪਿਤਾ ਅਤੇ ਪਤੀ ਕਿਸਤਰਾਂ ਦੇ ਪੁਰਸ਼ ਸਨ। ਕੀ ਸ੍ਰੀ ਰਾਮਚੰਦ੍ਰ ਜੀ ਨੇ ਸੀਤਾ ਦੇ ਬਿਨਾਂ ਕਿਸੇ ਹੋਰ ਇਸਤ੍ਰੀ ਵਲ ਅੱਖ ਭਰਕੇ ਭੀ ਦੇਖਿਆ ? ਜੇ ਬਨ ਵਿਚ ਗਏ ਤਾਂ ਸੀਤਾ ਨੂੰ ਨਾਲ ਲੈ ਗਏ। ਸੱਤਬ੍ਰਵਾਨ ਜੀ ਬਨਵਾਸੀ ਤੇ ਅਲਪਾਯੂ ਸਨ ਪਰ ਫੇਰ ਭੀ ਸਾਵਿੱਤ੍ਰੀ ਦੇ ਪਿਤਾ ਨੇ ਓਨਾਂਨੂੰ ਹੀ ਕੰਨਿਆ ਦਾਨ ਦਿਤਾ ਜਿਸਤਰਾਂ ਇਸਤ੍ਰੀਆਂ ਨੂੰ ਪਤੀਬ੍ਰਤ ਹੋਣਾ ਚਾਹੀਦਾ ਹੈ ਓਸੇ ਤਰਾਂ ਮਰਦਾ ਨੂੰ ਇਸਤ੍ਰੀ ਬ੍ਰਤ ਧਾਰਨ ਕਰਨਾ ਉਚਿਤ ਹੈ, ਜਿਸਤਰਾਂ ਇਸਤ੍ਰੀਆਂ ਸਾਡੀ ਸੇਵਾ ਕਰਦੀਆਂ ਹਨ ਓਸੇ ਤਰਾਂ ਸਾਨੂੰ ਭੀ ਓਨਾਂ ਦੀ ਗਿਆਨ ਉਨਤੀ ਵਿਚ ਸਹਾਇਤਾ ਦੇਣੀ ਚਾਹੀਦੀ ਹੈ ਜਦ ਤਕ ਅਸੀਂ ਆਪਣੀਆਂ ਇਸਤ੍ਰੀਆਂ ਵਲੋਂ ਉਚਿਤ ਕਰਤੱਵਯ ਪਾਲਨ ਨਹੀਂ ਕਰਾਂਗੇ ਸਾਡੇ ਪ੍ਰਵਾਹ ਵਿਚ ਪੂਰਨ ਸੁਖ ਆਨੰਦ ਨਹੀਂ ਮਿਲੇਗਾ। ਦੰਪਤੀ ਦਾ ਆਪਸ ਵਿਚ ਪਵਿੱਤ੍ਰ ਪ੍ਰੇਮ ਹੋਣਾ ਚਾਹੀਏ ਇਸਨੂੰ ਨਿਸ਼ ਪਾਪ ਰਖਣਾ ਸਾਡਾ ਪੁਰਸ਼ਾਂ ਦਾ ਹੀ ਧਰਮ ਹੈ। ਜੇ ਆਪ ਜਰਾ ਭੀ ਇਸ ਵਲ ਧਿਆਨ ਨ ਕਰੋਗੇ ਤਾਂ ਆਪਨੂੰ ਸੁਖ ਆਨੰਦ ਲੈਣ ਲਈ ਦੂਸ੍ਰੇ ਘਰ ਨਹੀਂ ਜਾਣਾ ਪਵੇਗਾ ਆਪਣੀ ਇਸਤ੍ਰੀ ਤੋਂ ਹੀ ਸਭ ਸੁਖ ਸ਼ਾਂਤੀ ਅਨੰਦ ਪ੍ਰਾਪਤ ਹੋ ਸਕੇਗਾ। ਅਰ ਸਾਡੇ ਦ੍ਰਿਸ਼ਟਾਂਤਾਂ ਤੋਂ ਸਾਡੀ ਅਗਲੀ ਸੰਤਾਨ ਭੀ ਸੁਖੀ ਹੋਵੇਗੀ।

ਸਾਡੀਆਂ ਇਸਤ੍ਰੀਆਂ ਦੇਵੀਆਂ ਬਣ ਜਾਨ ਪਰ ਜੇ ਅਸੀ ਭੀ ਓਨਾਂ ਤੇ ਕੁਛ ਦਯਾ ਦ੍ਰਿਸ਼ਟੀ ਕਰੀਏ॥

ਬਿਹਾਰੀ ਲਾਲ ਜੀ ਰਾਮਨਾਰਾਇਣ ਜੀ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਅਮੋਲਕ ਸਿੱਖਿਆ ਭਰੇ ਉਪਦੇਸ਼ ਨੂੰ ਸੁਣਕੇ ਆਪਣੇ ਪਿਛਲੇ ਵਰਤਾਵਾਂ ਲਈ ਮਨ ਵਿਚ ਬਹੁਤ ਪਛਤਾਏ ਅਰ ਬੋਲੇ ਭਰਾ ਜੀ ! ਅੱਜ ਆਪਦੇ ਉਪਦੇਸ਼ ਨੇ ਮੇਰੇ ਮਨ ਤੋਂ ਅੱਗਯਾਨਤਾ ਦਾ ਪੜਦਾ ਚੁੱਕ ਦਿੱਤਾ ਹੈ ਅਸੀਂ ਪੁਰਸ਼ ਸਾਰਾ ਭਾਰ ਇਸਤ੍ਰੀਆਂ ਦੇ ਸਿਰ ਤੇ ਸੁੱਟ ਕੇ ਆਪ ਵੇਸਲੇ ਹੋ ਜਾਂਦੇ ਹਾਂ, ਅਸੀ ਕਦੇ ਇਸਤ੍ਰੀਆਂ ਦੇ ਭਲੇ ਵਲ ਅਥਵਾ ਓਨਾਂ ਦੀ ਉੱਨਤੀ ਵਲ ਧਿਆਨ ਨਹੀਂ ਦੇਂਦੇ, ਕ੍ਰਿਪਾ ਕਰਕੇ ਆਪ ਕਦੇ ਕਦੇ ਸਾਡੇ ਘਰ ਆਇਆ ਕਰੋ, ਅਰ ਜੇ ਆਗਯਾ ਦੇਵੋ ਤਾਂ ਮੈਂ ਹੁਣੇ ਆਪਣੀ ਇਸਤ੍ਰੀ ਨੂੰ ਸੱਦਕੇ ਆਪਦੇ ਸਾਹਮਣੇ ਕਰ ਦੇਂਦਾ ਹਾਂ ਤਾਂ ਕਿ ਆਪ ਉਸਨੂੰ ਭੀ ਕੁਛ ਉਪਦੇਸ਼ ਦੇ ਸਕੋ ॥

ਏਹ ਸੁਣਕੇ ਰਾਮ ਨਾਰਾਇਣ ਜੀ ਬਿਹਾਰੀ ਲਾਲ ਜੀ ਨੂੰ ਨਾਲ ਲੈਕੇ ਘਰ ਦੇ ਅੰਦਰ ਗਏ, ਜਿਥੇ ਪਾਰਬਤੀ ਆਪਣੀ ਸਹੇਲੀ ਪਾਸ ਬੈਠੀ ਹੋਈ ਓਸਨੂੰ ਆਪਣੇ ਹਥਾਂ ਦੇ ਬਨਾਏ ਹੋਏ ਕੰਮ ਵਿਖਾ ਰਹੀ ਸੀ । ਏਨਾਂ ਨੂੰ ਦੇਖਦਿਆਂ ਹੀ ਰਾਮ ਪਿਆਰੀ ਘੁੰਡ ਕੱਢਕੇ ਦੂਸਰੇ ਕਮਰੇ ਵਿਚ ਦੌੜ ਗਈ। ਪਾਰਬਤੀ ਨੇ ਉਠਕੇ ਏਨਾਂ ਦੋਹਾਂ ਦੇ ਬੈਠਣ ਨੂੰ ਆਪਣੇ ਕਮਰੇ ਵਿਚੋਂ ਦੋ ਕੁਰਸੀਆਂ ਲਿਆ ਦਿਤੀਆਂ । ਕੁਰਸੀ ਤੇ ਬੈਠਕੇ ਰਾਮ ਨਾਰਾਇਣ ਜੀ ਨੇ ਪਾਰਬਤੀ ਨੂੰ ਕਿਹਾ ਦੇਖੋ ਅੱਜ ਤੋਂ ਤੁਹਾਡੀ ਸਹੇਲੀ ਮੇਰੀ ਧਰਮ ਭੈਣ ਬਣੀ ਤੇ ਤੁਸੀਂ ਲਾਲਾ ਜੀ ਦੀ ਭੈਣ ਬਣੇ, ਜੇ ਮੈਂ ਕਿਸੇ ਵੇਲੇ ਘਰ ਨਾਂ ਭੀ ਹੋਵਾਂ ਤੇ ਏਹ ਆਉਣ ਤਾਂ ਤੁਸੀ ਏਨਾਂ ਨੂੰ ਮੇਰੇ ਆਉਣ ਤਕ ਅੰਦਰ ਬੈਠਾਉਣਾ। ਏਹ ਸੰਗੀਤ ਦੇ ਬੜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰੇਮੀ ਹਨ ਇਨਾਂ ਨੂੰ ਕਿਸੇ ਦਿਨ ਭਜਨ ਸੁਣਾਉਣੇ।

ਬਿਹਾਰੀ ਲਾਲ ਨੇ ਪਾਰਬਤੀ ਨੂੰ ਕਿਹਾ:—ਭੈਣ ਜੀ ਕ੍ਰਿਪਾ ਕਰਕੇ ਆਪਣੀ ਸਹੇਲੀ ਨੂੰ ਸੱਦੋ, ਓਹ ਕਿਉਂ ਏਥੋਂ ਚਲੀ ਗਈ ਹੈ ? ਭਰਾ ਜੀ ਤਾਂ ਅੱਜ ਤੋਂ ਮੇਰੇ ਉਸਤਾਦ ਬਣੇ ਹਨ ਇਨਾਂ ਦੀਆਂ ਗੱਲਾਂ ਸੁਣਕੇ ਮੇਰੀਆਂ ਅੱਖਾਂ ਖੁੱਲ ਗਈਆਂ ਹਨ ਓਹ ਭੀ ਆਕੇ ਏਨਾਂ ਦੇ ਸ਼ੁਭ ਬਚਨ ਸੁਣੇ। ਪਾਰਬਤੀ ਅੰਦਰ ਜਾਕੇ ਬੜੇ ਪਿਆਰ ਨਾਲ ਰਾਮ ਪਿਆਰੀ ਨੂੰ ਬਾਹੋਂ ਫੜਕੇ ਲੈ ਆਈ। ਉਸਨੇ ਆਉਂਦਿਆਂ ਹੀ ਰਾਮ ਨਰਾਇਣ ਜੀ ਨੂੰ ਬੰਦਨਾ ਕਹੀ,ਰਾਮਨਾਰਾਇਣ ਜੀਨੇਭੀ ਉਸਦਾਉੱਤ੍ਰ ਬੰਦਨਾ ਕਹਿਕੇ ਦਿੱਤਾ। ਤਦ ਬਿਹਾਰੀ ਲਾਲ ਜੀ ਨੇ ਆਪਣੀ ਪਤਨੀ ਨੂੰ ਕਿਹਾ ਦੇਖ ਰਾਮ ਪਿਆਰੀ ! ਮੈਂ ਕਦੇ ਤੈਨੂੰ ਕੋਈ ਸ਼ੁਭ ਸਿਖਿਆ ਨਹੀਂ ਦਿੱਤੀ ਸੀ ਅੱਜ ਭਰਾ ਜੀ ਦੇ ਉਪਦੇਸ਼ ਸੁਣਨ ਨਾਲ ਮੈਨੂੰ ਬਹੁਤ ਲਾਭ ਹੋਇਆ ਹੈ ਮੈਂ ਚਾਹੁੰਦਾ ਹਾਂ ਕਿ ਤੁਸੀਂ ਭੀ ਭਰਾ ਜੀ ਤੇ ਭੈਣ ਪਾਰਬਤੀ ਦੇ ਉਪਦੇਸ਼ ਸੁਣਿਆ ਕਰੋ ਤਾਂ ਕਿ ਤੁਹਾਨੂੰ ਭੀ ਕੁਛ ਸਮਝ ਆਵੇ, ਅੱਜ ਏਨਾਂ ਦੇ ਘਰ ਆਉਣ ਕਰਕੇ ਸਾਨੂੰ ਬਹੁਤ ਸਾਰੀ ਸਿਖਿਆ ਮਿਲੀ ਹੈ। ਅਸੀ ਭੀ ਅੱਜ ਤੋਂ ਪ੍ਰਸਪਰ ਇਸਤ੍ਰੀ ਭਰਤ ਦੇ ਕਰਤੱਵਜ ਨੂੰ ਪਾਲੀਏ ਤੇ ਰਲਕੇ ਆਪਣੇ ਬਾਲਾਂ ਨੂੰ ਚੰਗੀ ਸਿੱਖਿਆ ਦੇਈਏ।

ਸ੍ਵਾਮੀਦੀ ਏਹਗੱਲ ਸੁਣਕੇ ਪਾਰਬਤੀਦਾ ਮਨ ਬਹੁਤ ਪ੍ਰਸੰਨ ਹੋਯਾ ਉਸਨੇ ਹੱਥ ਜੋੜਕੇ ਆਪਣੇ ਸ੍ਵਾਮੀ ਨੂੰ ਕਿਹਾ:—ਸ੍ਵਾਮੀ ਜੀ ! ਮੈਂ ਤਾਂ ਮੂਰਖ ਇਸਤ੍ਰੀ ਹਾਂ ਅੱਜ ਮੇਰੀ ਪਿਆਰੀ ਸਹੇਲੀ ਤੇ ਓਨਾਂ ਦੇ ਪਤੀ ਮਾਸਟਰਜੀਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕ੍ਰਿਪਾ ਨਾਲ ਸਾਡਾ ਦੋਹਾਂ ਦਾ ਬਹੁਤ ਭਲਾ ਹੋਯਾ ਹੈ ਜਿ ਸਦਾ ਬਦਲਾ ਅਸੀ ਕਦੇਨਹੀਂ ਦੇਸਕਦੇ ਆਪਨੇ ਜੋ ਆ ਗਜਾ ਕੀਤੀਹੈ ਮੈਂ ਯਥਾਸ਼ਕਤ ਇਸਦਾ ਪਾਲਣਕਰਾਂਗੀ।

ਫੇਰ ਰਾਮ ਨਾਰਾਇਣ ਜੀ ਨੇ ਸਾਰੇ ਬਾਲਾਂ ਨੂੰ ਸੱਦਿਆਂ ਅਰ ਪ੍ਰੇਮ ਨਾਰਾਇਣ ਨੂੰ ਕਿਹਾ ਕਾਕਾ ਤੂੰ ਅੱਜ ਆਪਣੇ ਮਾਸੀ ਮਾਸੜ ਨੂੰ ਕੀ ਸੁਣਾਯਾ ਹੈ ? ਇਕਗੀਤ ਤਾਂ ਸੁਣਾਓ। ਪਿਤਾ ਦੀ ਆਗਜਾ ਸੁਣਕੇ ਪ੍ਰੇਮ ਨਾਰਾ-ਇਣ ਦੌੜਕੇ ਅਲਮਾਰੀ ਵਿਚੋਂ ਆਪਣੀ ਪੋਥੀ ਲੈਆਯਾ ਅਰ ਸਭਨਾਂ ਨੂੰ ਆਪਣੀ ਸੰਥਿਅ ਪੜ੍ਹਕੇ ਸੁਣਾਈ ਫੇਰ ਇਕ ਗੀਤ ਬੜੀ ਸੁਰੀਲੀ ਆਵਾਜ਼ ਨਾਲ ਗਾਂਵਿਆਂ, ਜਿਸ ਵਿਚ ਭੈਣ ਭਰਾ ਦੇ ਪ੍ਰੇਮ ਸਨੇਹ ਦਾ ਵਰਨਣ ਸੀ। ਬਾਲ ਦੇ ਮੂੰਹੋਂ ਅਜੇਹਾ ਉਤਮ ਗੀਤ ਸੁਣਕੇ ਬਿਹਾਰੀ ਲਾਲ ਰਾਮ ਪਿਆਰੀ ਤੇ ਓਸਦੇ ਬਾਲ ਬਹੁਤ ਪ੍ਰਸੰਨ ਹੋਏ। ਬਿਹਾਰੀ ਲਾਲ ਜੀ ਨੇ ਬਾਲਕ ਨੂੰ ਕੁਛੜ ਚੁਕ ਲਿਆ ਅਰ ਓਸਤੋਂ ਗਣਿਤ ਤੇ ਭੂਗੋਲ ਦੇ ਦੋ ਚਾਰ ਪ੍ਰਸ਼ਨ ਪੁਛੇ ਜੋ ਓਸਨੇ ਠੀਕ ੨ ਦੱਸ ਦਿੱਤੇ। ਫੇਰ ਪ੍ਰੇਮ ਨਾਰਾ ਇਣ ਨੇ ਆਪਣੇ ਪਿਤਾ ਦੀਆਂ ਲਿਆਕੇ ਦਿਤੀਆਂ ਹੋਈਆਂ ਮੂਰਤਾਂ ਲਿਆਕੇ ਵਿਖਾਈਆਂ ਜਿਨਾਂ ਨੂੰ ਦੇਖਕੇ ਬਿਹਾਰੀ ਲਾਲ ਜੀ ਨੇ ਉਨਾਂ ਦਾ ਵਿਰਤਾਂਤ ਪੁਛਿਆ ਪ੍ਰੇਮ ਨਾਰਾਇਣ ਨੇ ਸਭ ਕੁਛ ਦਸ ਦਿਤਾ। ਫੇਰ ਬਿਹਾਰੀ ਲਾਲ ਦੀਆਂ ਧੀਆਂ ਦਾ ਹਥ ਫੜਕੇ ਕਿਹਾ:-

ਭੈਣ ਤੁਸੀ ਭੀ ਏਹ ਮੂਰਤਾਂ ਲਵੋਗੀਆਂ ? ਏਹ ਕਹਿਕੇ ਆਪਣੀਆਂ ਮੂਰਤਾਂ ਵਿਚੋਂ ਇਕ ਇਕ ਮੂਰਤ ਓਹਨਾਂ ਦੋਹਾਂ ਨੂੰ ਭੀ ਦੇ ਦਿਤੀ। ਪ੍ਰੇਮ ਨਾਰਾਇਣ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜੇਹਾ ਸੋਹਣਾ ਵਰਤਾਵ ਦੇਖਕੇ ਬਿਹਾਰੀ ਲਾਲ ਤੇ ਰਾਮ ਪਿਆਰੀ ਦੋਵੇਂ ਉਸਦੀ ਸਲਾਘਾ ਕਰਨ ਲਗ ਪਏ॥

ਇਸਦੇ ਪਿਛੋਂ ਇਨਾਂ ਨੇ ਪਾਰਬਤੀ ਅਤੇ ਰਾਮ ਨਾਰਾਇਣ ਜੀ ਤੋਂ ਵਿਦਿਆ ਹੋਣ ਦੀ ਆਗਜ਼ਾ ਮੰਗੀ ਅਰ ਕਿਸੇ ਦਿਨ ਆਪਣੇ ਘਰ ਆਉਣ ਨੂੰ ਭੀ ਕਿਹਾ। ਰਾਮ ਨਾਰਾਇਣ ਜੀ ਨੇ ਕਿਹਾ ਭਰਾ ਜੀ ! ਅਸੀ ਤਾਂ ਪਰਾਏ ਨੌਕਰ ਹਾਂ, ਆਪਣੀ ਭੈਣ ਨੂੰ ਕਹੋ ॥

ਬਿਹਾਰੀ ਲਾਲ ਨੇ ਫੇਰ ਪਾਰਬਤੀ ਦੀ ਮਿੰਨਤ ਕੀਤੀ ਪਾਰਬਤੀ ਨੇ ਯੋਗ ਉਤਰ ਦਿਤਾ ਅਰ ਪ੍ਰੇਮ ਨਾਰਾਇਣ ਨੂੰ ਕਿਹਾ ਕਾਕਾ ਆਪਣੀ ਮਾਸੀ, ਮਾਸੜ ਤੇ ਵਡੇ ਭਰਾਵਾਂ ਨੂੰ ਪ੍ਰਨਾਮ ਕਰ। ਮਾਤਾ ਦੀ ਆਗਜ਼ਾ ਸੁਣਕੇ ਉਸਨੇ ਸਭਨਾਂ ਨੂੰ ਪ੍ਰਨਾਮ ਕੀਤਾ ਓਹਨਾਂ ਨੇ ਭੀ ਕੁਛੜ ਚੁਕ ਕੇ ਪਿਆਰ ਕੀਤਾ ਅਰ ਫੇਰ ਸਭ ਇਕ ਦੂਜੇ ਤੋਂ ਵਿਦਾ ਹੋਕੇ ਆਪਣੇ ਘਰ ਨੂੰ ਗਏ ॥

ਪੰਦ੍ਰਵਾਂ ਅੱਧਜਾਇ

ਜਦ ਲਾਲਾ ਬਿਹਾਰੀ ਲਾਲ ਜੀ ਤੇ ਰਾਮਪਿਆਰੀ ਚਲੀ ਗਈ ਤਾਂ ਰਾਮ ਨਾਰਾਇਣ ਜੀ ਨੇ ਹਾਸੇ ਨਾਲ ਪਾਰਬਤੀ ਨੂੰ ਕਿਹਾ ਦੇਖ ਪਿਆਰੀ ! ਮੈਂ ਅਤਯੰਤ ਨਿਰਧਨ ਹਾਂ ਤੇਰੀ ਸਹੇਲੀ ਦੇ ਪਾਸ ਕਹੇ ਸੋਹਣੇ ਸੋਹਣੇ ਕਪੜੇ ਤੇ ਗਹਿਣੇ ਸਨ ਪ੍ਰੰਤੂ ਮੈਂ ਤਾਂ ਤੈਨੂੰ ਕੁਛ ਨਹੀਂ ਦੇ ਸਕਿਆ ਜੇ ਤੇਰਾ ਵਿਆਹ ਕਿਸੇ ਧਨਵਾਨ ਨਾਲ ਹੁੰਦਾ ਤਾਂ ਚੰਗਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਘਰ ਵਿਚ ਤੁਹਾਡਾ ਯੋਗ ਆਦਰ ਨਹੀਂ ਹੁੰਦਾ ॥

ਪਾਰਬਤੀ -- ਤੁਸੀ ਨਿਰਧਨ ਹੋ ਮੈਂ ਤਾਂ ਨਿਰਧਨ ਨਹੀਂ [illegible]। ਮੈਂ ਇਸ ਘਰ ਰਾਜੇ ਦੀ ਰਾਣੀ ਤੋਂ ਭੀ ਵਧੀਕ ਸੁਖ [illegible] ਰਹੀ ਹਾਂ, ਧ੍ਰਿਗ ਹੈ ਓਨ੍ਹਾਂ ਇਸਤ੍ਰੀਆਂ ਨੂੰ ਜੋ [illegible] ਗਹਿਣੇ ਕਪੜੇ ਲਈ ਪਤੀ ਨੂੰ ਤੰਗ ਕਰਦੀਆਂ ਹਨ [illegible] ਕਪੜਿਆਂ ਗਹਿਣਿਆਂ ਦੀ ਕੁਛ ਲੋੜ ਨਹੀਂ ਜੇਹਾ ਪ੍ਰੇਮ [illegible] ਅੱਗੇ ਅੱਜ ਤਕ ਕਰਦੇ ਰਹੇ ਹੋ ਕ੍ਰਿਪਾ ਕਰਕੇ [illegible] ਏਸੇ ਤਰਾਂ ਕਰਦੇ ਰਹੋ, ਹੋਰ ਕੁਛ ਨਹੀਂ ਮੰਗਦੀ। [illegible] ਕਹਿੰਦਿਆਂ ੨ ਪ੍ਰੇਮ ਤੇ ਕ੍ਰਿਤਗਤਾ ਨਾਲ ਪਾਰਬਤੀ ਦੀਆਂ ਅੱਖਾਂ ਵਿਚ ਅੱਥਰੂ ਭਰ ਆਏ। ਉਸਦਾ ਸੁੰਦਰ ਮੁਖੜਾ [illegible] ਸਜਲ ਨੇਤ੍ਰ ਦੇਖਕੇ ਰਾਮ ਨਾਰਾਇਣ ਜੀ ਮੋਹਿਤ [illegible] ਗਏ ਅਰ ਪਿਆਰ ਨਾਲ ਕਹਿਣ ਲੱਗੇ ਧੰਨਤ ਹੈ ਪ੍ਰਭੂ, ਜਿਸਦੀ ਕ੍ਰਿਪਾ ਨਾਲ ਮੇਰੇ ਜਹੇ ਕੰਗਾਲ ਦੇ ਘਰ [illegible] ਜੇਹੀ ਸੁੰਦਰ ਤੇ ਦੈਵੀ ਸੁਭਾਵ ਵਾਲੀ ਇਸਤ੍ਰੀ ਆਈ ਹੈ। ਪਿਆਰੀ! ਮੈਂ ਤੇਰਾ ਹਾਂ ਤੇਰੇ ਨਾਲ ਸਦਾ ਇਕ ਰਸ ਪ੍ਰੇਮ ਕਰਾਂਗਾ ॥

ਤੁਹਾਡੀ ਸਹੇਲੀ ਤੇ ਉਸਦਾ ਪਤੀ ਬਿਹਾਰੀ ਲਾਲ ਜੀ [illegible] ਸਾਧੂ ਸੁਭਾਵ ਹਨ ਦੇਖੋ ਅੱਜ ਅੱਸਾਂ ਓਨਾਂ ਨੂੰ ਕੈਸੀ [illegible] ਸਿੱਖਿਆ ਦਿੱਤੀ ਹੈ ਏਹ ਕੇਵਲ ਤੁਹਾਡਾ ਹੀ ਪ੍ਰਤਾਪ [illegible] ਕਿ ਮੇਰਾ ਘਰ ਸੁਖ ਸ਼ਾਂਤੀ ਤੇ ਆਨੰਦ ਨਾਲ ਭਰ [illegible] ਰਿਹਾ ਹੈ ਅੱਜ ਤਾਂ ਬਿਹਾਰੀ ਲਾਲ ਜੀ ਭੀ ਕਹਿ [illegible] ਹਨ ਕਿ ਆਪਣੀ ਇਸਤ੍ਰੀ ਦੇ ਸੁਖ ਸਾਧਨ ਤੇ ਉਨ੍ਹਾਂ [illegible] ਧਿਆਨ ਦੇਵਾਂਗੇ ਪਰ ਓਹ ਵਿਚਾਰੇ ਕੀ ਕਰਨ [illegible] ਇਸ ਅਭਾਗੇ ਦੇਸ਼ ਦੀਆਂ ਰੀਤਾਂ ਹੀ ਉਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੀਆਂ ਹਨ, ਸੁਖ ਦਾਇਨੀ ਦੇਵੀਆਂ ਨੂੰ ਘਰਾਂ ਦੇ ਪਿੰਜਰੇ ਵਿਚ ਬੰਦ ਕਰਕੇ ਪੁਰਖ ਹੋਰਨਾਂ ਦੇ ਕੁਸੰਗ ਵਿੱਚ ਡੁੱਬਕੇ ਆਪਣਾ ਅਮੋਲਕ ਜੀਵਨ ਨਸ਼ਟ ਕਰ ਲੈਂਦੇ ਹਨ ॥

ਦੇਖੋ ਮੈਂ ਤਾਂ ਜਦ ਤਕ ਸੰਧਜਾਂ ਵੇਲੇ ਘਰ ਆਕੇ ਤੁਹਾਡਾ ਦਰਸ਼ਨ ਨਹੀਂ ਕਰਦਾ ਮੇਰੇ ਮਨ ਨੂੰ ਸ਼ਾਂਤਿ ਨਹੀਂ ਆਉਂਦੀ ॥

ਪਾਰਬਤੀ ਪਤੀ ਦੇ ਏਹ ਪ੍ਰੇਮ ਭਰੇ ਬਚਨ ਸੁਣ ਕੇ ਸ਼ਰਮਾ ਗਈ ਅਰ ਕੁਛ ਉਤ੍ਰ ਨ ਦਿੱਤਾ ॥

ਥੋੜੇ ਚਿਰ ਪਿੱਛੋਂ ਰਾਮ ਨਾਰਾਇਣ ਨੇ ਕਿਹਾ:-- ਚਲੋ ਅਸੀ ਭੀ ਕਿਸੇ ਦਿਨ ਬਿਹਾਰੀ ਲਾਲ ਦੇ ਘਰ ਚਲੀਏ ਓਨਾਂ ਨੂੰ ਓਨਾਂ ਦੇ ਪੁਤ੍ਰਾਂ ਧੀਆਂ ਨੂੰ ਸੁਧਾਰਨ ਵਿਚ ਸਹਾਇਤਾ ਦੇਈਏ ਅਜੇ ਵਿਚਾਰੀ ਰਾਮ ਪਿਆਰੀ ਕੁਝ ਭੀ ਨਹੀਂ ਜਾਣਦੀ ॥

ਦੋ ਤਿੰਨ ਸਾਤੇ ਪਿਛੋਂ ਇਕ ਦਿਨ ਚਾਨਣੀ ਰਾਤ ਨੂੰ ਰਾਮ ਨਾਰਾਇਣ ਤੇ ਪਾਰਬਤੀ ਪੈਦਲ ਹੀ ਬਿਹਾਰੀ ਲਾਲ ਦੇ ਘਰ ਗਏ ਓਸ ਵੇਲੇ ਓਨਾਂ ਨੇ ਬਾਹਰੋਂ ਵਾਜੇ ਦੀ ਅਵਾਜ਼ ਸੁਣੀ ॥

ਸੋਲਵਾਂ ਅੱਧਜਾਇ

ਬਿਹਾਰੀ ਲਾਲ ਆਪਣੀ ਇਸਤ੍ਰੀ ਨੂੰ ਵਾਜਾ ਸਿਖਾ ਰਿਹਾ ਸੀ ਏਨੇ ਨੂੰ ਰਾਮ ਨਾਰਾਇਣ ਤੇ ਪਾਰਬਤੀ ਜਾ ਪਹੁੰਚੇ, ਇਨਾਂ ਨੂੰ ਦੇਖਕੇ ਓਹ ਬਹੁਤ ਪ੍ਰਸੰਨ ਹੋਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਪੁੱਛਿਆ ਕੀ ਤੁਸੀਂ ਦੋਵੇਂ ਪੈਦਲ ਆਏ ਹੋ ?

ਰਾਮ ਨਾਰਾਇਣ ਜੀ ਨੇ ਹੱਸਕੇ ਕਿਹਾ:--ਗ੍ਰੀਬ ਲੋਕ ਧਨਵਾਨਾਂ ਦੇ ਘਰ ਪੈਦਲ ਹੀ ਆਉਂਦੇ ਹੁੰਦੇਹਨ॥

ਸੁਖ ਸਾਂਦ ਪੁਛਨ ਦੇ ਪਿੱਛੋਂ ਸਾਰੇ ਆਕੇ ਬੈਠਕ ਵਿਚ ਬੈਠ ਗਏ ਓਥੇ ਹੋਰ ਕੋਈ ਦੂਸਰਾ ਹੈ ਨਹੀਂ ਸੀ। ਰਾਮ ਨਰਾਇਣ ਜੀ ਨੇ ਬਿਹਾਰੀ ਲਾਲ ਨੂੰ ਕਿਹਾ:--

ਕੀ ਤੁਸਾਂ ਸਾਡੀ ਭੈਣਨੂੰ ਸਿੱਖਿਆਦੇਣੀ ਆਰੰਭਦਿੱਤੀ ਹੈ ? ਤੇ ਕੀ ਕੀ ਸਿਖਾਯਾ ਹੈ ? ਅੱਜ ਅਸਾਂ ਏਥੇ ਵੜ ਦਿਆਂ ਸੀ ਵਾਜੇ ਦੀ ਆਵਾਜ਼ ਸੁਣੀ ਸੀ। ਰਾਮ ਪਿਆਰੀ ਸ਼ਰਮਿੰਦੀ ਹੋਕੇ ਪਾਰਬਤੀ ਨੂੰ ਨਾਲ ਲੈਕੇ ਘਰ ਦੇ ਅੰਦਰ ਚਲੀ ਗਈ ਓਥੇ ਜਾਕੇ ਓਹ ਦੋਵੇਂ ਸਹੇਲੀਆਂ ਆਪਸ ਵਿਚ ਘਰ ਦੇ ਧੰਧਿਆਂ ਦੀਆਂ ਗੱਲਾਂ ਕਰਨ ਲਗ ਪਈਆਂ ਪਾਰਬਤੀ ਨੇ ਪੁੱਛਿਆ ਕਿਉਂ ਭੈਣ ਕੀ ਹੁਣ ਭੀ ਤੇਰਾ ਪਤੀ ਸਾਰਾ ਦਿਨ ਘਰੋਂ ਬਾਹਰ ਬੈਠਾ ਸਤ ਰੰਜ ਹੀ ਖੇਡਦਾ ਰਹਿੰਦਾ ਹੈ ਕਿ ਕੁਛ ਤੇਰੇ ਅਥਵਾ ਬਾਲਾਂ ਵਲ ਧਿਆਨ ਕਰਦਾ ਹੈ ?

ਰਾਮ ਪਿਆਰੀ ਨੇ ਹੱਥ ਜੋੜਕੇ ਕਿਹਾ: -ਭੈਣ ਏਹ ਤਾਂ ਤੇਰਾ ਹੀ ਪ੍ਰਤਾਪ ਹੈ ਜਦ ਤੋਂ ਤੇਰੇ ਘਰੋਂ ਆਏ ਹਾਂ ਤਦ ਤੋਂ ਇਨਾਂ ਦਾ ਸੁਭਾਵ ਬਦਲ ਗਿਆ ਹੈ ਹੁਣ ਤਾਂ ਬਹੁਤਾ ਬਾਹਰ ਨਹੀਂ ਬੈਠਦੇ ਅੰਦਰ ਬੈਠੇ ਬਾਲਾਂ ਨੂੰ ਪੜ੍ਹਾਉਂਦੇ ਰਹਿੰਦੇਹਨ ਅਰ ਮੈਨੂੰ ਭੀ ਦੋ ਤਿੰਨ ਪੁਸਤਕਾਂ ਪੜ੍ਹਾ ਚੁਕੇ ਹਨ ਅੱਜ ਵਾਜਾ ਵਜਾਉਣਾ ਸਿਖਾ ਰਹੇ ਸਨ ਏਨੇ ਨੂੰ ਤੁਸੀ ਆਗਏ, ਹੁਣ ਤਾਂ ਮੇਰੀ ਸੱਸ ਭੀ ਬਹੁਤਾ ਕ੍ਰੋਧ ਨਹੀਂ ਕਰਦੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਹ ਸੁਣਕੇ ਪਾਰਬਤੀ ਪ੍ਰਸੰਨ ਹੋਕੇ ਬੋਲੀ:- ਏਸੇ ਤਰਾਂ ਤੇਰਾ ਘਰ ਸੁਧਰ ਜਾਵੇਗਾ ਭੈਣ ਤੂੰ ਭੀ ਮਾਨ ਹੰਕਾਰ ਤਿਆਗਕੇ ਪਤੀ ਦੀ ਸੇਵਾ ਕਰਿਆ ਕਰ ਕਿਸੇ ਗੱਲੇ ਓਨਾਂਨੂੰ ਦੁਖੀ ਨ ਕਰਿਆ ਕਰ। ਜਦ ਤਕ ਸਾਡੇ ਪਤੀ ਦਾ ਪ੍ਰੇਮ ਸਾਡੇ ਤੇ ਨ ਹੋਵੇ ਏਹ ਤੁਛ ਗਹਿਣੇ ਬਸਤ੍ਰ ਸਾਨੂੰ ਕੀ ਸੁਖ ਦੇ ਸਕਦੇ ਹਨ ? ਹੁਣ ਧੀਰਜ ਰਖਕੇ ਓਨਾਂ ਦੀ ਸਹਾਇਤਾ ਨਾਲ ਬਾਲਾਂ ਨੂੰ ਸੁਮੱਤ ਦਿਆ ਕਰ। ਤੂੰ ਆਪਣੀਆਂ ਧੀਆਂ ਨੂੰ ਕੀ ਕੁਛ ਪੜ੍ਹਾਯਾ ਹੈ ?

ਰਾਮ ਪਿਆਰੀ–ਅਜੇ ਓਨਾਂ ਨੂੰ ਤਾਂ ਕੁਛ ਨਹੀਂ ਪੜ੍ਹਾਯਾ ਕਾਰਨ ਏਹ ਜੋ ਇਸ ਸ਼ਹਿਰ ਵਿਚ ਕੋਈ ਕੰਨਯਾਂ ਪਾਠਸ਼ਾਲਾ ਹੈ ਹੀ ਨਹੀਂ ਤੇ ਪੁਰਸ਼ ਮਾਸਟਰ ਪਾਸ ਸ੍ਵਾਮੀ ਜੀ ਭੇਜਣਾ ਨਹੀਂ ਚਾਹੁੰਦੇ॥

ਪਾਰਬਤੀ--ਏਹ ਭੀ ਤੇਰਾ ਹੀ ਕੰਮ ਹੈ। ਤੂੰ ਆਪ ਹੀ ਏਨਾਂ ਨੂੰ ਘਰ ਪੜ੍ਹਾਯਾ ਕਰ। ਕਸੀਦਾ ਕੱਢਣਾ ਕਪੜੇ ਸੀਊਣੇ ਤੂੰ ਚੰਗੀ ਤਰਾਂ ਜਾਣਦੀ ਹੈਂ ਸੋ ਇਨਾਂ ਨੂੰ ਸਿਖਾ ਦੇਹ। ਦੇਖ ਮੈਂ ਇਕ ਕਪੜੇ ਸੀਉਣ ਦੀ ਮਸ਼ੀਨ ਮੰਗਵਾਈ ਹੋਈ ਹੈ ਹੁਣ ਮੈਂ ਆਪਣੇ ਘਰਦਾ ਕੋਈ ਕਪੜਾ ਦਰਜੀ ਨੂੰ ਨਹੀਂ ਦੇਂਦੀ ਤੂੰ ਭੀ ਇਕ ਮਸ਼ੀਨ ਮੰਗਵਾਲੈ ਮੈਂ ਤੈਨੂੰ ਵੱਲ ਸਿਖਾ ਦੇਵਾਂਗੀ॥

ਰਾਮ ਪਿਆਰੀ ਨਿੰਮ੍ਰਭਾਵ ਨਾਲ਼ ਬੋਲੀ ਭੈਣ ਮੈਨੂੰ ਤਾਂ ਤੂੰ ਬਹੁਤ ਸਿਖਿਆ ਦਿੱਤੀ ਹੈ ਪਰ ਹੁਣ ਮੈਂ ਆਪਣੀਆਂ ਧੀਆਂ ਭੀ ਤੇਰੇ ਹਵਾਲੇ ਕਰਦੀ ਹਾਂ ਤੂੰ ਏਨਾਂ ਨੂੰ ਭੀ ਕੁਛ ਪੜ੍ਹਾ ਲਿਖਾ ਕੇ ਸੂਈ ਸਲਾਈ ਦਾ ਕੰਮ ਸਿਖਾ ਦੇਹ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਰਬਤੀ--ਮੈਂ ਬੜੀ ਖੁਸ਼ੀ ਨਾਲ ਸਿਖਾ ਦੇਵਾਂਗੀ ਪ੍ਰੰਤੂ ਪਹਿਲਾਂ ਤੂੰ ਭੀ ਘਰ ਵਿਚ ਕੁਛ ਸਿਖਾ। ਪਾਰਬਤੀ ਨੇ ਦੇਖਿਆ ਕਿ ਰਾਮ ਪਿਆਰੀ ਦਾ ਪਹਿਰਾਵਾ ਹੁਣ ਅੱਗੇ ਪਾਸੋਂ ਬਹੁਤ ਸਾਦਾ ਹੈ ਹੁਣ ਓਹ ਵਿਅਰਥ ਗਹਿਣੇ ਨਹੀਂ ਪਾਉਂਦੀ ਇਸਦਾ ਘਰ ਬਾਰ ਭੀ ਬਹੁਤ ਸੁਥਰਾ ਰਹਿੰਦਾ ਹੈ॥

ਰਾਤ ਬਹੁਤ ਹੋ ਜਾਣ ਕਰਕੇ ਇਕ ਦੂਜੇ ਨੂੰ ਮਿਲਕੇ ਰਾਮ ਨਾਰਾਇਣ ਜੀ ਪਾਰਬਤੀ ਸਮੇਤ ਘਰ ਨੂੰ ਚਲੇ ਆਏ॥

ਸਤਾਰਵਾਂ ਅਧਿਆਇ

ਇਸੇ ਤਰਾਂ ਦੋਹਾਂ ਪ੍ਵਾਰਾਂ ਦੇ ਪ੍ਰਸਪਰ ਮਿਲਣ ਤੇ ਆਉਣ ਜਾਣ ਕਰਕੇ ਮਿਤ੍ਰਤਾ ਭੀ ਵਧ ਗਈ ਤੇ ਰਾਮ ਨਾਰਾਇਣ ਅਤੇ ਪਾਰਬਤੀ ਦੇ ਸ਼ੁਭ ਦ੍ਰਿਸ਼ਟਾਂਤ ਅਤੇ ਭਲੀ ਸਿਖਿਆ ਨਾਲ ਬਿਹਾਰੀ ਲਾਲ ਤੇ ਰਾਮ ਪਿਆਰੀ ਦਾ ਜੀਵਣ ਬਹੁਤ ਕੁਛ ਬਦਲ ਗਿਆ। ਹੁਣ ਬਿਹਾਰੀ ਲਾਲ ਤੇ ਰਾਮ ਪਿਆਰੀ ਆਪਣੀ ਸੰਤਾਨ ਨੂੰ ਪਹਿਲੇ ਤੋਂ ਬਹੁਤ ਸਿਖਿਆ ਦੇ ਰਹੇ ਹਨ। ਇਨਾਂ ਦੀਆਂ ਧੀਆਂ ਨੇ ਭੀ ਲਿਖਣਾ ਪੜ੍ਹਨਾ ਤੇ ਸੂਈ ਸਲਾਈ ਦਾ ਕੰਮ ਸਿਖਣਾ ਆਰੰਭ ਦਿਤਾ ਹੈ। ਹੁਣ ਰਾਮ ਪਿਆਰੀ ਆਪਣੇ ਗਹਿਣੇ ਕਪੜੇ ਵਿੱਚ ਅਤੇ ਬਿਹਾਰੀ ਲਾਲ ਨਿਰਾ ਸਤਰੰਜ ਖੇਡਣ ਵਿਚ ਹੀ ਨਹੀਂ ਰੁੱਝਾ ਰਹਿੰਦਾ ਹੁਣ ਓਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਦੂਜੇ ਦੇ ਕੰਮਾਂ ਵਿਚ ਸਹਾਇਤਾ ਦੇਂਦੇ ਹਨ ਅਰ ਦੋਹਾਂ ਦਾ ਪ੍ਰੇਮ ਭੀ ਵਧ ਗਿਆ ਹੈ। ਰਾਮ ਪਿਆਰੀ ਘਰ ਦਾ ਕੰਮ ਕਾਜ ਅਤੇ ਸੱਸ ਦੀ ਸੇਵਾ ਭੀ ਕਰਦੀ ਹੈ। ਓਸ ਦੀ ਸੱਸ ਨੇ ਭੀ ਗਾਲ੍ਹਾਂ ਕੱਢਣੀਆਂ ਛੱਡ ਦਿੱਤੀਆਂ ਹਨ। ਬਾਲ ਭੀ ਮਾਤਾ ਪਿਤਾ ਦੀ ਆਗਿਆ ਵਿਚ ਤੁਰਦੇ ਹਨ ਹੁਣ ਤਾਂ ਓਨਾਂ ਦਾ ਸੁਭਾਵ ਤੇ ਵਰਤਾਂਵ ਦੇਖਕੇ ਸਭੇ ਓਨਾਂ ਦੀ ਸਲਾਘਾ ਕਰਦੇ ਹਨ। ਬਿਹਾਰੀ ਲਾਲ ਜੀ ਪਹਿਲੇ ਮਿੱਤ੍ਰਾਂ ਪਿਆਰਿਆਂ ਵਿੱਚ ਬੈਠਕੇ ਕਦੇ ੨ ਸ਼ਰਾਬ ਭੀ ਪੀ ਲੈਂਦੇ ਹੁੰਦੇ ਸਨ ਪਰ ਹੁਣ ਓਹ ਭੀ ਤਿਆਗ ਦਿੱਤੀ ਹੈ ਹੀਰਾ ਲਾਲ ਭੀ ਹੁਣ ਵਿੱਦ੍ਯਾਲਯ ਵਿਚ ਜਾਕੇ ਚੰਗੀ ਤਰਾਂ ਸੰਥਾ ਪੜ੍ਹਦਾ ਸੁਣਾਉਂਦਾ ਹੈ। ਕਦੇ ੨ ਰਾਮ ਨਾਰਾਇਣ ਜੀ ਸਕੂਲੋਂ ਆਕੇ ਪ੍ਰੇਮ ਨਾਰਾਇਣ ਪ੍ਰੇਮ ਦੇਵੀ ਤੇ ਬਿਹਾਰੀ ਲਾਲ ਦੇ ਬਾਲਾਂ ਨੂੰ ਨਾਲ ਲੈਕੇ ਗੰਗਾ ਦੇ ਕੰਢੇ ਹਵਾ ਭੱਖਣ ਲਈ ਚਲੇ ਜਾਂਦੇ ਹਨ ਅਰ ਓਥੇ ਓਨਾਂ ਨੂੰ ਨਦੀ ਦੇ ਨਿਰਮਲ ਜਲ ਤੇ ਸੁਧ ਪਵਣ ਦੇ ਗੁਣ ਲਾਭ ਸਮਝਾਉਂਦੇ ਸਨ ਜਿਸਨੂੰ ਸੁਣਕੇ ਬਾਲਾਂ ਦਾ ਉਤਸ਼ਾਹ ਤੇ ਆਨੰਦ ਵਧਦਾ ਸੀ। ਏਥ ਬਹੁਤਾ ਮੁੰਡੇ ਤੇ ਆਦਮੀ ਹੀ ਆਉਂਦੇ ਸਨ ਵਿਚਾਰੀਆਂ ਕੁੜੀਆਂਨੂੰ ਕਦੀ ਕੋਈ ਨਹੀਂ ਲਿਆਉਂਦਾ ਸੀ ਪ੍ਰੰਤੂ ਲਾਲਾ ਰਾਮ ਨਾਰਾਇਣ ਜੀ ਇਸ ਵਿਚ ਭੇਦ ਨਹੀਂ ਸਮਝਦੇ ਸਨ ਓਹ ਕਹਿੰਦੇ ਸਨ ਕਿ ਤਾਜੀ ਹਵਾ ਭੱਖਣ ਨਾਲ ਜੋ ਲਾਭ ਤੇ ਸੁਖ ਪੁਤ੍ਰਾਂ ਨੂੰ ਪ੍ਰਾਪਤ ਹੁੰਦਾ ਹੈ ਓਹੋ ਧੀਆਂ ਨੂੰ। ਪਰ ਦੇਸ਼ਾਚਾਲ ਦੇਡਰ ਨਾਲ ਲੋਕ ਧੀਆਂ ਨੂੰ ਪੁਛਦੇ ਭੀ ਨਹੀਂ।।

ਰਾਮ ਪਿਆਰੀ ਦੀਆਂ ਦੋਵੇਂ ਧੀਆਂ ਸਾਵਿੱਤ੍ਰੀ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਮਿਤ੍ਰਾ ਹੁਣ ਚੰਗੀ ਤਰਾਂ ਪੜ੍ਹਦੀਆਂ ਹਨ ਸਾਤੇ ਵਿੱਚ ਦੋ ਤਿੰਨ ਦਿਨ ਪਾਰਬਤੀ ਦੇ ਘਰਜਾਕੇ ਸੂਈ ਸਲਾਈ ਦਾ ਕੰਮ ਸਿਖਦੀਆਂ ਹਨ ਆਪਣੇ ਪਿਤਾ ਤੋਂ ਗਾਉਣਾ ਅਤੇ ਵਾਜਾ ਵਜਾਉਣਾ ਭੀ ਸਿੱਖਿਆ ਹੈ ਓਨਾਂ ਦੀ ਮਾਂ ਓਨਾਂਨੂੰ ਘਰ ਦੇ ਕੰਮ ਅਤੇ ਰਸੋਈ ਸਿਖਾਉਂਦੀ ਹੈ ਦੋਵੇਂ ਪੁੱਤ੍ਰ ਹੀਰਾ ਲਾਲ ਤੇ ਪ੍ਰਤਾਪ ਚੰਦ ਭੀ ਸਕੂਲ ਵਿੱਚ ਚੰਗੀ ਤਰਾਂ ਪੜ੍ਹਦੇ ਹਨ ॥

ਅਠਾਰਵਾਂ ਅੱਧਯਾਇ

ਰਾਮ ਨਾਰਾਇਣ ਜੀ ਦੇ ਚਾਚੇ ਦੀ ਧੀ ਸਤ੍ਯਵਤੀ ਦਾ ਪਤੀ ਪਲੇਗ ਹੋ ਜਾਣ ਕਰਕੇ ਅਚਾਣਕ ਅਲੀ ਗੜ੍ਹ ਵਿੱਚ ਮਰ ਗਿਆ। ਓਸਦੇ ਸੌਹਰੇ ਪ੍ਰਵਾਰ ਵਿੱਚ ਹੋਰ ਕੋਈ ਭੀ ਇਸ ਯੋਗ ਨਹੀਂ ਸੀ ਜੋ ਕਿ ਇਸ ਅਨਾਥ ਪ੍ਰਵਾਰਨੂੰ ਸਹਾਇਤਾ ਦੇ ਸਕੇ ਤਦ ਓਹ ਵਿਧਵਾ ਸਤ੍ਯਵਤੀ ਆਪਣੇ ਦੋ ਪੁੱਤ੍ਰ ਤੇ ਇਕ ਧੀ ਸਮੇਤ ਰਾਮ ਨਾਰਾਇਣ ਜੀ ਦੇ ਘਰ ਆ ਗਈ। ਪਾਰਬਤੀ ਉਸਨੂੰ ਇਸ ਬਿਪਤਾ ਵਿਚ ਦੇਖ ਕੇ ਬਹੁਤ ਦੁਖੀ ਹੋਈ ਅਰ ਜਦ ਤਕ ਕੋਈ ਹੋਰ ਉਪਾਇ ਨ ਹੋਵੇ ਆਪਣੇ ਪਾਸ ਹੀ ਰੱਖਿਆ। ਸਤ੍ਯਵਤੀ ਆਪਤਾਂ ਚੰਗੇ ਸ਼ਾਂਤਿ ਸੁਭਾਵ ਵਾਲੀ ਸੀ ਪਰ ਓਸ ਨੇ ਆਪਣੇ ਬਾਲਾਂ ਨੂੰ ਭਲੀ ਮੱਤ ਨਹੀਂ ਦਿੱਤੀ ਸੀ ਓਸ ਦਾ ਵੱਡਾ ਪੁੱਤ੍ਰ ਬੜਾ ਲੋਭੀ ਅਤੇ ਕ੍ਰੋਧੀ ਸੀ ਓਹ ਸਦਾ ਆਪਣੇ ਭਰਾ ਭੈਣ ਤੇ ਪ੍ਰੇਮ ਨਾਰਾਇਣ ਨਾਲ ਸਦਾ ਲੜਦਾ ਝਗੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਰਹਿੰਦਾ ਸੀ ਜੋ ਪਾਰਬਤੀ ਉਸਨੂੰ ਕੁਛ ਕਹਿੰਦੀ ਤਾਂ ਸੱਤਜਵਤੀ ਆਪਣੇ ਖੋਟੇ ਭਾਗਾਂਨੂੰ ਯਾਦ ਕਰਕੇ ਰੋਣ ਬੈਠ ਜਾਂਦੀ ਪਰ ਆਪਣੇ ਪੁੱਤ੍ਰ ਨੂੰ ਕੁਛ ਨਾਂ ਤਾੜਦੀ। ਇਸੇ ਤਰਾਂ ਰਾਮ ਨਾਰਾਇਣ ਜੀਦੇ ਸ਼ਾਂਤ ਮਈ ਪ੍ਰਵਾਰਵਿੱਚ ਓਹ ਬਾਲਕ ਅਸ਼ਾਂਤ ਦਾ ਕਾਰਨ ਹੁੰਦਾ ਰਿਹਾ। ਲੋਭ ਦੇ ਵਸ ਹੋਕੇ ਬਹੁਤ ਵਾਰੀ ਉਹ ਸਕੂਲੋਂ ਮੁੰਡਿਆਂ ਦੀਆਂ ਪੁਸਤਕਾਂ ਦਵਾਤਾਂ ਸਲੇਟਾਂ ਚੁਰਾ ਲਿਆਉਂਦਾ। ਏਹ ਦੇਖਕੇ ਰਾਮ ਨਰਾਇਣਜੀ ਆਪਣੀ ਭੈਣ ਸੱਤਜਵਤੀ ਤੇ ਪਾਰਬਤੀ ਨੂੰ ਭੀ ਸੱਦ ਕੇ ਕਿਹਾ!

ਦੇਖ ਭੈਣ ਸੱਤਜਵਤੀ! ਹੁਣ ਏਹ ਬਾਲ ਹੀ ਤੇਰੇ ਜੀਵਣ ਦੇ ਸਹਾਰੇ ਹਨ ਜੇ ਤੂੰ ਮੋਹ ਦੇ ਵੱਸ ਹੋਕੇ ਏਨਾਂ ਨੂੰ ਚੰਗੀ ਸਿੱਖਿਆ ਨ ਦੇਵੇਂਗੀ ਤਾਂ ਏਹ ਕੇਵਲ ਤੈਨੂੰ ਹੀ ਦੁਖੀ ਨਹੀਂ ਕਰਨਗੇ ਸਗੋਂ ਇਕ ਬਾਲਕ ਦਾ ਜੀਵਨ ਨਸ਼ਟ ਹੋਣ ਨਾਲ ਸਾਰੇ ਪ੍ਰਵਾਰ ਤੇ ਸਨਬੰਧੀਆਂ ਨੂੰ ਭੀ ਕਲੰਕ ਲਗੇਗਾ ਅਰ ਓਹ ਆਪ ਭੀ ਸਾਰੀ ਉਮਰ ਦੁਖ ਭੋਗੇਗਾ ਇਸ ਲਈ ਤੈਨੂੰ ਚਾਹੀਦਾ ਹੈ ਜੋ ਹੁਣ ਤੋਂ ਹੀ ਏਨਾਂ ਨੂੰ ਸ਼ੁਭ ਸਿੱਖਿਆ ਦੇਵੇਂ॥

ਸੱਤਜਵਤੀ ਪੁੱਤ੍ਰ ਦੀ ਨਿੰਦਿਆ ਸੁਣ ਕੇ ਰੋਂਦੀ ਹੋਈ ਬੋਲੀ:—ਭਰਾ ਜੀ! ਜੇ ਮੇਰੇ ਏਥੇ ਰਹਿਣ ਵਿਚ ਤੁਹਾਨੂੰ ਕੁਛ ਦੁੱਖ ਹੋਵੇ ਤਾਂ ਮੈਂ ਆਪਣੇ ਘਰ ਚਲੀ ਜਾਵਾਂ ਗੀ। ਏਹ ਮੇਰੀਆਂ ਅੱਖਾਂ ਦਾ ਤਾਰਾ ਪੁੱਤ੍ਰ ਹੈ ਮੈਂ ਵਿਧਵਾ ਹੋਗਈ ਹਾਂ ਪਿਓ ਮਹਿੱਟਰ ਬਾਲਾਂ ਨੂੰ ਕੁਛ ਕਹਿਣ ਨਾਲ ਮੇਰਾ ਕਲੇਜਾ ਪਾਟਦਾਹੈ ਮੇਰਾਪੁੱਤ੍ਰ ਤਾਂ ਕੁਛ ਕਰਦਾਨਹੀਂ ਐਵੇਂ ਪ੍ਰੇਮ ਨਾਰਾਇਣ ਦੀ ਮਾਂ ਏਸ ਨੂੰ ਦੇਖਕੇ ਸੜਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਰਅਪ੍ਰਾਧਨੀ ਪਾਰਬਤੀਦੇ ਸਿਰਦੋਸ ਥੱਪਕੇ ਉਹ ਆ ਪਣੇ ਪੁਤ੍ਰ ਦੇ ਦੋਸ਼ ਲੁਕਾਉਣ ਲਗੀ। ਏਹ ਦੇਖਕੇ ਰਾਮ ਨਾਰਾਇਣ ਜੀਦੇ ਮਨ ਨੂੰ ਬਹੁਤ ਕਲੇਸ਼ ਹੋਯਾ ਉਨਾਂ ਨੇ ਉਸਨੂੰ ਧੀਰਜ ਨਾਲ ਸਮਝਾਯਾ ਕਿ ਪਾਰਬਤੀ ਨੇ ਤੇਰੇ ਬਾਲਾਂ ਦੀ ਕੋਈ ਨਿੰਦਿਆ ਨਹੀਂ ਕੀਤੀ ਸਗੋਂ ਓਹ ਤਾਂ ਤੈਨੂੰ ਦੁੱਖ ਵਿੱਚ ਦੇਖਕੇ ਆਪ ਦੁਖੀ ਹੋ ਰਹੀ ਹੈ ਪਰ ਫੇਰ ਭੀ ਸੱਤਜਵਤੀ ਨੇ ਆਪਣੇ ਪੁੱਤ੍ਰ ਦੇ ਦੋਸ਼ ਸੁਧਾਰਨ ਦਾ ਕੋਈ ਯਤਨ ਨ ਕੀਤਾ ਪ੍ਰੰਤੂ ਪਾਰਬਤੀ ਦਾ ਸੁਭਾਵ ਉਹੋ ਜੇਹਾ ਨਹੀਂ ਸੀ ਓਹ ਇਨਾਂ ਨਾਲ ਸਦਾ ਪ੍ਰੇਮ ਤੇ ਦਯਾ ਦਾ ਵਰਤਾਉ ਕਰਦੀ ਸੀ। ਸਦਾ ਦਿਨ ਇਕੋ ਜੇਹੇ ਨਹੀਂ ਰਹਿੰਦੇ ਕੁਛ ਚਿਰ ਪਿਛੋਂ ਹੌਲੀ ੨ ਸੱਤਜਵਤੀ ਨੇ ਭੀ ਆਪਣੇ ਦੋਸ਼ ਸਮਝੇ ਅਰ ਜਾਕੇ ਪਾਰਬਤੀ ਪਾਸੋਂ ਆਪਣੀ ਭੁੱਲ ਬਖਸ਼ਾਉਣ ਲਗੀ। ਪਾਰਬਤੀ ਨੇ ਉਸਨੂੰ ਹੱਸਕੇ ਉਤ੍ਰ ਦਿਤਾ ਅਰ ਕਿਹਾ ਸੰਤਾਨ ਨੂੰ ਸਦਾ ਸੁਭ ਸਿਖਿਆ ਦੇਣੀ ਚਾਹੀਦੀ ਹੈ ਉਨਾਂ ਨੂੰ ਪਾਪ ਤੋਂ ਬਚਾਉਣਾ ਅਤੇ ਭਲੇ ਪਾਸੇ ਲਾਉਣਾ ਮਾਤਾਦਾ ਮੁਖ ਧਰਮ ਹੈ ਏਹੋ ਜੇਹੀ ਆਂ ਬਹੁਤਸਾਰੀਆਂ ਗੱਲਾਂਸਮਝਾਈਆਂ ਜਿਨਾਂਨੂੰ ਸੁਣਕੇ ਸੱਤਜਵਤੀ ਬਹੁਤ ਸ਼ਰਮਿੰਦੀ ਹੋਕੇ ਪਾਰਬਤੀ ਨੂੰ ਕਹਿਣ ਲਗੀ ਜੋ ਕਿਸੇਤਰਾਂ ਮੇਰੇ ਬਾਲਾਂ ਦੇ ਸੁਧਾਰਨ ਦਾ ਯਤਨ ਕਰੋ ਪ੍ਰੰਤੂ ਉਸਦਾ ਪੁੱਤ੍ਰ ਅਜੇਹਾ ਲੋਭੀ ਸੀ ਕਿ ਉਸਦੀ ਚੋਰੀ ਦੀ ਵਾਦੀ ਛੇਤੀ ਨ ਸੁਧਰ ਸਕੀ॥

ਇਕ ਦਿਨ ਦੀ ਗੱਲ ਹੈ ਕਿ ਉਹ ਮੁੰਡਾ ਰਾਮ ਨਾਰਾ ਇਣ ਜੀ ਦੀ ਅਲਮਾਰੀ ਖੋਹਲ ਕੇ ਇਕ ਵਡ ਮੁੱਲੀ ਪੁਸਤਕ ਚੁਰਾਕੇ ਲੈ ਗਿਆ ਅਰ ਉਹ ਅਧੇ ਮੁੱਲ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਚ ਦਿੱਤੀ ਜਦ ਓਨਾਂ ਨੂੰ ਏਸ ਗੱਲ ਦੀ ਖਬਰ ਹੋਈ ਤਾਂ ਓਨਾਂ ਨੇ ਓਸਨੂੰ ਸਦਿਆ ਅਰ ਸਚੋ ਸੱਚ ਕਹਿਣ ਲਈ ਬਥੇਰਾ ਜ਼ੋਰ ਲਾਇਆ ਪਰ ਉਸਨੇ ਕੁਛ ਸੱਚ ਨ ਦੱਸਿਆ।

ਰਾਮ ਨਾਰਾਇਣ ਜੀ ਦੀ ਵਾਦੀਸੀ ਕਿ ਪਹਿਲਾਂ ਬੜੇ ਪਿਆਰਨਾਲ ਬਾਲਾਂਨੂੰ ਸਮਝਾਉਂਦੇ ਜੇ ਉਹ ਨ ਸਮਝਦੇ ਤਾਂ ਬੜਾ ਕਰੜਾ ਦੰਡ ਦੇਂਦੇ। ਓਨਾਂਦਾ ਏਹ ਸੁਭਾਵ ਦੇਖਕੇ ਓਨਾਂ ਦੇ ਚਾਟੜੇ ਓਨਾਂ ਤੋਂ ਬਹੁਤ ਡਰਦੇ ਤੇ ਸੱਚ ਬੋਲਦੇ ਹੁੰਦੇ ਸਨ ਘਰਦੇ ਨੌਕਰਾਂ ਨੂੰ ਭੀ ਝੂਠ ਨਹੀਂ ਬੋਲਣ ਦੇਂਦੇ ਸਨ। ਪ੍ਰੇਮ ਨਾਰਾਇਣ ਨੂੰ ਤਾਂ ਓਸਦੇ ਮਾਤਾ ਪਿਤਾ ਨੇ ਅਜੇਹੀ ਸਿੱਖਿਆ ਦਿੱਤੀ ਸੀ ਕਿ ਉਹ ਛੋਟੇ ਹੁੰਦੇ ਤੋਂ ਹੀ ਝੂਠ ਬੋਲਣ ਤੋਂ ਡਰਦਾਸੀ। ਹੁਣ ਰਾਮ ਨਾਰਾਇਣ ਜੀ ਨੂੰ ਏਹ ਚਿੰਤਾ ਲੱਗ ਗਈ ਜੋ ਆਪਣੇ ਪੁੱਤ੍ਰ ਨੂੰ ਅਜੇਹੇ ਕੁਸੰਗ ਤੋਂ ਕਿਸਤਰਾਂ ਬਚਾਈਯੇ। ਓਨਾਂਨੇ ਸੱਤਵਤੀ ਨੂੰ ਬਹੁਤਕੁਛ ਸਮਝਾਕੇ ਓਸਦੇ ਪੁੱਤ੍ਰਨੂੰ ਇਕ ਹੋਰ ਸਕੂਲ ਵਿੱਚ ਭੇਜ ਦਿੱਤਾ ਓਥੇ ਓਸਦਾ ਸਾਰਾ ਖਰਚ ਆਪ ਹੀ ਦੇਂਦੇ ਰਹੇ ਓਸਦੇ ਛੋਟੇ ਪੁੱਤ੍ਰ ਤੇ ਧੀ ਨੂੰ ਪਾਰਬਤੀ ਘਰ ਹੀ ਪੜ੍ਹਾਉਣ ਲਗ ਪਈ। ਵਡੇ ਮੁੰਡੇ ਦਾ ਨਾਉਂ ਪਿਆਰਾ ਲਾਲ ਸੀ। ਪਾਰਬਤੀ ਨੇ ਥੋੜੇ ਦਿਨਾਂ ਵਿੱਚ ਸੱਤਵਤੀ ਨੂੰ ਆਪਣੇ ਦਯਾਲੂ ਤੇ ਸਰਲ ਸੁਭਾਵ ਨਾਲ ਅਜੇਹਾ ਵੱਸ ਕਰ ਲਿਆ ਕਿ ਓਹ ਓਸਨੂੰ ਛੱਡ ਕੇ ਜਾਣਾ ਨਹੀਂ ਚਾਂਹੁੰਦੀ ਸੀ ਪਾਰਬਤੀ ਨੇ ਓਸਨੂੰ ਭੀ ਵਿੱਦਯਾ ਸੀਉਣਾ ਪਰੋਣਾ ਹੋਰ ਕਈ ਪ੍ਰਕਾਰ ਦੇ ਹੱਥਾਂ ਦੇ ਕੰਮਾਂ ਵਿਚ ਨਿਪੁਨ ਕਰ ਦਿੱਤਾ॥

—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਓਣੀਵਾਂ ਅੱਧਯਾਇ

ਲਾਲਾ ਰਾਮ ਨਾਰਾਇਣ ਜੀ ਅਜੇਹੇ ਧਨਵਾਨ ਤਾਂ ਸਨ ਹੀ ਨਹੀਂ ਜੋ ਸੱਤ੍ਯਵਤੀ ਤੇ ਓਸਦੇ ਪੁੱਤ੍ਰਾਂ ਧੀਆਂ ਦਾ ਸਦਾ ਲਈ ਖਰਚ ਨਿਬਾਹ ਸੱਕਣ। ਇਕ ਦਿਨ ਪ੍ਰੇਮ ਨਾਰਾਇਣ ਜੀ ਨੇ ਪਾਰਬਤੀ ਨੂੰ ਕਿਹਾ ਦੇਖ ਪਿਆਰੀ ! ਇਸਤਰਾਂ ਤਾਂ ਖਰਚ ਪੂਰਾ ਕਰਨਾ ਬੜਾ ਕਠਨ ਹੈ ਸੱਤ੍ਯਵਤੀ ਦੇ ਪੁਤ੍ਰ ਭੀ ਅਜੇ ਛੋਟੇ ਹਨ ਵੱਡਾ ਪੁਤ੍ਰ ਤਾਂ ਓਸਦਾ ਕਈ ਵਰਹੇ ਪੜ੍ਹੇਗਾ ਮੈਂ ਸਦਾ ਏਨਾਂ ਖਰਚ ਕਿੱਥੋਂ ਦੇਵਾਂਗਾ ਅਰ ਸੱਤ੍ਯਵਤੀ ਨੂੰ ਭੀ ਕਿਸਤਰਾਂ ਕਹਾਂ ?

ਰਾਮ ਨਾਰਾਇਣ ਜੀਦੀ ਗੱਲ ਸੁਣਕੇ ਪਾਰਬਤੀ ਦਾ ਮਨ ਬੜਾ ਦੁਖੀ ਹੋਇਆ ਕਿਉਂਕਿ ਸੱਤ੍ਯਵਤੀ ਵਿਚਾਰੀ ਇਕ ਤਾਂ ਵਿਧਵਾ ਹੋਈ ਹੈ ਓਸਦੇ ਛੋਟੇ ੨ ਬਾਲ ਹਨ ਹੋਰ ਕੋਈ ਓਸਨੂੰ ਆਸਰਾ ਦੇਣ ਵਾਲਾ ਨਹੀਂ ਅਰ ਨਾਂ ਇਸ ਦੇਸ਼ ਵਿਚ ਹਿੰਦੂ ਇਸਤ੍ਰੀਆਂ ਲਈ ਪੁਨਰ ਵਿਵਾਹ ਕਰਨ ਦੀ ਰੀਤ ਹੈ ਇਸ ਦਸ਼ਾ ਵਿਚ ਓਸਨੂੰ ਜਾਣ ਨੂੰ ਕਿਸਤਰਾਂ ਕਹੀਏ। ਏਹ ਸਾਰੀਆਂ ਗੱਲਾਂ ਸੋਚਕੇ ਓਸਨੇ ਬੜੀ ਦੁਖੀ ਹੋਕੇ ਆਪਣੇ ਪਤੀ ਨੂੰ ਕਿਹਾ ਸ੍ਵਾਮੀਜੀ! ਇਸ ਅਨਾਥਣੀ ਨੂੰ ਤੁਸੀਂ ਘਰੋਂ ਚਲੇ ਜਾਣ ਲਈ ਕਿਸਤਰਾਂ ਕਹੋਗੇ ਅਰ ਨ ਆਪ ਕੱਲੇ ਸਦਾ ਲਈ ਇਸਦਾ ਖਰਚ ਨਿਬਾਹ ਸਕਦੇ ਹੋ ਮੈਂ ਇਕ ਉਪਾਇ ਸੋਚਿਆ ਹੈ ਭਾਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਹ ਦੇਸ਼ਾ ਚਾਲ ਦੇ ਵਿਰੁੱਧ ਹੈ ਪਰ ਫੇਰ ਭੀ ਵਿਪਤਾ ਦੀਆਂ ਮਾਰੀਆਂ ਹੋਈਆਂ ਉਚੇ ਕੁਲਾਂ ਦੀਆਂ ਇਸਤ੍ਰੀਆਂ ਲਈ ਮੇਰੀ ਸਮਝ ਵਿਚ ਤਾਂ ਏਹੋ ਯੋਗ ਹੈ ॥

ਰਾਮ--(ਅਸਚਰਜ ਹੋਕੇ) ਓਹ ਕੀ ਉਪਾਇ ਹੈ ਦਸੋ ਤਾਂ ਸਹੀ ਮੈਂ ਲਗਦੇ ਚਾਰੇ ਸਤਜਵਤੀ ਲਈ ਓਸ ਦੇ ਪੂਰਾ ਕਰਨ ਦਾ ਯਤਨ ਕਰਾਂਗਾ ॥

ਪਾਰਬਤੀ—ਦੇਖੋ ਇਸ ਸ਼ਹਿਰ ਵਿਚ ਸਾਡੀਆਂ ਕੰਨਿਆਂ ਵਾਸਤੇ ਕੋਈ ਚੰਗ ਪਾਠਸ਼ਾਲਾ ਨਹੀਂ ਹੈ ਤੁਹਾਡੇ ਭੀ ਏਥੇ ਮਿਤ੍ਰ ਬਹੁਤ ਹਨ ਓਨਾਂ ਤੋਂ ਭੀ ਬਹੁਤ ਕੁਛ ਸਹਾਇਤਾ ਮਿਲੇਗੀ। ਦੇਖੋ ਰਾਮ ਪਿਆਰੀ ਦੀਆਂ ਦੋਵੇਂ ਧੀਆਂ ਨਿੱਤ ਮੇਰੇ ਪਾਸ ਪੜ੍ਹਨ ਆਉਂਦੀਆਂ ਹਨ ਮੈਨੂੰ ਭੀ ਘਰਦੇ ਕੰਮਾਂ ਤੋਂ ਏਤਨਾ ਵੇਹਲ ਨਹੀਂ ਮਿਲਦਾ ਹੈ। ਹੋਰ ਭੀ ਬਹੁਤ ਸਾਰੀਆਂ ਕੁੜੀਆਂ ਹਨ ਜੋ ਪੜ੍ਹਨਾ ਚਾਹੁੰਦੀਆਂ ਹਨ ਪ੍ਰੰਤੂ ਕੋਈ ਪ੍ਰਬੰਧ ਨ ਹੋਣ ਕਰਕੇ ਓਹ ਪੜ੍ਹ ਨਹੀਂ ਸਕਦੀਆਂ। ਸੱਤਜਵਤੀ ਨੂੰ ਅਧਯਾਪਕਾ ਬਨਾਓ ਅਰ ਆਪਣੇ ਘਰ ਦੇ ਇਕ ਕਮਰੇ ਵਿਚ ਹੀ ਛੋਟੀ ਜੇਹੀ ਪਾਠਸ਼ਾਲਾ ਆਰੰਭ ਕਰ ਦੇਵੋ। ਜੇ ਇਕ ਕੁੜੀ ਪਾਸੋਂ ਅੱਠ ਆਨੇ ਭੀ ਮਿਲਣ ਤਾਂ ੨੦, ੨੫ ਕੁੜੀਆਂ ਹੋਜਾਣ ਨਾਲ ਇਸ ਨੂੰ ਕੁਛ ਮਿਲ ਜਾਵੇਗਾ, ਮੈਂ ਤੇ ਮੇਰੀ ਸਹੇਲੀ ਰਾਮ ਪਿਆਰੀ ਭੀ ਕੁਛ ਸਹਾਇਤਾ ਕਰਦੀਆਂ ਰਹਾਂਗੀਆਂ। ਕੁੜੀਆਂ ਨੂੰ ਕਪੜੇ ਸੀਉਣੇ, ਜੁਰਾਬਾਂ, ਟੋਪੀਆਂ ਦਸਤਾਨੇ ਉਣਨੇ ਅਸੀ ਦੋਵੇਂ ਸਿਖਾ ਸਕਦੀਆਂ ਹਾਂ। ਤੁਸਾਂ ਜੋ ਪ੍ਰਨਾਲੀ ਮੈਨੂੰ ਪ੍ਰੇਮ ਨਾਰਾਇਣ ਦੇ ਪੜ੍ਹਾਉਣ ਲਈ ਸਮਝਾਈ ਸੀ ਮੈਂ ਓਹ ਸੱਤਜਵਤੀ ਨੂੰ ਦੱਸ ਦਿੱਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਮੈਨੂੰ ਪੂਰੀ ਆਸ਼ਾ ਹੈ ਕਿ ਸੱਤਤਵਤੀ ਏਸ ਕੰਮ ਨੂੰ ਚੰਗੀ ਤਰਾਂ ਕਰ ਸਕੇਗੀ ॥

ਰਾਮ ਨਾਰਾਇਣ ਜੀ ਏਹ ਗੱਲ ਸੁਣਕੇ ਮਨ ਵਿਚ ਤਾਂ ਬਹੁਤ ਪ੍ਰਸੰਨ ਹੋਏ ਪ੍ਰੰਤੂ ਇਕੋ ਵਾਰੀ ਝਟ ਪਟ ਦੇਸ਼ ਚਾਲ ਦੇ ਵਿਰੁੱਧ ਚਲਨ ਦੀ ਹਿੰਮਤ ਨ ਪਈ ਇਸ ਲਈ ਪਾਰਬਤੀ ਨੂੰ ਕਹਿਣ ਲਗੇ, ਪਿਆਰੀ! ਸੱਤਤ ਵਤੀ ਨੂੰ ਆਪ ਚੰਗੀ ਤਰਾਂ ਪੜ੍ਹਨਾ ਨਹੀਂ ਆਉਂਦਾ ਅਰ ਨ ਓਸਨੇ ਕਦੀ ਅਜੇਹਾ ਕੰਮ ਕੀਤਾ ਹੈ ਓਹ ਕੀ ਕਰ ਸਕੇਗੀ ? ਲੋਕ ਭੀ ਸਾਨੂੰ ਕੀ ਕਹਿਣ ਗੇ ॥

ਪਾਰਬਤੀ—ਸ੍ਵਾਮੀ ਜੀ ! ਤੁਸੀ ਲੋਕਾਂ ਦੀਆਂ ਗੱਲਾਂ ਨੂੰ ਕੀ ਕਹਿੰਦੇ ਹੋ ਲੋਕ ਤਾਂ ਅਜੇਹੀਆਂ ਵਿਧਵਾਂ ਨੂੰ ਅਜੇ ਹੀ ਦੁਖੀ ਦਸ਼ਾ ਵਿਚ ਦੇਖਕੇ ਭੀ ਪੁਰਾਣੀਆਂ ਰੀਤਾਂ ਤੇ ਅੰਧਾ ਧੁੰਧ ਤੁਰੇ ਜਾ ਰਹੇ ਹਨ। ਦੇਖੋ ਇਕ ਦਿਨ ਸਾਡੇ ਘਰ ਇਕ ਈਸਾਈ ਮੇਮ ਆਈ ਸੀ ਓਸਨੇ ਸੱਤਤਵਤੀ ਨੂੰ ਦੇਖਕੇ ਮੈਨੂੰ ਕਿਹਾ ਤੁਸੀ ਵਿਧਵਾ ਨੂੰ ਵਿਅਰਥ ਵੇਹਲੇ ਬੈਠਾਕੇ ਕਿਓਂ ਓਸਦੇ ਦੁਖ ਨੂੰ ਵਧਾਉਂਦੇ ਹੋ, ਇਸ ਕੋਲੋਂ ਤਾਂ ਓਸਨੂੰ ਕੋਈ ਕੰਮ ਹੀ ਸਿਖਾ ਦੇਵੋ ਜਿਸ ਨਾਲ ਓਹ ਆਪਣਾ ਤੇ ਪੁਤ੍ਰਾਂ ਧੀਆਂ ਦਾ ਨਿਰਬਾਹ ਕਰ ਸਕੇ। ਸਾਡੇ ਦੇਸ਼ ਵਿਚ ਤਾਂ ਕੋਈ ਇਸਤ੍ਰੀ ਵਿਅਰਥ ਦੂਸਰੇ ਦੇ ਭਰੋਸੇ ਬੈਠਕੇ ਦੁਖ ਨੂੰ ਨਹੀਂ ਵਧਾਉਂਦੀ ਮਾਤਾ ਦਾ ਪ੍ਰਭਾਵ ਸੰਤਾਨ ਤੇ ਪੈਂਦਾ ਹੈ ਜੇ ਮਾਂ ਕਿਸੇ ਦੂਸਰੇ ਦੇ ਭਰੋਸੇ ਰਹੇਗੀ ਤਾਂ ਆਪਣੀ ਸੰਤਾਨ ਨੂੰ ਓਹ ਕਦੀ ਚੰਗੀ ਸਿਖਿਆ ਨਹੀਂ ਦੇ ਸਕੇਗੀ। ਪਰਾਧੀਨ ਅਵਸਥਾ ਹਰ ਪ੍ਰਕਾਰ ਦੀ ਉੱਨਤੀ ਨੂੰ ਰੋਕਦੀ ਹੈ। ਮੇਹਨਤ ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਆਪਣਾ ਦੁਖ ਭੀ ਘਟਦਾ ਹੈ ਸਾਰਾ ਦਿਨ ਕੰਮ ਕਾਜ ਵਿੱਚ ਰੁੱਝੇ ਰਹਿਣ ਕਰਕੇ ਮਨ ਵਿਚ ਚਿੰਤਾ ਉੱਤ ਪੰਨ ਨਹੀਂ ਹੁੰਦੀ। ਵੇਹਲੇ ਰਹਿਣ ਕਰਕੇ ਮਨ ਵਿਚ ਕਈ ਪ੍ਰਕਾਰ ਦੀਆਂ ਚਿੰਤਾਂ ਉਠਦੀਆਂ ਹਨ। ਓਸ ਮੇਮਦੇ ਬਚ ਨ ਮੈਨੂੰ ਬਹੁਤਚੰਗੇ ਲੱਗੇ ਸੱਤਜਵਤੀਨੇ ਭੀ ਇਨਾਂ ਗਲਾਂ ਨੂੰ ਪਸੰਦ ਕੀਤਾ, ਓਹ ਮੈਨੂੰ ਕਦੀ ੨ ਕਹਿੰਦੀ ਭੀ ਹੈ ਕਿ ਜੇ ਕੋਈ ਉਪਾਇ ਹੋਜਾਵੇ ਤਾਂ ਓਹ ਆਪਣੇ ਬਾਲਾਂ ਨੂੰ ਆਪ ਪਾਲੇ, ਸਾਨੂੰ ਵਿਅਰਥ ਕਸ਼ਟ ਨ ਦੇਵੇ ਮੈਂ ਉਸਨੂੰ ਧੀਰਜ ਦੇ ਰਖਦੀ ਹਾਂ ਤੁਸੀ ਅੱਜ ਹੀ ਇਸ ਕੰਮ ਲਈ ਆਪਣੇ ਮਿਤ੍ਰਾਂ ਤੋਂ ਸਲਾਹ ਲਵੋ॥

ਰਾਮ–ਬਹੁਤ ਹੱਛਾ! ਅੱਜ ਮੈਂ ਆਪਣੇ ਦੋ ਚਾਰ ਮਿੱਤ੍ਰਾਂ ਤੋਂ ਪੁਛਾਂਗਾ ਕਿ ਜੇ ਇਕ ਕੰਨਿਆ ਪਾਠਸ਼ਾਲਾ ਖੋਲੀਏ ਤਾਂ ਕਿੰਨੀਆਂ ਕੁ ਕੁੜੀਆਂ ਪੜ੍ਹਨ ਲਈ ਆ ਸਕਦੀਆਂ ਹਨ, ਤੁਸੀਂ ਸੱਤਜਵਤੀ ਨੂੰ ਸੱਦੋ ਮੈਂ ਓਸਨੂੰ ਭੀ ਪੁਛ ਲਵਾਂ ਤਾਂ ਕਿ ਓਹ ਭੀ ਇਸ ਗੱਲ ਲਈ ਤਿਆਰ ਹੋਵੇ। ਪਤੀ ਦੀ ਆਗਯਾ ਸੁਣਦਿਆਂ ਹੀ ਪਾਰਬਤੀ ਸੱਤਜਵਤੀ ਨੂੰ ਸੱਦ ਲਿਆਈ ਸੱਤਜਵਤੀ ਆਕੇ ਰਾਮ ਨਾਰਾਇਣ ਜੀ ਦੇ ਪਾਸ ਬੈਠਗਈ॥

ਰਾਮ--ਭੈਣ ਸੱਤਜਵਤੀ! ਹੁਣ ਤਾਂ ਤੇਰਾ ਵੱਡਾ ਪੁਤ੍ਰ ਬਹੁਤ ਸੁਧਰ ਗਿਆਹੈ, ਮੈਨੂੰ ਓਥੋਂ ਦੇ ਇਕ ਅਧਯਾਪਕ ਨੇ ਚਿੱਠੀ ਲਿਖੀ ਹੈ ਕਿ ਹੁਣ ਏਹ ਮੁੰਡਾ ਬਹੁਤ ਨੇਕ ਹੋਗਿਆ ਹੈ ਏਸਨੂੰ ਕਿਸੇ ਹੋਰ ਵੱਡੇ ਸਕੂਲ ਵਿਚ ਭਰਤੀ ਕਰਾ ਦੇਵੋ ਪਰ ਤੂੰ ਸੋਚ ਕਿ ਮੈਂ ਏਤਨਾ ਖਰਚ ਕਿਸਤਰਾਂ ਨਿਬਾਹ ਸਕਦਾ ਹਾਂ ਅਰ ਅਜੇਹੀ ਬਿਪਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਵਸਥਾ ਵਿਚ ਤੈਨੂੰ ਭੀ ਕਿਤੇ ਨਹੀਂ ਭੇਜ ਸਕਦਾ ਅਰ ਤੇਰੇ ਪੁਤ੍ਰਾਂ ਨੂੰ ਪੜ੍ਹਾਉਣਾ ਭੀ ਜ਼ਰੂਰ ਚਾਹੀਦਾ ਹੈ ਤੂੰ ਕੀ ਸੋਚਦੀ ਹੈਂ ?

ਸੱਤ੍ਯਵਤੀ--ਭਰਾ ਜੀ ! ਆਪਦੀ ਦਯਾ ਨਾਲ ਏਨੇ ਦਿਨ ਮੈਨੂੰ ਤੇ ਮੇਰੇ ਬਾਲਾਂ ਨੂੰ ਸਹਾਰਾ ਮਿਲਿਆ ਹੈ । ਪਿਆਰੇ ਲਾਲ ਭੀ ਹੁਣ ਸਿਆਣ ਹੋਗਿਆ ਹੈ ਮੈਂ ਭੀ ਸਦਾ ਇਸ ਅਵਸਥਾ ਵਿੱਚ ਰਹਿਕੇ ਆਪ ਨੂੰ ਦੁਖ ਦੇਣਾ ਨਹੀਂ ਚਾਹੁੰਦੀ ਜੋ ਆਪ ਤੇ ਭਰਜਾਈ ਕੰਮ ਕਹੋ ਸੋ ਕਰਨ ਨੂੰ ਤਿਆਰ ਹਾਂ ॥

ਰਾਮ-- ਤੂੰ ਕੁਛ ਥੋੜੀ ਵਿੱਦ੍ਯਾ ਪੜ੍ਹੀ ਹੀ ਹੈਂ ਸੋ ਜੇ ਤੂੰ ਕੁੜੀਆਂ ਨੂੰ ਕੁਛ ਵਿੱਦ੍ਯਾ ਤੇ ਸੀਉਣਾ ਪਰੋਣਾ ਸਿਖਾ ਸਕੇਂ ਤਾਂ ਇਕ ਛੋਟੀ ਜੇਹੀ ਪਾਠਸ਼ਾਲਾ ਬਨਾ ਦੇਈਏ ਤੈਨੂੰ ਉਸ ਨਾਲ ਕੁਛ ਰੁਪੈ ਮਿਲ ਜਾਣਗੇ ਜਿਸ ਨਾਲ ਤੇਰੇ ਬਾਲਾਂ ਦੀ ਪੜ੍ਹਾਈ ਦਾ ਖਰਚ ਤੁਰ ਸਕੇਗਾ ॥

ਸੱਤਵਤੀ ਬੜੀ ਪ੍ਰਸੰਨਤਾ ਨਾਲ ਬੋਲੀ:---ਮੈ ਭੀ ਅਜੇਹਾ ਹੀ ਕੰਮ ਚਾਹੁੰਦੀ ਹਾਂ ਜਿਸ ਨਾਲ ਤੁਹਾਡੇ ਚਰਨਾਂ ਵਿਚਹੀ ਰਹਿਕੇ ਆਪਣੇ ਬਾਲਾਂ ਨੂੰ ਪਾਲ ਸਕਾਂ ਮੈਂ ਯਥਾ ਸ਼ਕਤਿ ਇਸ ਕੰਮ ਨੂੰ ਕਰਾਂਗੀ । ਭਰਜਾਈ ਜੀਨੇ ਅਤ੍ਯੰਤ ਕ੍ਰਿਪਾ ਕਰਕੇ ਮੈਨੂੰ ਕੁਛ ਵਿੱਦਿਆ ਦਾਨ ਦਿਤਾ ਹੈ ਅਰ ਕੁਛ ਸੂਈ ਸਲਾਈ ਦਾ ਕੰਮ ਸਿਖਾਇਆ ਹੈ ॥

ਪਾਰਬਤੀ--ਜੀ ਬੀਬੀ ਆਪ ਬੁੱਧਵਾਨ ਹੈ ਇਸ ਨੇ ਗਣਿਤ ਭੀ ਚੰਗੀਤਰਾਂ ਸਿੱਖਿਆ ਹੈ ਪੰਜਵੀਂ ਸ੍ਰੇਣੀ ਤਕ ਤਾਂ ਬਹੁਤ ਚੰਗੀ ਪੜ੍ਹਾ ਸਕੇਗੀ । ਪੜ੍ਹਾਉਂਦਿਆਂ ੨ ਇਸ ਵਿੱਦ੍ਯਾ ਦੀ ਭੀ ਉੱਨਤੀ ਹੁੰਦੀ ਜਾਵੇਗੀ ਗੱਲਕੀ ਸਭਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੇ ਇਕਮਨ ਹੋਕੇ ਪਾਠਸ਼ਾਲਾ ਸਥਾਪਤ ਕਰਨ ਦੀ ਸਲਾਹ ਪੱਕੀ ਕੀਤੀ ਦੂਸਰੇ ਦਿਨ ਰਾਮਨਾਰਾਇਣ ਜੀ ਆਪਣੇ ਮਿੱਤ੍ਰਾਂ ਨਾਲ ਇਸ ਗੱਲ ਤੇ ਵਿਚਾਰ ਕਰਨ ਲਈ ਗਏ ਸਭਨਾਂ ਨੇ ਪ੍ਰਸੰਨ ਹੋਕੇ ਇਸ ਗੱਲ ਦੀ ਪ੍ਰਸੰਸਾ ਕੀਤੀ ਅਰ ਪਾਠਸ਼ਾਲਾ ਖੋਲਣ ਵਿਚ ਆਪਣੀ ਸੰਮਤੀ ਦਿਤੀ। ਪਰ ਇੱਕ ਦੋ ਚੰਦਰਿਆਂ ਨੇ ਕਿਹਾ ਜੀ ਕਦੀ ਇਸਤ੍ਰੀਆਂ ਭੀ ਸਕੂਲਾਂ ਵਿੱਚ ਪੜ੍ਹਾਉਂਦੀਆਂ ਹਨ ਏਹ ਰੀਤ ਸਾਡੇ ਹਿੰਦੂਆਂ ਵਿੱਚ ਤਾਂ ਕਦੇ ਨਹੀਂ ਹੋਈ। ਲੌ ਜੀ ਹੁਣ ਤਾਂ ਵਿਧਵਾ ਭੀ ਨੌਕਰੀਆਂ ਕਰਨਗੀਆਂ ਪਰ ਇਸਤਰਾਂ ਉਨਾਂ ਦਾ ਸਤ ਧਰਮ ਕਿਸਤਰਾਂ ਰਹੇਗਾ ? ਹੱਛਾ ਤੁਹਾਡੀ ਮਰਜੀ ਹੋਵੇ ਸੋ ਕਰੋ ਪਰ ਯਾਦ ਰਖਣਾ ਪਛਤਾਓਗੇ ਤੇ ਨਾਹੀਂ ਵੱਡੇ ਘਰਾਣਿਆਂ ਦੀਆਂ ਧੀਆਂ ਪੜ੍ਹਨ ਹੀਂ ਲੱਗੀਆਂ ਹਨ ਇਸਤਰਾਂ ਤਾਂ ਵਿਧਵਾ ਇਸਤ੍ਰੀਆਂ ਪੁਰਸ਼ਾਂ ਦੇ ਅਧੀਨ ਨਹੀਂ ਰਹਿਣ ਗੀਆਂ ਜਿਸ ਨਾਲ ਬੜਾ ਅਨਰਥ ਹੋਵੇਗਾ॥

ਉਨਾਂ ਲੋਕਾਂ ਦੀਆਂ ਅਜੇਹੀਆਂ ਗੱਲਾਂ ਸੁਣਕੇ ਬਿਹਾਰੀ ਲਾਲ ਜੀ ਕੜਕਕੇ ਬੋਲੇ ਹੋਰ ਤਾਂ ਕੋਈ ਗੱਲ ਨਹੀਂ, ਤੁਹਾਨੂੰ ਚਿੰਤਾ ਦੀ ਗੱਲ ਤਾਂ ਏਹ ਹੈ ਕਿ ਜੇ ਵਿਧਵਾ ਪੜ੍ਹ ਜਾਣਗੀਆਂ ਤਾਂ ਤੁਹਾਡੇ ਘਰ ਵਿੱਚ ਦਾਸੀ ਦਾ ਕੰਮ ਕੌਣ ਕਰੇਗਾ ? ਅਤੇ ਪੁਰਸ਼ਾਂ ਦੇ ਸੁਖਨੂੰ ਵਧਾਉਣ ਵਾਲੀਆਂ ਅਨਾਥ ਇਸਤ੍ਰੀਆਂ ਹੀ ਜੇ ਅਧੀਨ ਨਾ ਰਹਿਣ ਗੀਆਂ ਤਾਂ ਸਾਡੀ ਸੇਵਾ ਕੌਣ ਕਰੇਗਾ ? ਚਲੋ ਜੇ ਪਛਤਾਉਣਾ ਹੋਵੇਗਾ ਤਾਂ ਪਛਤਾ ਲਵਾਂਗੇ ਤੁਸਾਂ ਹੀ ਦੇਖ ਲੈਣਾ ਜੋ ਕੇਹੜੇ ਕੇਹੜੇ ਭਲੇ ਮਾਨਸ਼ ਧੀਆਂ ਨੂੰ ਭੇਜਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਓਹ ਪੜ੍ਹਾਉਣਗੇ ਕਿਉ ਨਾਂ ਜਿਸ ਕੰਮਨਾਲ ਆਪਣਾ ਤੇ ਆਪਣੀ ਜਾਤ ਦਾ ਸੁਧਾਰ ਹੋਵੇ ਅਜੇਹੇ ਸ਼ੁਭ ਕੰਮ ਵਿੱਚ ਹਰ ਇਕ ਸਿਆਣੇ ਪੁਰਸ਼ਨੂੰ ਸਹਾਇਤਾ ਦੇਣੀ ਚਾਹੀਦੀ ਹੈ। ਵੇਖੋ ਮਾਸਟਰ ਸਾਹਿਬ ਦੀ ਸੁਪਤਨੀ ਪਾਰਬਤੀ (ਜਿਸਨੂੰ ਕੌਣ ਨਹੀਂ ਜਾਣਦਾ) ਵਿੱਦਯਾ ਦੇ ਜ਼ੋਰ ਨਾਲ ਹੀ ਓਹ ਸੁਪਤਨੀ ਅਤੇ ਸੁਮਾਤਾ ਬਣੀ ਹੈ ਇਸ ਸ਼ਹਿਰ ਦੇ ਸਭ ਇਸਤ੍ਰੀ ਪੁਰਸ਼ ਓਨਾਂ ਦੀ ਉਪਮਾ ਕਰਦੇ ਹਨ ਕੰਨਯਾਂ ਨੂੰ ਪੜ੍ਹਾਉਣ ਨਾਲ ਸਾਡਾ ਘਰ ਸੁਧਰੇਗਾ, ਵਿਧਵਾਂ ਨੂੰ ਅੰਨ ਮਿਲੇਗਾ ਸਭ ਤੋਂ ਵਡੀ ਗਲ ਤਾਂ ਇਹ ਹੈ ਕਿ ਸਾਡੀ ਹਿੰਦੂ ਜਾਤੀ ਵਿਚ ਜੋ ਭੈੜੀਆਂ ਰੀਤਾਂ ਹਨ ਓਹ ਸਭ ਟੁਟ ਜਾਣਗੀਆਂ।

ਬਿਹਾਰੀ ਲਾਲ ਨੇ ਏਹੋ ਜੇਹੀਆਂ ਗੱਲਾਂ ਕਹਿ ਕੇ ਪਿਛੋਂ ਆਪ ੨੫) ਰੁਪੈ ਮਹੀਨਾ ਪਾਠਸ਼ਾਲਾ ਨੂੰ ਸਹਾਇਤਾ ਦੇਣ ਦਾ ਪ੍ਰਣ ਕੀਤਾ।

ਇਕ ਦਿਨ ਸ਼ੈਹਰ ਦੇ ਪਤਵੰਤੇ ਪੁਰਸ਼ਾਂ ਦੀਆਂ ਇਸਤ੍ਰੀਆਂ ਨੂੰ ਸੱਦਕੇ ਲਾਲਾ ਰਾਮਨਾਰਾਇਣ ਜੀ ਨੇ ਆਪਣੇ ਘਰ ਵਿਚ ਕੰਨਯਾ ਪਾਠਸ਼ਾਲਾ ਖੋਲ ਦਿਤੀ ਪਹਿਲੇ ਦਿਨ ਹੀ ੨੦ ਕੁੜੀਆਂ ਪੜ੍ਹਨ ਲਈ ਆ ਗਈਆਂ ਪਾਰਬਤੀ ਨੇ ਸੱਤਯੇਵਤੀ ਨੂੰ ਸਿਖਯਾ ਭਰਿਆ ਉਪਦੇਸ਼ ਦਿਤਾ ਅਰ ਹੋਰ ਸਾਰੀਆਂ ਇਸਤ੍ਰੀਆਂ ਨੂੰ ਇਸਤ੍ਰੀ ਸਿੱਖਯਾ ਦੀ ਲੋੜ ਅਤੇ ਇਸਤ੍ਰੀ ਸਿਖਯਾ ਨਾ ਹੋਣ ਕਰਕੇ ਵਰਤਮਾਨ "ਇਸਤ੍ਰੀ ਸਮਾਜ" ਦੀ ਦੁਰਦਸ਼ਾ ਬੜੀ ਚੰਗੀ ਤਰਾਂ ਸਮਝਾਈ ਸਭਨਾ ਇਸਤ੍ਰੀਆਂ ਨੇ ਬੜੀ ਪ੍ਰਸੰਨਤਾ ਨਾਲ ਇਸ ਸ਼ੁਭ ਕੰਮਦੀ ਸੰਮਤੀ ਦਿਤੀ ਅਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਹਾ ਕਿ ਇਸ ਪਾਠਸ਼ਾਲਾ ਨਾਲ ਦੋ ਲਾਭ ਹੋਣਗੇ ਇਕ ਤਾਂ ਸਾਡੀਆਂ ਧੀਆਂ ਨੂੰ ਵਿਦਯਾ ਮਿਲੇਗੀ ਦੂਸਰਾ ਵਿਧਵਾਂ ਨੂੰ ਸਹਾਰਾ ਅਰ ਸ਼ੁਭ ਦ੍ਰਿਸ਼ਟਾਂਤ ਮਿਲੇਗਾ। ਪ੍ਰਾਚੀਨ ਸਮਿਆਂ ਵਿਚ ਸਾਵਿੱਤ੍ਰੀ, ਦ੍ਰੋਪਦੀ, ਦਮਯੰਤੀ. ਗਾਰਗੀ, ਮੈਤ੍ਰੇਈ, ਲੀਲਾਵਤੀ, ਸਨਾਆਦਿਕ ਸਭ ਪੜ੍ਹੀਆਂ ਲਿਖੀਆਂ ਵਿਦਯਾਵਾਨ ਸਨ ਏਸੇ ਕਰਕੇ ਓਨਾਂ ਦਿਨਾਂ ਵਿਚ ਪੁਰਸ਼ ਇਸਤ੍ਰੀਆਂ ਦਾ ਆਦਰ ਸਨ ਮਾਨ ਕਰਦੇ ਸਨ ਹੁਣ ਕੋਈ ਪੁੱਛ ਦਾ ਭੀ ਨਹੀਂ॥

ਬਿਹਾਰੀ ਲਾਲ ਜੇਹੇ ਧਨੀ ਤੇ ਪਤਵੰਤੇ ਮਹਾਜਨ ਨੇ ਜਦ ਸਹਾਇਤਾ ਦਿਤੀ ਤਾਂ ਹੋਰ ਕੌਣ ਵਿਰੋਧ ਕਰ ਸਕਦਾ ਸੀ? ਮਨੋਹਰ ਲਾਲ ਨੇ ਭੀ ਆਪਣੀ ਛੋਟੀ ਧੀ ਨੂੰ ਪੜ੍ਹਨ ਲਈ ਭੇਜਿਆ, ਉਨਾਂ ਦੀਆਂ ਵੱਡੀਆਂ ਦੋ ਧੀਆਂ ਨੇ ਕੁੜੀਆਂ ਨੂੰ ਚਿੱਤ੍ਰਕਾਰੀ ਤੇ ਸੰਗੀਤ ਸਿਖਾਉਣ ਦਾ ਉੱਦਮ ਕੀਤਾ, ਪਾਰਬਤੀ ਤੇ ਰਾਮਪਯਾਰੀ ਨੇ ਭੀ ਸਹਾਇਤਾ ਦੇਣੀ ਸਵੀਕਾਰ ਕੀਤੀ। ਇਸ ਤਰਾਂ ਇਹ ਬਹੁਤਾ ਇਸਤ੍ਰੀਆਂ ਦੇ ਉੱਦਮ ਨਾਲ ਹੀ ਵਿਦਯਾਲਯ ਆਰੰਭ ਹੋਯਾ। ਜਿਸ ਢੰਗ ਨਾਲ ਪਾਰਬਤੀ ਨੇ ਆਪਣੇ ਬਾਲਾਂ ਨੂੰ ਸਿੱਖਿਆ ਦਿਤੀ ਸੀ ਓਹੋ ਢੰਗ ਸੱਤਯਵਤੀ ਸਿੱਖਕੇ ਛੋਟੀਆਂ ਕੰਨਯਾਂ ਨੂੰ ਪੜ੍ਹਾਉਣ ਲਗੀ। ਦੋ ਤਿੰਨ ਛੋਟੀਆਂ ਸ਼੍ਰੇਣੀਆਂ ਵਿਚ ਤਾਂ ਕੁੜੀਆਂ ਦੇ ਨਾਲ ਹੀ ਮੁੰਡਿਆਂ ਨੂੰ ਪੜ੍ਹਾਉਣ ਦਾ ਪ੍ਰਬੰਧ ਹੋਯਾ॥

ਪ੍ਰੇਮ ਨਾਰਾਇਣ, ਪ੍ਰੇਮ ਦਵੀ ਤੇ ਸੱਤਯਵਤੀ ਦੀ ਧੀ, ਰਾਮ ਪਿਆਰੀ ਦੀ ਧੀ ਸਭੇ ਬੜੀ ਪ੍ਰਸੰਨਤਾ ਨਾਲ ਪੜ੍ਹਨ ਲਗ ਪਈਆਂ। ਪਾਠਸ਼ਾਲਾ ਖੋਲਣ ਕਰਕੇ ਸ਼-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਿਰ ਦੇ ਲੋਕਾਂ ਵਿਚ ਏਸਦੀ ਬੜੀ ਚਰਚਾ ਹੋਣ ਲਗ ਪਈ। ਰਾਮ ਨਾਰਾਇਣ ਜੋਦੇ ਕੰਮ ਵੀ ਵਧ ਗਏ। ਇਕ ਦਿਨ ਓਨਾਂਨੇ ਆਪਣੀ ਇਸਤ੍ਰੀ ਤੇ ਭੈਣ ਸੱਤਜਵਤੀ ਨੂੰ ਸੱਦਕੇ ਕੁਛ ਸਿੱਖਿਆ ਬਾਲ ਸਿੱਖਆ ਤੇ ਦੇਣ ਦੀ ਇੱਛਾ ਕੀਤੀ। ਸੱਤਜਵਤੀ ਅਤੇ ਪਾਰਬਤੀ ਨੂੰ ਪਾਸ ਸੱਦ ਕੇ ਕਿਹਾ ਹੁਣ ਤਾਂ ਤੁਹਾਨੂੰ ਬਹੁਤ ਕੰਮ ਰਹਿੰਦਾ ਹੋਵੇਗਾ ਸਾਰਾ ਦਿਨ ਬਾਲਾਂ ਦੇ ਪਾਸ ਰਹਿਣਾ ਪੈਂਦਾ ਹੈ ਕੀ ਇਸ ਵਿਚ ਤੁਹਾਨੂੰ ਕੁਛ ਲਾਭ ਪ੍ਰਤੀਤ ਹੁੰਦਾ ਹੈ ?

ਸੱਤਜਵਤੀ--ਜੀ ਹਾਂ ਮੇਰੇ ਉਤੇ ਤਾਂ ਪ੍ਰਮਾਤਮਾ ਨੇ ਅਜੇਹੀ ਦਯਾ ਕੀਤਾ ਹੈ ਕਿ ਮੈਂ ਓਸਦਾ ਵਰਨਣ ਨਹੀਂ ਕਰ ਸਕਦੀ। ਮੈਨੂੰ ਤਾਂ ਬਹੁਤ ਪ੍ਰਸੰਨਤਾ ਹੁੰਦੀ ਹੈ, ਕੰ-ਨਿਆਂ ਦੀ ਸਿਖਿਆ ਸੰਬੰਧਕ ਵਿਸ਼ੇ ਤੇ ਆਪ ਭੀ ਮੈਨੂੰ ਕਦੀ ੨ ਕੁਛ ਸਿੱਖਿਆ ਦੇਂਦੇ ਰਿਹਾ ਕਰੋ, ਕਿਉਂ ਕਿ ਅਗੇ ਮੈਂ ਅਜੇਹਾ ਕੰਮ ਕਦੇ ਕੀਤਾ ਹੀ ਨਹੀਂ, ਭਰਜਾਈ ਜੀ ਤੇ ਭੈਣ ਰਾਮ ਪਿਆਰੀ ਤੋਂ ਮੈਨੂੰ ਬਹੁਤ ਸਹਾਇਤਾ ਮਿਲਦੀ ਹੈ॥

ਪਾਰਬਤੀ-ਏਹ ਤਾਂ ਤੇਰਾ ਆਪਣਾ ਗੁਣ ਹੈ ਕਿ ਤੂੰ ਜਿਸ ਕੰਮ ਵਲ ਲਗਦੀ ਹੈਂ ਓਸਨੂੰ ਜੀ ਜਾਨ ਨਾਲ ਕਰਦੀ ਹੈਂ ਪ੍ਰਮੇਸ਼ਰ ਤੇਰੇ ਤੇ ਕ੍ਰਿਪਾ ਕਰੇਗਾ॥

ਰਾਮ—ਦੇਖੋ ਅਜ ਮੈਂ ਤੁਹਾਨੂੰ ਦੋਹਾਂ ਨੂੰ ਬਾਲਾਂ ਦੀ ਸਿੱਖਿਆ ਸੰਬੰਧੀ ਕੁਛ ਗੱਲਾਂ ਸਮਝਾਵਾਂਗਾ ਧਿਆਨ ਦੇਕੇ ਸੁਣਨਾ। ਹੁਣ ਤਾਂ ਸਾਡੇ ਦੇਸ਼ ਵਿਚ ਪੁਰਾਣੇ ਢੰਗ ਨਾਲ ਪੜ੍ਹਾਉਣ ਦੀ ਚਾਲ ਹੀ ਨਹੀਂ ਰਹੀ ਪਹਿਲੇ ਲੋਕਾਂ ਦੇ ਮਨ ਵਿਚ ਏਹ ਗੱਲ ਜੰਮੀ ਹੋਈ ਸੀ ਕਿ ਸਾਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਨਾਂ ਬਾਲ ਪੜ੍ਹਦੇ ਹੀ ਨਹੀਂ ਪਰ ਅੱਜ ਕਲ ਤਾਂ ਕਠਨ ਦੰਡ ਦੇਣਾ ਸਭਨਾਂ ਸਕੂਲਾਂ ਵਿਚ ਬੰਦ ਹੋ ਚੁੱਕਾ ਹੈ ਇਸ ਨਾਲ ਛੋਟੇ ਬਾਲ ਡਰ ਜਾਂਦੇ ਹਨ ਅਰ ਫੇਰ ਪੜ੍ਹਨ ਲਈ ਓਨਾਂ ਦਾ ਹੀਆ ਹੀ ਨਹੀਂ ਪੈਂਦਾ। ਤੁਸੀਂ ਜਿਥੋਂ ਤਕ ਹੋ ਸਕੇ ਧੀਰਜ ਤੇ ਪ੍ਰੇਮ ਨਾਲ ਪੜ੍ਹਾਯਾਕਰੋ, ਤੁਸੀਂ ਸਦਾ ਓਨਾਂ ਦੀ ਨੀਤ ਕ੍ਰਿਆ ਵਲ ਧਿਆਨ ਰਖਿਆ ਕਰੋ ਕਿ ਜਿਸ ਨਾਲ ਕੁੜੀਆਂ ਸਦਾ ਸੱਚ ਬੋਲਣ ਸਭਨਾਂ ਨਾਲ ਮਾਨ ਤੇ ਨਿੰਮ੍ਰਤਾ ਦਾ ਵਰਤਾਓ ਕਰਨ। ਜਦ ਪਾਠਸ਼ਾਲਾ ਵਿੱਚ ਆਉਣ ਤਾਂ ਆਪਣੀਆਂ ਪੜ੍ਹਾਉਣ ਵਾਲੀਆਂ ਨੂੰ ਹੱਥ ਜੋੜਕੇ ਪ੍ਰਨਾਮ ਕਰਨ, ਸਦਾ ਨਿਯਮ ਅਨੁਸਾਰ ਕੰਮ ਕਰਨ। ਹਰ ਇਕ ਪ੍ਰਕਾਰ ਦੀ ਸਿਖਿਆ ਦੇਣ ਲਈ ਦਿਨ ਭਰ ਦੇ ਕੰਮਾਂ ਦੀ ਨਿਯਮ ਅਨੁਸਾਰ ਸੂਚੀ ਤਿਆਰ ਕਰਨੀ। ਚੰਗੇ ਸਿਆਣੇ ਸਿਖਿਆ ਦੇਣ ਵਾਲੇ ਦਾ ਤਾਂ ਏਹੋ ਗੁਣ ਹੈ ਕਿ ਓਸਦੇ ਪ੍ਰਭਾਵ ਨਾਲ ਮੂਰਖ ਭੀ ਚਤੁਰ ਹੋ ਜਾਵੇ ਅਰ ਭੈੜੇ ਬਾਲ ਭੀ ਸੁਧਰ ਜਾਣ, ਅੱਧਯਾਪਕ, ਅੱਧਯਾਪਕਾ ਦਾ ਪ੍ਰਭਾਵ ਮੁੰਡੇ ਕੁੜੀਆਂ ਤੇ ਛੋਟੇ ਹੁੰਦਿਆਂ ਤੋਂ ਹੀ ਪੈਂਦਾ ਹੈ ਇਹ ਇਕ ਪ੍ਰਸਿਧ ਅਖਾਵਤ ਹੈ ਕਿ: "ਜੇਹਾ ਗੁਰੂ ਤੇਹੇ ਚੇਲੇ" ਨਰਮ ਗਿੱਲੀ ਮਿੱਟੀ ਨੂੰ ਜਿਸ ਸੱਚੇ ਵਿਚ ਚਾਹੋ ਭਰ ਲਵੋ ਪਰ ਜਦ ਮਿੱਟੀ ਸੁੱਕ ਜਾਂਦੀ ਹੈ ਫੇਰ ਓਸਦਾ ਕੁਛ ਨਹੀਂ ਬਣ ਸਕਦਾ ਏਸੇ ਤਰਾਂ ਛੋਟੇ ਬਾਲਾਂ ਦਾ ਮਨ ਭੀ ਕੋਮਲ ਗਿਲੀ ਮਿੱਟੀ ਵਾਂਗ ਹੈ ਬਾਲ ਅਵਸਥਾ ਵਿੱਚ ਓਹ ਜੇਹਾ ਦ੍ਰਿਸ਼ਟਾਂਤ ਦੇਖਣ ਗੇ ਤੇਹਾ ਹੀ ਸਿੱਖਣ ਗੇ। ਈਸ਼ੂਰ ਨੇ ਬਾਲਾਂ ਨੂੰ ਫੁਲ ਵਾਂਗ ਕੋਮਲ ਤੇ ਪਵਿਤ੍ਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਨਾਯਾ ਹੈ ਪ੍ਰੰਤੂ ਅਸੀਂ ਆਪਣੇ ਭੈੜੇ ਆਚਰਨਾਂ ਦੇ ਭੈੜੇ ਦ੍ਰਿਸ਼ਟਾਂਤਾਂ ਨਾਲ ਅਜੇਹੇ ਸੁੰਦਰ ਫੁਲਾਂ ਨੂੰ ਮਲੀਨ ਕਰ ਦੇਂਦੇ ਹਾਂ ਵੇਖੋ ਸਾਡੇ ਦੇਸ ਵਿਚ ਇਸਤ੍ਰੀ ਸਿਖ੍ਯਾ ਦਾ ਕੋਈ ਪ੍ਰਚਾਰ ਨਹੀਂ ਸਾਨੂੰ ਏਸਦੇ ਆਰੰਭ ਕਰਨ ਵਿਚ ਬੜੀ ਸਾਵਧਾਨਤਾ ਤੋਂ ਕੰਮ ਲੈਣਾ ਚਾਹੀਦਾ ਹੈ ਏਸੇ ਸ਼ਹਿਰ ਦੇ ਬਥੇਰੇ ਲੋਕ ਇਸ ਸ਼ੁਭ ਕਾਰਜ ਦੇ ਵਿਰੋਧੀ ਹਨ ਓਹ ਕਹਿੰਦੇ ਹਨ ਕਿ ਧੀਆਂ ਨੂੰ ਪੜ੍ਹਾਉਣ ਨਾਲ ਓਹ ਨਿਰ ਲੱਜ ਅਤੇ ਧਰਮ ਕਰਮ ਤੋਂ ਰਹਿਤ ਹੋ ਜਾਣਗੀਆਂ ਹੁਣ ਓਨਾਂ ਗੱਲਾਂ ਨੂੰ ਖੰਡਨ ਕਰਨ ਲਈ ਤੁਹਾਨੂੰ ਸ਼ੁਭ ਦ੍ਰਿਸ਼ਟਾਂਤ ਵਿਖਾਉਣਾ ਤੇ ਕੁੜੀਆਂ ਨੂੰ ਚੰਗੀ ਸਿਖਿਆ ਦੇਣੀ ਚਾਹੀਦੀ ਹੈ।

ਪਾਰਬਤੀ ਨੇ ਪਤੀ ਦੀਆਂ ਗਲਾਂ ਬੜੇ ਧਯਾਨ ਨਾਲ ਸੁਣੀਆਂ ਅਰ ਬੋਲੀ ਹਾਂ ਜੀ ਆਪ ਸਿਖਣਾ ਤਾਂ ਸੁਖਾਲਾ ਹੈ ਪ੍ਰੰਤੂ ਦੂਸਰੇ ਨੂੰ ਸਿਖਾਉਣਾ ਬਹੁਤ ਕਠਨ ਹੈ ਦੂਸਰੇ ਨੂੰ ਸਿਖਾਉਣ ਤੋਂ ਪਹਿਲਾਂ ਆਪ ਸਿਖਣਾ ਚਾਹੀਦਾ ਹੈ।

ਸੱਤਯਵਤੀ—ਭਰਾ ਜੀ ਮੈਂ ਤਾਂ ਇਸ ਕੰਮ ਦੇ ਸਿੱਖਣ ਨੂੰ ਸਦਾ ਤਿਆਰ ਹਾਂ ਤੁਹਾਡੇ ਜੀਜਾ ਜੀ ਨੂੰ ਭੀ ਇਨਾਂ ਗੱਲਾਂ ਦਾ ਬੜਾ ਚਾਉ ਸੀ ਪਰ ਜਾਤ ਬਰਾਦਰੀ ਦੇ ਲੋਕਾਂ ਤੋਂ ਬਹੁਤ ਡਰਦੇ ਸਨ ਅਰ ਤਦ ਮੈਨੂੰ ਏਨਾਂ ਗੱਲਾਂ ਦੀ ਕੁਝ ਸਮਝ ਨਹੀਂ ਸੀ ਹੁਣ ਤਾਂ ਬਿਪਤਾ ਨੇ ਤੇ ਤੁਹਾਡੇ ਦੋਹਾਂ ਦੇ ਸਤਿਸੰਗ ਵਿਚ ਰਹਿਣ ਕਰਕੇ ਮੇਰਾ ਭੀ ਧਿਆਨ ਹੋ ਰਿਹਾ ਹੈ ਪਰ ਅਜੇ ਮੈਨੂੰ ਏਤਨੀ ਸਮਝ ਨਹੀਂ ਹੋਈ ਕਿ ਮੈਂ ਬਿਨਾ ਕਿਸੇ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹਾਇਤਾ ਦੇ ਅਜਿਹੇ ਕੰਮ ਨੂੰ ਪੂਰੀ ਤਰਾਂ ਕਰ ਸਕਾਂ ।

ਰਾਮ ਨਾਰਾਇਣ ਜੀ ਨੇ ਕਿਹਾ ਭੈਣ ਅਸੀ ਤਾਂ ਤੈਨੂੰ ਸਹਾਇਤਾ ਦੇਣ ਨੂੰ ਅਤੇ ਤੈਨੂੰ ਸਿਖਿਆ ਦੇਣ ਨੂੰ ਹਰ ਵੇਲੇ ਤਿਆਰ ਹਾਂ ਜਦ ਤੈਨੂੰ ਕਿਸੇ ਗੱਲ ਦਾ ਸੰਦੇਹ ਹੋਵੇ ਤਾਂ ਜਰੂਰ ਪੁੱਛਿਆ ਕਰ । ਤੂੰ ਜੋ ਆਪਣਾ ਦ੍ਰਿਸ਼ਟਾਂਤ ਇਸਤ੍ਰੀਆਂ ਨੂੰ ਦੱਸਿਆ ਹੈ ਤੇਰੇ ਇਸ ਦ੍ਰਿਸ਼ਟਾਂਤ ਤੋਂ ਭੀ ਬਹੁਤੀਆਂ ਨੂੰ ਸਿਖਿਆ ਮਿਲੇਗੀ ਅਖਾਣ ਹੈ ਕਿ ਸੈਂਕੜੇ ਉਪਦੇਸ਼ਾਂ ਤੋਂ ਇਕ ਦ੍ਰਿਸ਼ਟਾਂਤ ਦੇਖਣਾ ਬਹੁਤ ਛੇਤੀ ਕੰਮ ਕਰਦਾ ਹੈ ॥

ਪਾਰਬਤੀ—ਹੱਛਾ ਏਹ ਦੱਸੋ ਕਿ ਜਿਨਾਂ ਬਾਲਾਂ ਦਾ ਧਿਆਨ ਪੜ੍ਹਾਈ ਵਲ ਨਹੀਂ ਹੁੰਦਾ ਉਨਾਂ ਨੂੰ ਕਿਸ ਤਰਾਂ ਸਿੱਖਿਆਂ ਦਿੱਤੀ ਜਾਵੇ ? ਬਹੁਤੀਆਂ ਕੁੜੀਆਂ ਪੜ੍ਹਨ ਤੋਂ ਖੇਡਣ ਨੂੰ ਵਧੀਕ ਚਾਹੁੰਦੀਆਂ ਹਨ ਜੇ ਕੁਛ ਕਹੀਏ ਤਾਂ ਬਹਾਨ ਕਰਦੀਆਂ ਹਨ ਏਨਾਂ ਦਾ ਕੀ ਉਪਾਇ ਕੀਤਾ ਜਾਵੇ ?

ਰਾਮ—ਦੇਖੋ ਬਾਲਾਂ ਦਾ ਸੁਭਾਵ ਚੰਚਲ ਹੁੰਦਾ ਹੈ ਓਹ ਬਹੁਤ ਚਿਰ ਤਕ ਇਕ ਪਾਸੇ ਧਿਆਨ ਨਹੀਂ ਰੱਖ ਸਕਦੇ । ਏਸੇ ਗੱਲ ਤੇ ਪੁਰਾਣ ਅਧਯਾਪਕ ਓਨਾਂ ਨੂੰ ਬਹੁਤ ਦੰਡ ਦੇਂਦੇ ਹੁੰਦੇ ਸਨ ਜਿਸ ਨਾਲ ਬਾਲ ਬਹੁਤ ਡਰ ਜਾਂਦੇ ਸਨ ਪਰ ਅੱਜ ਕਲ ਤਾਂ ਇਨਾਂ ਗੱਲਾਂ ਤੇ ਬਹੁਤ ਕਠਨ ਦੰਡ ਨਹੀਂ ਦਿੱਤਾ ਜਾਂਦਾ ਹੁਣ ਤਾਂ ਇਕ ਫਰਾਂਸੀਸੀ ਵਿੱਦਯਵਾਨ ਨੇ ਕਿੰਡਰ ਗਾਰਡਨ ਨਾਮੀ ਖੇਡ ਤਮਾਸ਼ੇ ਵਾਂਗ ਸੁਗਮ ਢੰਗ ਕੱਢਿਆ ਹੈ ਜਿਸ ਨਾਲ ਬਹੁਤ ਲਾਭ ਹੁੰਦਾ ਹੈ । ਇਸਦਾ ਪ੍ਰਚਾਰ ਹੁਣ ਹਰ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਸ਼ ਵਿਚ ਹੋਗਿਆ ਹੈ ਜੇ ਤੁਹਾਨੂੰ ਉਸਦੀ ਕੁਛ ਸਮਝ ਹੋਵੇ ਤਾਂ ਤੁਹਾਨੂੰ ਭੀ ਪਾਠਸ਼ਾਲਾ ਲਈ ਮੰਗਵਾ ਦੇਈਏ ॥

ਪਾਰਬਤੀ-(ਬਹੁਤ ਪ੍ਰਸੰਨਤਾ ਨਾਲ) ਜੀ ਏਹੋ ਜੇਹੀ ਚੀਜ ਤਾਂ ਜਰੂਰ ਦੇਖਣੀ ਚਾਹੀਏ। ਓਸ ਵਿਚ ਕੀ ਕੀ ਚੀਜਾਂ ਹੁੰਦੀਆਂ ਹਨ ?

ਰਾਮ-ਦੇਖੋ ਜਿਸਤਰਾਂ ਤੁਸੀਂ ਸਲਾਈ, ਕਸੀਦੇ ਦਾ ਕੰਮ ਕਰਦੀਆਂ ਹੋ ਓਸੇ ਤਰਾਂ ਛੋਟੀਆਂ ਕੁੜੀਆਂ ਨੂੰ ਸਿਖਾਉਣ ਵਾਸਤੇ ਕਾਗਤਦੇ ਉਪਰ ਮੂਰਤਾਂ ਨਾਲ ਫੁਲ ਬੂਟੇ ਵੇਲਾਂ ਅਰ ਕਈ ਪ੍ਰਕਾਰ ਦੇ ਜੀਵ ਜੰਤੂਆਂ ਦੀਆਂ ਮੂਰਤਾਂ ਬਣੀਆਂ ਹੋਈਆਂ ਹੁੰਦੀਆਂ ਹਨ ਓਨਾਂ ਦੇ ਉੱਪਰ ਛੋਟੇ ੨ ਛੇਕ ਕੀਤੇ ਹੋਏ ਹੁੰਦੇ ਹਨ ਅਰ ਇਕ ਬਕਸ ਵਿਚ ਸੂਈਆਂ ਤੇ ਰੰਗ ਬਰੰਗੇ ਸੂਤ ਜਾਂ ਉੱਨ ਦੇ ਧਾਗੇ ਲਗੇ ਹੁੰਦੇ ਹਨ ਜਿਸ ਨਾਲ ਓਸੇ ਮੂਰਤ ਉਤੇ ਕੁੜੀਆਂ ਸੂਈ ਤੇ ਰੰਗੀਲੇ ਧਾਗੇ ਨਾਲ ਬਖੀਏ ਵਾਂਗ ਸੁਵਾਈ ਕਰਦੀਆਂ ਹਨ ਛੋਟੇ ਬਾਲਾਂ ਨੂੰ ਬਾਲ ਪੁਣੇ ਤੋਂ ਹੀ ਸਿਲਪ ਵਿਦਿਆ ਸਿਖਾਉਣ ਲਈ ਸਫਾਂ (ਫੂਹੜੀਆਂ) ਉਣਨੀਆਂ ਤੇ ਓਨਾਂ ਦੇ ਉੱਪਰ ਕਈ ਪ੍ਰਕਾਰ ਦੇ ਨਮੂਨੇ ਬਣਾਉਣੇ ਸਿਖਾਉਂਦੇ ਹਨ, ਸਾਡੇ ਦੇਸ਼ ਦੇ ਵਿਦਯਾਲਿਆਂ ਦੇ ਅਧਯਾਪਕ, ਅੱਧਯਾਪਕਾਂ ਨੂੰ ਭੀ ਏਹ ਢੰਗ ਸਿਖਾਉਣ ਲਈ ਸ੍ਰਕਾਰ ਵਲੋਂ ਪ੍ਰਬੰਧ ਹੋ ਰਿਹਾ ਹੈ । ਇਸ ਰੀਤ ਨਾਲ ਚੰਚਲ ਤੋਂ ਚੰਚਲ ਬਾਲਕ ਦਾ ਮਨ ਭੀ ਖਿਚਿਆ ਜਾਂਦਾਹੈ। ਵਿਲਾਇਤ ਵਿਚ ਬਹੁਤ ਛੋਟੇ ਬਾਲਾਂ ਲਈ (ਜਿਨਾਂ ਦੀ ਉਮਰ ੩ ਤੋਂ ੯ ਵਰ੍ਹੇ ਤਕ ਹੋਵੇ) ਸੁਤੰਤ੍ਰ ਵਿਦਯਾਲਯ ਹਨ ਜਿਨ੍ਹਾਂ ਜਿਨਾਂ ਵਿਚ ਕੇਵਲ ਸਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਣੀਆਂ ਇਸਤ੍ਰੀਆਂ ਹੀ ਕਿੰਡਰ ਗਾਰਡਨ ਦੇ ਢੰਗ ਨਾਲ ਸਭ ਬੱਚਿਆਂ ਨੂੰ ਪੜ੍ਹਾਉਂਦੀਆਂ ਹਨ ਸੂਈ ਦਾ ਕੰਮ ਸਿਖਾਉਂਦੀਆਂ ਹਨ ਬਾਗ ਬਗੀਚੇ ਬਨਾਕੇ ਦਸਦੀਆਂ ਹਨ ਕਈ ਪਕਾਰ ਦੀ ਸਿਲਪ ਅਰ ਕਹਾਣੀਆਂ ਦੇ ਨਾਲ ਧਰਮ ਨੀਤ ਦਾ ਭੀ ਗਿਆਨ ਦੇਂਦੀਆਂ ਹਨ ਗੀਤ ਵਾਜੇ ਦੇ ਨਾਲ ਕਈ ਪ੍ਰਕਾਰ ਦੀਆਂ ਮਨ ਪ੍ਰਸੰਨ ਕਰਨ ਦੀਆਂ ਖੇਡਾਂ ਸਿਖਾਉਂਦੀਆਂ ਹਨ ॥

ਮੇਰੇ ਸਕੂਲ ਵਿੱਚ ਕਿੰਡਰ ਗਾਰਡਨ ਦੀਆਂ ਕਈ ਚੀਜਾਂ ਮੰਗਾਈਆਂ ਗਈਆਂ ਹਨ ਅਗਲੇ ਐਤਵਾਰ ਨੂੰ ਮੈਂ ਤੁਹਾਨੂੰ ਓਥੇ ਜਾਕੇ ਦਿਖਾਵਾਂਗਾ ਲੰਮੇ ੨ ਰੰਗ ਬਰੰਗੇ ਕਾਗਤਾਂ ਨੂੰ ਕੈਂਚੀ ਨਾਲ ਕਤਰਕੇ ਸਫਾਂ ਬਨਾਉਂਦੀਆਂ ਤੇ ਕਈ ਪ੍ਰਕਾਰਦੇ ਨਮੂਨੇ ਉਣਨੇ ਸਿਖਾਉਂਦੇ ਹਨ। ਮੈਂ ਵੇਖਿਆਹੈ ਇਸ ਢੰਗ ਨਾਲ ੪,੫ ਸਾਲ ਦੇ ਬਾਲ ਭੀ ਬੜੀ ਧੀਰਜ ਨਾਲ ਬੜਾ ਸੋਹਣਾ ਕੰਮ ਬਨਾਉਂਦੇ ਹਨ ਬਾਲਾਂ ਨੂੰ ਰੰਗਦਾਰ ਚੀਜਾਂ ਬਹੁਤ ਮਨ ਭਾਉਂਦੀਆਂ ਹਨ ਇਸ ਲਈ ਕਈ ਪ੍ਰਕਾਰ ਦੇ ਚਿਤ੍ਰਾਂ ਦੇ ਸਹਾਰੇ ਨਾਲ ਓਨਾਂ ਨੂੰ ਬ੍ਰਿਛ, ਬੂਟੇ,ਵੇਲ,ਫੁਲ,ਫਲ ਆਦਿਕ ਦਾ ਹਾਲ ਸਮਝਾਉਂਦੇ ਹਨ, ਪ੍ਰਾਣੀ ਵਿਦਿਆ ਪਦਾਰਥ ਵਿਦਿਆ ਆਦਿਕ ਦੇ ਜੋ ਜੋ ਕਠਨ ਵਿਸ਼ੇ ਹਨ ਓਹ ਭੀ ਸੁਖਾਲੇ ਕਰ ਲਏ ਹਨ, ਭੂਗੋਲ ਸਿਖਾਉਣ ਵਾਸਤੇ ਛੋਟੇ ੨ ਗੋਲੇ ਕਾਠ ਦੇ ਜਾਂ ਮਿੱਟੀ ਦੇ ਬਨਾਕੇ ਓਨਾਂ ਨੂੰ ਪ੍ਰਿਥਵੀ ਦਾ ਆਕਾਰ ਤੇ ਚਿਤ੍ਰ ਦਿਖਾਉਂਦੇਹਨ, ਇਕ ਮੈਦਾਨ ਵਿੱਚ ਮਿੱਟੀ ਅਤੇ ਕੰਕਰਾਂ ਦੇ ਢੇਰ ਕਰਕੇ ਪਹਾੜ ਅਤੇ ਓਸ ਵਿਚ ਪਾਣੀ ਪਾਕੇ ਨਦੀਆਂ ਝੀਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਗਰ ਬਨਾਕੇ ਦਸਦੇ ਹਨ ਇਸ ਤਰਾਂ ਦੇਣਨਾਲ ਬਾਲਾਂ ਦਾ ਵਿੱਦਯਾ ਸਿੱਖਣ ਦਾ ਉਤਸ਼ਾਹ ਅਤੇ ਆਨੰਦ ਵਧਦਾ ਹੈ ਹੁਣ ਦੇਖੋ ਗਣਿਤ ਕੇਹੀ ਕਠਨ ਵਿੱਦਯਾ ਹੈ ਜੇ ਇਸ ਨੂੰ ਭੀ ਵਸਤੂ ਦੇ ਸਹਾਰੇ ਨਾਲ ਸਿਖਾਈਏ ਤਾਂ ਕਠਨ ਨਹੀਂ ਰਹਿੰਦਾ ਮੈਂ ਆਪਣੇ ਸਕੂਲ ਵਿਚ ਬਹੁਤ ਸਾਰੀਆਂ ਗੋਲੀਆਂ ਰੰਗ ਬਿਰੰਗੀ ਮੰਗਵਾ ਰਖੀਆਂ ਹਨ। ਓਨਾਂ ਨਾਲ ਹੀ ਸੌ ਤਕ ਗਿਣਤੀ ਜੋੜਨਾ ਗੁਣਾ, ਭਾਗ ਸਭ ਸਿਖਾ ਦੇਂਦੇ ਹਨ ॥

ਪਾਰਬਤੀ– ਹਾਂ ਜੀ ਜੇ ਇਸ ਤਰਾਂ ਸਿਖਾਯਾ ਜਾਵੇ ਤਾਂ ਤਾਂ ਛੋਟੇ ਬਾਲਾਂ ਦਾ ਉਤਸ਼ਾਹ ਭੀ ਵਧੇ ਅਰ ਓਹ ਕਦੇ ਡਰਨ ਭੀ ਨਾਂ। ਮੈਂ ਤਾਂ ਵੱਡੇ ੨ ਰੰਗ ਦਾਰ ਮਣਕੇ ਮਾਲਾ ਵਿਚ ਪਰੋਕੇ ਪ੍ਰੇਮ ਨਾਰਾਇਣਨੂੰ ਗਿਣਤੀ ਸਿਖਾਈ ਸੀ।

ਸੱਤਯਵਤੀ– ਏਹ ਤਾਂ ਬੜੀ ਸੁਖਾਲੀ ਗਲ ਹੈ ਅਰ ਇਸ ਨਾਲ ਬਾਲਾਂ ਦਾ ਧਿਆਨ ਭੀ ਚੰਗੀ ਤਰਾਂ ਲਗਦਾ ਹੈ ॥

ਰਾਮ– ਹਾਂ ਠੀਕ ਹੈ । ਜਦ ਦੇਖੋ ਕਿ ਕੁੜੀਆਂ ਬਹੁਤ ਹੋ ਗਈਆਂ ਹਨ ਤਾਂ ਓਨਾਂ ਦੇ ਚਾਰ ਹਿੱਸੇ ਬਨਾ ਲਵੋ, ਇਕ ਭਾਗ ਨੂੰ ਲਿਖਾਈ, ਇਕ ਭਾਗਨੂੰ ਗਿਣਤੀ ਸਿੱਖਣ ਲਈ ਗੋਲੀਆਂ ਅਰ ਇਕ ਭਾਗ ਨੂੰ ਕਾਠ ਦੇ ਅੱਖਰਾਂ ਵਿਚੋਂ ਦੋਦੋ ਚਾਰ ਚਾਰ ਹਰ ਇਕਨੂੰ ਪੜ੍ਹਨ ਲਈ ਦੇ ਦੇਵੋ ਬਾਕੀ ਇਕ ਭਾਗ ਨੂੰ ਪੁਸਤਕ ਨਾਲ ਤੁਸੀ ਪੜ੍ਹਾ ਦੇਵੋ। ਏਸੇਤਰਾਂ ਹਰ ਇਕ ਭਾਗ ਦੀਆਂ ਕੁੜੀਆਂ ਦਾ ਕੰਮ ਬਦਲ ਦੇਣਾ ਜਿਸਨਾਲ ਓਨਾਂ ਦਾ ਚੰਚਲ ਮਨ ਭੀ ਪ੍ਰਸੰਨ ਹੋਕੇ ਲਗੇਗਾ। ਹੋਰ ਦੇਖੋ ਗਾਉਂਣ ਵਜਾਉਂਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਲ ਭੀ ਬਾਲਾਂ ਨੂੰ ਬਹੁਤ ਸਿੱਖਿਆ ਦਿਤੀ ਜਾਂਦੀ ਹੈ ॥

ਪਾਰਬਤੀ—ਹਾਂ ਜੀ, ਮੈਂ ਕੁੜੀਆਂ ਨੂੰ ਲਿਖਾਈ ਸਿਖਾਉਂਣ ਦੇ ਸਮੇ ਦੀ ਇਕ ਕਵਿਤਾ ਰਚੀ ਹੈ, ਆਪ ਵੇਖੋ ਜੇ ਅਜੇਹੀ ਕਵਿਤਾ ਨਾਲ ਕੰਮ ਹੋਵੇ ਤਾਂ ਮੈਂ ਹੋਰਭੀ ਬਣਾ ਦੇਵਾਂਗੀ ॥

ਰਾਮ— ਵਾਹ ਵਾਹ ਤੁਸੀ ਤਾਂ ਚੰਗੀ ਕਵਿ ਬਣ ਗਈ ਹੋ, ਹੱਛਾ ਦੱਸੋ ਤਾਂ ਸਹੀ ਓਹ ਕਵਿਤਾ ਕਿਸ ਕਿਸ ਨੇ ਸਿਖੀ ਹੈ। ਪਾਰਬਤੀ ਨੇ ਪ੍ਰੇਮ ਦੇਵੀ ਨੂੰ ਅਤੇ ਸੱਤਜ ਵਤੀ ਦੀ ਧੀ ਮਾਇਆ ਨੂੰ ਸੱਦਕੇ ਕਿਹਾਃ—ਕਾਕੋ ਸਿਲਾ ਈਆਂ ਦਾ ਗੀਤ ਤਾਂ ਸੁਣਾਓ ॥

ਇਹ ਗੱਲ ਸੁਣਦਿਆਂ ਹੀ ਦੋਵੇਂ ਕੁੜੀਆਂ ਦੋ ਦੋ ਸਲਾਈਆਂ ਤੇ ਇਕ ੨ ਉੱਨ ਦਾ ਗੋਲਾ ਲੈ ਆਈਆਂ ਅਰ ਸਲਾਈਆਂ ਤੇ ਵਲ ਪਾ ਪਾਕੇ ਇਹ ਗੀਤ ਗਾਉਣ ਲਗੀਆਂਃ—

"ਚੱਲ ਭੈਣ ਤੂੰ ਮੇਰੀ ਪਿਆਰੀ।"
ਦੋ ਸਲਾਈਆਂ ਲੈ ਹੱਥ ਵਾਰੀ।
ਉੱਨ ਲਿਆਵੀਂ ਰੰਗ ਬਰੰਗੀ।
ਲਾਲ ਗੁਲਾਬੀ ਅਤੇ ਨਰੰਗੀ।
ਫੰਦੇ ਪਾਵੋ ਪੰਜ, ਦਸ, ਵੀਹ।
ਜੁਰਾਬ, ਟੋਪੀ ਦੀ ਪਾਵੋ ਲੀਹ।
ਬੂਟੇ ਫੁੱਲ ਪਾਵੋ ਤਿਸ ਚੰਗ।
ਜਿਸੇ ਦੇਖ ਮਨ ਹੋਇ ਉਮੰਗ।
ਗੁਲੂ ਬੰਦ ਵਾਸਕਟ ਨਕਟਾਈ।
ਉਨੋ ਠੀਕ ਮਿਲਸੀ ਮਿਠਿਆਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੁੱਤ ਸਰਦੀ ਦੀ ਆਵੇ ਭਾਰੀ।
ਤਾਂ ਹੁੰਦੀ ਉੱਨ ਗਰਮ ਸੁਖ ਕਾਰੀ।
ਸਿਲਪ ਵਿੱਦਿਆ ਸਿਖਤ ਜੋ ਨਾਰੀ।
ਉਪਮਾ ਤਿਸਦੀ ਹੋਇ ਜਗ ਭਾਰੀ।

ਜਦ ਪ੍ਰੇਮ ਦੇਵੀ ਅਤੇ ਮਾਇਆ ਛੋਟੇ ੨ ਹੱਥਾਂ ਵਿੱਚ ਸਲਾਈਆਂ ਅਤੇ ਉੱਨ ਲੈਕੇ ਗਾਉਣ ਗਾਉਂ ਰਹੀਆਂ ਸਨ ਉਸ ਸਮੇ ਦਾ ਦਰਸ਼ ਦੇਖਕੇ ਰਾਮਨਾਰਾਇਣ ਜੀਦਾ ਮਨ ਬਹੁਤ ਪ੍ਰਸੰਨ ਹੋਯਾ। ਉਨਾਂ ਨੇ ਕੁੜੀਆਂ ਨੂੰ ਪਿਆਰ ਦਿੱਤਾ ਅਰ ਕਿਹਾ ਹੱਛਾ ਮੇਰੇ ਵਾਸਤੇ ਇਕ ਗੁਲੂਬੰਦ ਤੇ ਟੋਪੀ ਉਣੋ ਮੈਂ ਤੁਹਾਨੂੰ ਮਿਠਿਆਈ ਦੇਵਾਂਗਾ। ਦੋਹਾਂ ਕੁੜੀਆਂ ਦਾ ਸੁੰਦਰ ਮੁਖ ਉਤਸ਼ਾਹ ਨਾਲ ਹੋਰ ਭੀ ਸ਼ੋਭਾਇਮਾਨ ਹੋ ਗਿਆ॥

ਇੱਕੀਵਾਂ ਅੱਧਯਾਇ

ਏਸੇ ਤਰਾਂ ਰਾਮ ਪਿਆਰੀ ਤੇ ਪਾਰਬਤੀ ਦੀ ਸਹਾਇਤਾ ਨਾਲ ਸੱਤਵਤੀ ਬੜੀ ਚੰਗੀਤਰਾਂ ਸਕੂਲ ਦਾ ਕੰਮ ਨਿਬਾਹੁਣ ਲਗੀ। ਰਾਮ ਨਾਰਾਇਣ ਅਤੇ ਬਿਹਾਰੀ ਲਾਲ ਦੇ ਯਤਨ ਨਾਲ ਸਕੂਲ ਦੀ ਆਰਥਕ ਉੱਨਤ ਭੀ ਹੋਣ ਲਗ ਪਈ, ਥੋੜੇ ਹੀ ਦਿਨਾਂ ਵਿਚ ਸੌ ਦੇ ਲਗਭਗ ਕੁੜੀਆਂ ਆਉਣ ਲਗ ਪਈਆਂ। ਫੇਰ ਇਕ ਵਖਰੇ ਮਕਾਨ ਦੀ ਲੋੜ ਪਈ। ਜਦ ਸਕੂਲ ਦਾ ਇਕ ਵਰਹਾ ਪੂਰਾ ਹੋਯਾ ਤਾਂ ਯੋਗ ੨ ਬਾਲੀਆਂ ਤੇ ਬਾਲਕਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨਾਮ ਦੇਕੇ ਓਨਾਂ ਦਾ ਉਤਸ਼ਾਹ ਵਧਾਉਣ ਦੀ ਸਲਾਹ ਕੀਤੀ ਗਈ। ਏਥੇ ਜਦ ਛੋਟੇ ਲਾਟ ਸਾਹਿਬ ਦੌਰਾ ਕਰ ਦੇ ਹੋਏ ਆਏ ਤਾਂ ਰਾਮ ਨਾਰਾਇਣ ਜੀ ਨੇ ਓਨਾਂ ਅੱਗੇ ਏਹ ਨਵੀਂ ਕੰਨਿਆਂ ਪਾਠਸ਼ਾਲਾ ਦੇਖਣ ਤੇ ਆਪਣੇ ਹੱਥੀਂ ਇਨਾਮ ਵੰਡਣ ਦੀ ਪ੍ਰਾਰਥਨਾ ਕੀਤੀ । ਲਾਟ ਸਾਹਿਬ ਦੀ ਮੇਮ ਭੀ ਨਾਲ ਹੀ ਸੀ ਓਹ ਏਹ ਸੁਣਕੇ ਬੜੀ ਅਚੰਭਿਤ ਹੋਈ ਕਿ ਹਿੰਦੂ ਇਸਤ੍ਰੀਆਂ ਨੇ ਆਪਣੀ ਮਰਜੀ ਨਾਲ ਏਹ ਵਿਦਯਾਲਯ ਬਨਾਯਾ ਹੈ । ਰਾਮ ਨਾਰਾਇਣ ਜੀ ਮਿਤ੍ਰਾਂ ਨਾਲ ਸਲਾਹ ਕਰਕੇ ਇਨਾਮ ਦੇਣ ਦਾ ਪ੍ਰਬੰਧ ਕਰਨ ਲਗੇ। ਬਹੁਤ ੨ ਸੋਹਣੇ ਚਿੱਤ੍ਰ, ਉਪਦੇਸ਼ ਪੂਰਤ ਪੁਸਤਕਾਂ, ਖਿਡੌਣੇ, ਛੋਟੇ ੨ ਬਕਸ (ਸੰਦੂਕੜੀਆਂ) ਲਿਖਣਾਂ ਦਵਾਤਾਂ ਆਦਿਕ ਮੰਗਵਾਈਆਂ ਅਰ ਆਪਣੇ ਘਰ ਦੇ ਸਾਹਮਣੇ ਮੈਦਾਨ ਵਿਚ ਚਾਂਦਨੀਆਂ ਲਗਵਾਕੇ ਚੰਗੀਤਰਾਂ ਸਜਾਵਟ ਕੀਤੀ ਇਕ ਪਾਸੇ ਪੁਰਸ਼ਾਂ ਦੇ ਅਤੇ ਦੂਸਰੇ ਪਾਸੇ ਇਸਤ੍ਰੀਆਂ ਦੇ ਬੈਠਣ ਦੀ ਪਰਦੇ ਦਾਰ ਜਗਾ ਬਨਾਈ। ਪਾਠਸ਼ਾਲਾ ਦੀਆਂ ਸਾਰੀਆਂ ਕੰਨਿਆਂ ਤੇ ਬਾਲਕ ਸੁੰਦ੍ਰ ਬਸਤ੍ਰ ਪਾਕੇ ਸਜਕੇ ਆਏ। ਸੱਤਜਵਤੀ, ਪਾਰਬਤੀ, ਰਾਮ ਪਿਆਰੀ ਅਤੇ ਡਾਕਟਰ ਮਨੋਹਰ ਲਾਲ ਦੀਆਂ ਧੀਆਂ ਤੇ ਓਨਾਂ ਦੀ ਇਸਤ੍ਰੀ ਤਾਂ ਬਾਹਰ ਹੀ ਬੈਠੀਆਂ। ਮਨੋਹਰਲਾਲ ਦੀਆਂ ਧੀਆਂ ਨੇ ਜਦ ਉਦੀਪਨਾ ਭਰਿਆ ਗੀਤ ਹਾਰਮੋਨੀਅਮ ਵਾਜੇ ਨਾਲ ਗਾਵਿਆਂ ਅਰ ਛੋਟੀਆਂ ੨ ਕੁੜੀਆਂ ਨੇ ਜਦ ਹੱਥ ਜੋੜਕੇ ਸਭਨਾਂ ਪਾਸੋਂ ਵਿਦਯਾਲਯ ਵਾਸਤੇ ਦਾਨ ਲਈ ਪ੍ਰਾਰਥਨਾ ਕੀਤੀ ਤਾਂ ਜੋ ਲੋਕ ਇਸਦੇ ਵਿਰੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੀ ਤੇ ਨਿੰਦਕ ਸਨ ਓਹ ਭੀ ਲਜਿਤ ਹੋਕੇ ਧੰਨਯ ਧੰਨਯ ਕਹਿਕੇ ਉਪਮਾ ਕਰਨ ਲਗ ਪਏ ਸਕੂਲ ਦੇ ਬਣਨ ਤੇ ਓਸਦੀ ਉੱਨਤੀ ਦਾ ਬ੍ਰਿਤਾਂਤ ਸੁਣਕੇ ਅਰ ਸੱਤਯਵਤੀ ਦਾ ਸੁਦ੍ਰਿਸ਼ਟਾਂਤ ਵੇਖਕੇ ਸਾਹਿਬ ਲੋਕ ਅਤੇ ਹੋਰ ਆਏ ਹਏ ਸਜਣ ਬਹੁਤ ਪ੍ਰਸੰਨ ਹੋਏ ਅਰ ਅਜਿਹੇ ਉੱਤਮ ਕਾਰਜ ਵਿਚ ਸਹਾਇਤਾ ਦੇਣ ਲਈ ਸਭ ਨੂੰ ਕਹਿਨ ਲਗੇ। ਛੋਟੀਆਂ ੨ ਕੁੜੀਆਂ ਨੇ ਬਹੁਤ ਸੁੰਦਰ ਖੇਡਾਂ ਦੀ ਨੀਤ ਭਰੀ ਕਵਿਤਾ ਸੁਣਾਈ ਅਰ ਆਪਣੇ ਹੱਥਾਂ ਦੇ ਬਨਾਏ ਹੋਏ ਕੰਮ ਦਿਖਾਏ। ਸਭਨਾਂ ਦੇ ਮਨ ਵਿਚ ਇਹ ਵਿਸ਼ਵਾਸ ਹੋ ਗਿਆ ਕਿ ਇਸ ਤਰਾਂ ਸਿਖਿਆ ਮਿਲਣ ਨਾਲ ਕੰਨਯਾ ਬਹੁਤ ਉੱਨਤੀ ਕਰਨ ਗੀਆਂ। ਸੱਤਯਵਤੀ ਅਨਾਥ ਤੇ ਵਿਧਵਾ ਹੋਕੇ ਭੀ ਅਜੇਹੇ ਉੱਤਮ ਢੰਗ ਨਾਲ ਆਪਣੇ ਬਾਲਾਂ ਦੀ ਪਾਲਣਾ ਕਰ ਰਹੀ ਹੈ ਇਹ ਸੁਣਕੇ ਸਭ ਅਨੰਦ ਹੋਏ ਲਾਟ ਸਾਹਿਬ ਦੀ ਮੇਮ ਸਾਹਿਬਾ ਨੇ ਸੱਤਯਵਤੀ ਦੀ ਬਹੁਤ ਸਲਾਘਾ ਕੀਤੀ ਅਰ ਪਾਰਬਤੀ ਆਦਿਕ ਸਾਰੀਆਂ ਇਸਤ੍ਰੀਆਂ ਨੂੰ ਮਿਲਕੇ ਅਜੇਹੇ ਸੁਭ ਕਾਰਜ ਵਿਚ ਸਹਾਇਤਾ ਕਰਨ ਦੀ ਪ੍ਰਤੱਗਯਾ ਕੀਤੀ ਅਰ ਆਪ ੧੦੦) ਸੌ ਰੁਪੱਯਾ ਵਿਦਯਾਲਯ ਦੀ ਸਹਾਇਤਾ ਵਿਚ ਦਾਨ ਕੀਤਾ। ਓਨਾਂ ਦਾ ਦ੍ਰਿਸ਼ਟਾਂਤ ਦੇਖਕੇ ਹੋਰ ਭੀ ਬਹੁਤ ਸਾਰੇ ਲੋਕਾਂ ਨੇ ਦਾਨ ਦਿੱਤਾ। ਜਿਸ ਨਾਲ ਵਿਦਯਾਲਾ ਲਈ ਇਕ ਵਖਰਾ ਮਕਾਨ ਬਨਾਉਣ ਦਾ ਮਤਾ ਪਕਾਇਆ ਗਿਆ ਸ਼ਹਿਰ ਦੇ ਇਕ ਵੱਡੇ ਧਨਾਢ ਮਾਧੋ ਦਾਸ ਜੀ ਨੇ ਗੰਗਾ ਜੀ ਦੇ ਕੰਢੇ ਅਪਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁਤ ਸਾਰੀ ਧਰਤੀ ਦਾਨ ਕਰ ਦਿੱਤੀ । ਵਰਹੇ ਭਰ ਦੇ ਅੰਦਰ ੨ ਬੜਾ ਸੁੰਦਰ ਮਕਾਨ ਬਣ ਗਿਆ, ਸਰਕਾਰ ਵੱਲੋਂ ਭੀ ਸਹਾਇਤਾ ਮਿਲਣ ਲਗ ਪਈ ਇਸੇ ਤਰਾਂ ਪਾਰਬਤੀ ਅਤੇ ਰਾਮਨਾਰਾਇਣ ਜੀ ਦੇ ਉਦਮ ਯਤਨ ਨਾਲ ਅਨਾਥ ਸੱਤਜਵਤੀ ਨੂੰ ਆਸਰਾ ਮਿਲ ਗਿਆ ਓਸਦੇ ਵਿਧਵਾ ਜੀਵਣ ਦੇ ਦੁਖ ਵਿਚ ਸ਼ਾਂਤ ਮਿਲੀ । ਜਿਉਂ ੨ ਵਿਦਜਾਲਯ ਵਿਚ ਕੁੜੀਆਂ ਦੀ ਉੱਨਤੀ ਹੋਣ ਲੱਗੀ ਤਿਉਂ ੨ ਲੋਕਾਂ ਦਾ ਭਰਮ ਇਸਤ੍ਰੀ ਸਿਖਿਆ ਵਲੋਂ ਘਟਦਾ ਗਿਆ ਸੱਤਵਤੀ ਦੇ ਨਾਲ ਕੰਮ ਕਰਨ ਨੂੰ ਹੋਰ ਭੀ ੩, ੪ ਅਧਜਾਪਕਾ ਰਖੀਆਂ ਗਈਆਂ ਪ੍ਰੰਤੂ ਪ੍ਰਧਾਨ ਸਤਜਵਤੀ ਨੂੰ ਹੀ ਬਨਾਯਾ ਗਿਆ ।

ਬਾਈਵਾਂ ਅੱਧਜਾਇ

ਏਸੇ ਤਰਾਂ ਕਈ ਵਰਹੇ ਬੀਤ ਗਏ ਸੱਤਜਵਤੀ ਦੇ ਪਿਓ ਮਹਿੰਦਰ ਬਾਲ ਭੀ ਹੁਣ ਪ੍ਰਮਾਤਮਾ ਦੀ ਦਯਾ ਨਾਲ ਸਿਆਣੇ ਹੋ ਗਏ । ਪਿਆਰੇ ਲਾਲ ਨੇ ਭੀ ਬੀ. ਏ. ਪਾਸ ਕਰਕੇ ਨੌਕਰੀ ਆਰੰਭ ਦਿਤੀ ਹੈ, ਪਾਰਬਤੀ ਨੂੰ ਭੀ ਹੋਰ ਦੋ ਪੁਤ੍ਰ ਤੇ ਇਕ ਕੰਨਜਾ ਉਤਪੰਨ ਹੋਈ ਹੈ ਹੁਣ ਬਹੁਤੇ ਪ੍ਰਵਾਰ ਦੀ ਸੇਵਾ ਤੇ ਏਨਾਂ ਬੱਚਜਾਂ ਦੇ ਪਾਲਨ ਕਰਕੇ ਪਾਰਬਤੀ ਨੂੰ ਰੋਜ ਪਾਠਸ਼ਾਲਾ ਵਿਚ ਜਾਣ ਦਾ ਸਮਾ ਨਹੀਂ ਮਿਲਦਾ । ਪ੍ਰੰਤੂ ਇਸ ਗਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਲ ਉਨਾਂ ਦਾ ਉਤਸਾਹ ਦਿਨ ਬਦਿਨ ਵਧਦਾ ਜਾਂਦਾ ਹੈ। ਜਿਉਂ ੨ ਸੰਤਾਨ ਵਧਨ ਲਗੀ ਤਿਉਂ ਤਿਉਂ ਰਾਮ ਨਾਰਾਇਣ ਤੇ ਪਾਰਬਤੀ ਦੇ ਮਨ ਵਿਚ ਚਿੰਤਾ ਵਧਨ ਲਗੀ। ਹੁਣ ਪ੍ਰੇਮਨਾਰਾਇਣ ਭੀ ਐਂਟ੍ਰੈਂਸ ਦੀ ਪ੍ਰੀਖਿਆ ਦੇਣ ਦੇ ਯਤਨ ਵਿਚ ਹੈ ਪ੍ਰੇਮ ਦੇਵੀ ਦੀ ਉਮਰ ੧੪ ਵਰ੍ਹੇ ਦੀ ਹੋ ਗਈ, ਸਭੇ ਪੁਤ੍ਰ ਧੀ ਦੀ ਕੁੜਮਾਈ ਕਰਨ ਲਈ ਲਾਲਾ ਰਾਮ ਨਾਰਾਇਣ ਜੀ ਨੂੰ ਜਿੱਚ ਕਰ ਰਹੇ ਹਨ ਪਰ ਓਹ ਏਤਨੀ ਛੋਟੀ ਪੁਤ੍ਰ ਧੀ ਦਾ ਵਿਆਹ ਕਰਨਾ ਨਹੀਂ ਚਾਹੁੰਦੇ, ਪਾਰਬਤੀ ਤਾਂ ਬਾਲ ਵਿਆਹ ਦੀ ਭਾਰੀ ਵਿਰੋਧਨੀ ਹੈ ਕਾਰਨ ਇਹ ਕਿ ਓਸਨੇ ਦੇਖਿਆ ਹੈ ਜੋ ਏਤਨੀ ਛੋਟੀ ਵਿਆਹ ਕਰ ਦੇਣ ਨਾਲ ਕੰਨਜਾ ਨੂੰ ਪੂਰੀ ੨ ਸਿੱਖਿਆ ਨਹੀਂ ਮਿਲਦੀ ਅਰ ਓਨਾਂ ਦੀ ਅਰੋਗਤਾ ਭੀ ਵਿਗੜ ਜਾਂਦੀ ਹੈ ਪ੍ਰੰਤੂ ਹਿੰਦੂ ਜਾਤ ਦੇ ਤੀਵੀਂ ਪੁਰਸ਼ ਅਜੇਹੀਆਂ ਗਲਾਂ ਨੂੰ ਕਦ ਸੁਣਦੇ ਹਨ। ਲੋਕ ਖਾਸ ਕਰਕੇ ਤੀਵੀਆਂ ਬੜੀ ਨਿੰਦਿਆ ਚਰਚਾ ਕਰਨ ਲਗ ਪਈਆਂ, ਕੋਈ ਕਹੇ ਜਵਾਨ ਮੁਟਿਆਰ ਧੀ ਨੂੰ ਘਰ ਰਖਕੇ ਤੁਹਾਨੂੰ ਨੀਂਦ ਕਿਸਤਰਾਂ ਪੈਂਦੀ ਹੈ? ਕੋਈ ਕਹੇ ਏਹੋ ਵੇਲਾ ਜਵਾਨੀਦਾ ਤਾਂ ਸੁਖ ਆਨੰਦ ਲੈਣ ਦਾ ਹੈ ਜਦ ਜੁਵਾਨੀ ਚਲੀ ਜਾਵੇ ਗੀ ਤਾਂ ਫੇਰ ਵਿਆਹ ਬੁੱਢੇਵਾਰੇ ਕਰੋਗੇ?

ਅਸੀ ਪਹਿਲਾਂ ਹੀ ਵਰਨਣ ਕਰ ਚੁਕੇ ਹਾਂ ਕਿ ਆਪਣੀ ਸੰਤਾਨ ਨੂੰ ਭੈੜੇ ਦ੍ਰਿਸ਼ਟਾਂਤ ਅਤੇ ਕੁਸੰਗ ਤੋਂ ਬਚਾਉਣ ਲਈ ਰਾਮ ਨਾਰਾਇਣ ਜੀ ਨੇ ਸ਼ਹਿਰ ਵਾਲਾ ਮਕਾਨ ਛੋਡ ਦੇਣ ਦੀ ਸਲਾਹ ਕੀਤੀ ਸੀ ਸੋ ਓਨਾਂ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥੋੜੇ ਚਿਰ ਵਿੱਚ ਹੀ ਸ਼ਹਿਰ ਦੇ ਬਾਹਰ ਇਕ ਚੰਗੀ ਥਾਂ ਤੇ ਬੜਾ ਸੋਹਣਾ ਮਕਾਨ ਬਨਵਾ ਲਿਆ ਪਰ ਓਥੇ ਰਹਿਣ ਨਾਲ ਭੀ ਜਾਤ ਬਰਾਦਰੀ ਦੇ ਹਥੋਂ ਨ ਬਚੇ ਪ੍ਰੰਤੂ ਰਾਮ ਨਾਰਾਇਣ ਤੇ ਪਾਰਬਤੀ ਆਪਨੀ ਸੰਤਾਨ ਦੇ ਸੁਖਸਾਧਨ ਅਰ ਭਲੇ ਵਿੱਚ ਅਜੇਹੇ ਦ੍ਰਿੜ ਹੋਏ ੨ ਸਨ ਕਿ ਕੋਈਭੀ ਓਨਾਂ ਦੇ ਦ੍ਰਿੜ ਸੰਕਲਪ ਨੂੰ ਤੋੜ ਨ ਸਕਿਆ ॥

ਵਿਰੋਧਤਾ ਨਾਲ ਇਨਾਂ ਦੀ ਦ੍ਰਿੜਤਾ ਹੋਰ ਭੀ ਵਧ ਗਈ ਪ੍ਰੇਮ ਦੇਵੀ ਭੀ ਪ੍ਰੀਖਿਆ ਵਿਚ ਬੜੀ ਚੰਗੀ ਤਰਾਂ ਪਾਸ ਹੋਈ ਹੁਣ ਇਨਾਂ ਨੇ ਓਸਨੂੰ ਹੋਰ ਉਚੀਆਂ ਸ੍ਰੇਣੀਆਂ ਦੀ ਸਿਖਿਆ ਦੇਣ ਦਾ ਪ੍ਰਬੰਧ ਕੀਤਾ। ਪ੍ਰੇਮ ਦੇਵੀ ਮਾਤਾ ਦੇ ਪਾਸ ਗ੍ਰਿਸਤ ਦੇ ਕਾਰਜਾਂ ਤੋਂ ਸੂਈ ਸਲਾਈ ਦੇ ਕੰਮਾਂ ਤੋਂ ਚੰਗੀ ਤਰਾਂ ਜਾਣੂੰ ਹੋ ਗਈ। ਮਨੋਹਰ ਲਾਲ ਦੀਆਂ ਧੀਆਂ ਨਾਲ ਓਸਦਾ ਬੜਾ ਪ੍ਰੇਮ ਹੋ ਗਿਆ ਓਹ ਸਦਾ ਓਨਾਂ ਦੇ ਪਾਸ ਆਉਂਦੀ ਜਾਂਦੀ ਹੈ। ਮਨੋਹਰਲਾਲ ਜੀ ਭਾਵੇਂ ਵਿਲਾਇਤ ਵਿਚ ਪੜ੍ਹੇ ਸਨ ਪਰ ਓਹ ਆਪਣੇ ਧਰਮ ਵਿੱਚ ਬੜੇ ਪੱਕੇ ਸਨ ਨਿਤ੍ਯ ਸਵੇਰੇ ਉਠਕੇ ਸਾਰੇ ਪ੍ਰਵਾਰ ਸਮੇਤ ਪਮੇਸ਼ੁਰ ਦੀ ਉਪਾਸ਼ਨਾ ਕਰਦੇ ਸਨ।ਓਨਾਂ ਦੀਆਂ ਸਪੁਤ੍ਰੀਆਂ ਭਗਤੀ ਦੇ ਭਜਨ ਗੀਤ ਗਾਂਉਂਦੀਆਂ ਸਨ ਓਨਾਂ ਦੀ ਧਰਮ ਪਤਨੀ ਬੜੇ ੨ ਉਤਮ ਤੇ ਧਰਮ ਸੰਬੰਧੀ ਗ੍ਰੰਥਾਂ ਵਿਚੋਂ ਭਗਤੀ ਪ੍ਰੇਮ ਦਾ ਉਪਦੇਸ਼ ਦੇਂਦੀਸੀ ਇਸ ਧਰਮੀ ਪ੍ਰਵਾਰ ਨਾਲ ਮੇਲ ਹੋਣ ਕਰਕੇ ਪਾਰਬਤੀ ਦੇ ਕੋਮਲ ਮਨ ਵਿਚ ਭੀ ਭਗਤੀ ਦਾ ਅੰਗੂਰ ਫੁੱਟਿਆ ਅਰ ਓਨਾਂ ਨੇ ਭੀ ਆਪਣੇ ਪ੍ਰਵਾਰ ਵਿਚ ਓਹੋ ਨਿਯਮ ਆਰੰਭ ਦਿਤਾ ਰੋਜ ਪਤੀ ਪੁੱਤ੍ਰ ਤੇ ਪਤੀ ਨੂੰ ਨਾਲ ਲੈਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਈਸ਼੍ਵਰ ਉਪਾਸ਼ਨਾ ਕਰਦੇ ਸਨ ਜਿਸਤਰਾਂ ਚੰਦਨਦੇ ਬ੍ਰਿਛ ਦੇ ਪਾਸ ਜੋ ਬ੍ਰਿਛ ਹੁੰਦਾ ਹੈ ਓਹ ਭੀ ਚੰਨਣ ਰੂਪ ਹੋਜਾਂਦਾ ਹੈ, ਏਸੇ ਤਰਾਂ ਮੋਹਨ ਲਾਲ ਦੇ ਪ੍ਰਵਾਰਨਾਲ ਮੇਲਜੋਲ ਹੋਣ ਕਰਕੇ ਏਹ ਪ੍ਰਵਾਰ ਭੀ ਧਰਮ ਦੇ ਕੰਮਾਂ ਵਿਚ ਦ੍ਰਿੜ ਹੋ ਗਿਆ ।

ਆਪਣੀ ਸੰਤਾਨ ਦੇ ਮਨ ਵਿਚ ਦੀਨ ਦੁਖੀਆਂ ਲਈ ਦਯਾ ਉਤਪੰਨ ਕਰਨ ਲਈ ਪਾਰਬਤੀ ਨੇ ਏਹ ਉਤਮ ਨਿਯਮ ਥੰਨ੍ਹਿਆਂ ਕਿ ਸਪਤਾਹ ਵਿਚ ਇਕ ਦਿਨ ਲੰਙੇ ਲੂਲੇ ਗ੍ਰੀਬਾਂ ਕੰਗਾਲਾਂ ਨੂੰ ਸੱਦਕੇ ਧੀ ਪੁਤ੍ਰ ਪਾਸੋਂ ਓਨਾਂ ਦੀ ਸੇਵਾ ਕਰਾਉਂਦੀ। ਪ੍ਰੇਮ ਨਾਰਾਇਣ ਪਹਿਲੇ ਓਨਾਂ ਦੇ ਹੱਥ ਮੂੰਹ ਧੋਣਨੂੰ ਪਾਣੀ ਲਿਆ ਦੇਂਦਾ ਫੇਰ ਪ੍ਰੇਮ ਦੇਵੀ ਮਾਯਾ ਤੋਂ ਛੋਟੀ ਕੁੜੀ ਓਨਾਂ ਨੂੰ ਰੋਟੀ ਦਾਲ ਭਾਜੀ ਆਦਿਕ ਲਿਆ ਦੇਂਦੀਆਂ ਕੁੜੀਆਂ ਆਪਣੇ ਹਥੀਂ ਕਪੜੇ ਸੀਉਂਕੇ ਗ੍ਰੀਬਾਂ ਨੂੰ ਪੁੰਨ ਕਰਦੀਆਂ। ਏਸੇ ਤਰਾਂ ਰੋਜ ਗ੍ਰੀਬਾਂ ਦੀ ਸੇਵਾ ਕਰਕੇ ਬਾਲਪੁਣੇ ਤੋਂ ਹੀ ਓਨਾਂ ਦੇ ਮਨ ਵਿਚ ਦਯਾ ਅਰ ਪ੍ਰੇਮ ਵਧਨ ਲੱਗਾ। ਓਨਾਂ ਦੇ ਮਾਤਾ ਪਿਤਾ ਓਨਾਂ ਨੂੰ ਪਸ਼ੂ ਪੰਛੀਆਂ ਤੇ ਭੀ ਦਯਾ ਕਰਨੀ ਸਿਖਾਉਂਦੇ ਸਨ ਓਨਾਂ ਨੇ ਆਪਣੇ ਘਰ ਵਿਚ ਗਊ, ਘੋੜਾ, ਕੁੱਤਾ, ਬਿੱਲੀ ਅਰ ਦੋ ਚਾਰ ਹੰਸ ਭੀ ਪਾਲੇ ਹੋਏ ਸਨ ਧੀਆਂ ਪੁਤ੍ਰਾਂ ਦੇ ਸਿਰ ਤੇ ਓਨਾਂ ਦਾ ਅੰਨ ਪਾਣੀ ਅਰ ਸੇਵਾ ਦਾ ਭਾਰ ਸੌਂਪਿਆ ਹੋਯਾ ਸੀ ॥

ਘਰ ਦੇ ਸਾਹਮਣੇ ਫਲ ਫੁਲ ਸਬਜੀ ਭਾਜੀ ਤ੍ਰਕਾਰੀ ਲਾਈ ਹੋਈ ਸੀ ਰਾਮ ਨਾਰਾਇਣ ਜੀ ਆਪ ਧੀਆਂ ਪੁਤ੍ਰਾਂ ਨੂੰ ਨਾਲ ਲੈਕੇ ਓਨਾਂ ਨੂੰ ਖੇਤੀ ਵਾੜੀ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਦਯਾ ਦਸਦੇ ਤੇ ਲੋੜ ਵਾਲੀਆਂ ਚੀਜਾਂ ਬੀਜਦੇ ਸਨ। ਪਾਰਬਤੀ ਨੇ ਇਕ ਕੰਮ ਹੋਰ ਭੀ ਆਰੰਭ ਕੀਤਾ ਹੋਇਆ ਸੀ ਜਿਸਨੂੰ ਦੇਖਕੇ ਪਹਿਲਾਂ ਤਾਂ ਲੋਕ ਓਨਾਂ ਦੇ ਭਾਵ ਨੂੰ ਨਹੀਂ ਸਮਝਦੇ ਸਨ ਪ੍ਰੰਤੂ ਅੱਜ ਕੱਲ ਓਸ ਕੰਮ ਵਲ ਦੇਸ਼ ਵਾਸੀਆਂ ਦੀ ਨਜਰ ਪਈ ਹੈ। ਓਹ ਕੀ ਹੈ?

ਪਾਰਬਤੀ ਦੇ ਪਿਤਾ ਨੇ ਬਹੁਤੀ ਥਾਂਈਂ ਨੌਕਰੀ ਕੀਤੀ ਸੀ। ਛੋਟੇ ਹੁੰਦੇ ਤੋਂ ਹੀ ਪਾਰਬਤੀ ਨੇ ਅਨੇਕਾਂ ਦੇਸ਼ਾਂ ਦੀ ਕਾਰੀਗਰੀ ਦੇਖੀ ਸੀ ਜਿਸਤਰਾਂ ਪੰਜਾਬ ਦੀਆਂ ਇਸਤ੍ਰੀਆਂ ਦਾ ਚਰਖੇ ਨਾਲ ਸੂਤ ਕੱਤਣਾ। ਆਸਾਮ ਦੀਆਂ ਇਸਤ੍ਰੀਆਂ ਦਾ ਪੱਟ ਦੇ ਕੀੜੇ ਪਾਲ ਕੇ ਪੱਟ ਬਨਾਉਣਾ ਫੇਰ ਕਪੜੇ ਆਦਿਕ ਉਣਨੇ ਛੋਟੇ ਹੁੰਦਿਆਂ ਤੋਂ ਹੀ ਦੇਖੇ ਸਨ, ਚਰਖੇ ਨਾਲ ਸੂਤ੍ਰ ਕਤਨਾ ਤਾਂ ਓਹ ਚੰਗੀ ਤਰਾਂ ਜਾਣਦੀ ਸੀ ਪਰ ਕਪੜਾ ਉਣਨਾ ਸਿਖਣ ਦੀ ਬੜੀ ਇੱਛਾ ਹੋਈ ਦੇਵਨੇਤ ਇੱਕ ਵੱਡਾ ਹਾਕਮ ਆਸਾਮ ਤੋਂ ਬਦਲ ਕੇ ਏਨਾਂਦੇ ਗਵਾਂਢ ਆਰਿਹਾ, ਓਨਾਂ ਦੇ ਘਰ ਦੀਆਂ ਤ੍ਰੀਮਤਾਂ ਨਾਲ ਪਾਰਬਤੀ ਦਾ ਮੇਲ ਜੋਲ ਹੋ ਗਿਆ ਪਾਰਬਤੀ ਨੇ ਓਨਾਂ ਇਸਤ੍ਰੀਆਂ ਪਾਸੋਂ ਕਪੜੇ ਉਣਨ ਦਾ ਵੱਲ ਸਿੱਖ ਲਿਆ ਅਰ ਆਪਣੇ ਘਰ ਦੇ ਵਰਤਣ ਲਈ ਕਪੜੇ ਆਪ ਹੀ ਉਣਨ ਲਗ ਪਈ। ਅਨਾਥ ਬਾਲ ਵਿਧਵਾ ਨੂੰ ਕਪੜੇ ਉਣਨੇ ਸਿਖਾਉਣ ਦੀ ਬੜੀ ਇਛਾ ਸੀ ਸੱਤਜਵਤੀ ਨੂੰ ਤਾਂ ਜੋ ਕਹਿੰਦੇ ਓਹ ਵਿਚਾਰੀ ਸਿੱਖਣ ਨੂੰ ਤਿਆਰ ਸੀ ਪ੍ਰੰਤੂ ਹੋਰ ਦੂਸਰੀਆਂ ਇਸਤ੍ਰੀਆਂ ਕਹਿਣ ਲੱਗੀਆਂ ਕੀ ਅਸੀ ਜੁਲਾਹਿਆਂ ਦਾ ਕੰਮ ਕਰਕੇ ਅਪਨੇ ਪਿਉ ਦਾਦੇ ਦੇ ਨਾਉਂ ਨੂੰ ਕਲੰਕ ਲਾਈਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਨੂੰ ਤਾਂ ਅਜੇਹੇ ਕੰਮ ਸਿੱਖਣ ਦੀ ਕੋਈ ਲੋੜ ਨਹੀਂ। ਕਪੜੇ ਦੀ ਕੀ ਗੱਲ ਹੈ ਮੁਲ ਲੈਕੇ ਪਾ ਸਕਾਂ ਗੀਆਂ ਓਨਾਂ ਮੂਰਖਾਂ ਨੂੰ ਪਾਰਬਤੀ ਨੇ ਬਥੇਰਾ ਸਮਝਾਯਾ ਪਰ ਓਹ ਏਹ ਕੰਮ ਕਰਨ ਨੂੰ ਤਿਆਰ ਨ ਹੋਈਆਂ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਈਵਾਂ ਅੱਧਯਾਇ

ਇਕ ਦਿਨ ਪਾਰਬਤੀ ਦੇ ਛੋਟੇ ਪੁਤ੍ਰ ਸੋਭਾ ਨਾਰਾਇਣ ਨੇ ਜੋ ਪ੍ਰੇਮ ਨਾਰਾਇਣ ਤੋਂ ਵਧੀਕ ਚੰਚਲ ਕ੍ਰੋਧੀ ਤੇ ਬੁਧਿਵਾਨ ਸੀ ਖੇਡਦਿਆਂ ੨ ਗਵਾਂਢੀਆਂ ਦੀ ਇਕ ਕੁੜੀ ਨੂੰ ਬੜਾ ਮਾਰਿਆ ਅਰ ਓਸਦੇ ਖਿਡੌਣੇ ਤੋੜ ਦਿਤੇ (ਪਾਰਬਤੀ ਨੇ ਏਹ ਗੱਲ ਆਪਣੀ ਛੋਟੀ ਧੀ ਪਾਸੋਂ ਸੁਣ ਲਈ) ਜਦ ਓਹ ਘਰ ਆਯਾ ਤਾਂ ਪਾਰਬਤੀ ਨੇ ਬੜੇ ਸ਼ੋਕ ਨਾਲ਼ ਦੁਖੀ ਹੋਕੇ ਓਸਨੂੰ ਕਿਹਾ ਕਾਕਾ ਤੂੰ ਚੰਪਾ ਨੂੰ ਕਿਉਂ ਮਾਰਿਆ ਹੈ? ਓਸਨੇ ਤੇਰਾ ਕੀ ਵਿਗਾੜਿਆ ਸੀ? ਮਾਂ ਦੀ ਏਹ ਗੱਲ ਸੁਣਕੇ ਸੋਭਾ ਬਹੁਤ ਡਰ ਗਿਆ ਅਰ ਬੋਲਿਆ ਓਸਨੇ ਮੇਰੇ ਖਿਡੌਣੇ ਤੋੜਦਿੱਤੇ ਸਨ ਏਸੇਲਈ ਮੈਂ ਓਸਦੇ ਖਿਡੌਣੇ ਤੋੜ ਦਿੱਤੇ ਅਰ ਮਾਰਿਆ।

ਪਾਰਬਤੀ–ਕੀ ਓਸਨੂੰ ਮਾਰਨਨਾਲ ਤੇਰੇ ਖਿਡੌਣੇ ਮਿਲ ਗਏ ਹਨ? ਕੀ ਮੈਂ ਤੈਨੂੰ ਏਹੋ ਸਿਖਾਇਆ ਸੀ ਕਿ ਤੂੰ ਵਿਚਾਰੀਆਂ ਕੁੜੀਆਂ, ਜਿਨਾਂ ਨੂੰ ਆਪਣੀ ਭੈਣਾਂ ਵਾਂਗ ਸਮਝਣਾ ਚਾਹੀਦਾ ਹੈ ਮਾਰਕੇ ਆਪਣਾ ਤੇ ਸਾਡਾ ਦੁਖ ਵਧਾਵੇਂ? ਮੈਂ ਏਹ ਨਹੀਂ ਚਾਹੁੰਦੀ ਕਿ ਤੈਨੂੰ ਭੀ ਮਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇ ਸਿਧਾ ਕਰਾਂ, ਹੱਛਾ ਜਾਹ ਹੁਣੇ ਉਸ ਕੁੜੀ ਨੂੰ ਸਦ ਲਿਆ ਅਰ ਉਸਤੋਂ ਛਿਮਾ ਮੰਗ। ਮਾਂ ਦੀ ਆਗਜ਼ਾ ਸੁਣ ਕੇ ਓਹ ਬੜਾ ਸ਼ਰਮਿੰਦਾ ਹੋਇਆ। ਉਸਦੀ ਇੱਛਾ ਨਹੀਂ ਸੀ ਕਿ ਉਸ ਕੁੜੀ ਦੇ ਘਰ ਜਾਕੇ ਖਿਮਾ ਮੰਗੇ ਪਰ ਕੀ ਕਰੇ ਮਾਤਾ ਦੀ ਆਗਜ਼ਾ ਅਜੇਹੀ ਦ੍ਰਿੜ ਹੈ ਕਿ ਉਸਦੀ ਆਗਜ਼ਾ ਪਾਲੇ ਬਿਨਾ ਛੁਟਕਾਰਾ ਹੀ ਨਹੀਂ। ਓਹ ਬਹੁਤ ਲੱਜਤ ਹੋਕੇ ਉਸਕੁੜੀਦੇ ਘਰਜਾਕੇ ਉਸਨੂੰਸੱਦ ਲਿਆਇਆ ਅਰ ਹੱਥ ਜੋੜਕੇ ਬੋਲਿਆ:-"ਭੈਣ ਮੈਂ ਜੋ ਅਪ੍ਰਾਧ ਕੀਤਾ ਹੈ ਓਹ ਮੈਨੂੰ ਖਿਮਾ ਕਰ, ਅੱਗੇ ਨੂੰ ਫੇਰ ਮੈਂ ਕਦੇ ਅਜੇਹਾ ਅਪ੍ਰਾਧ ਨਹੀਂ ਕਰਾਂਗਾ"॥ ਫੇਰ ਪਾਰਬਤੀ ਨੇ ਕਿਹਾ ਹੁਣ ਤੇਰੇ ਜੋ ਚੰਗੇ ਖਿਡੌਣੇ ਹਨ ਓਨਾਂ ਵਿੱਚੋਂ ਏਸ ਨੂੰ ਏਤਨੇ ਖਡੌਣੇ ਦੇਹ ਜਿੰਨੇ ਕਿ ਤੂੰ ਉਸਦੇ ਭੰਨੇ ਹਨ। ਵਿਚਾਰਾ ਕੀ ਕਰੇ। ਚੁਪ ਕਰਕੇ ਮਾਤਾਦੀ ਆਗਜ਼ਾ ਮੰਨੀ ਅਰ ਫੇਰ ਮਾਤਾ ਤੋਂ ਖਿਮਾ ਮੰਗੀ ਭੁਲ ਬਖਸ਼ਾਈ। ਤਦ ਮਾਂ ਨੇ ਪਿਆਰਨਾਲ ਕੁਛੜ ਲੈਕੇ ਕਿਹਾ ਦੇਖ ਪੁਤ੍ਰ ਫੇਰ ਕਦੇ ਕਿਸੇ ਨੂੰ ਇਸਤਰਾਂ ਦੁਖ ਨ ਦੇਵੀਂ ਜੋ ਤੂੰ ਦੂਸਰਿਆਂ ਨੂੰ ਦੁਖ ਦੇਵੇਂਗਾ ਤਾਂ ਓਹ ਤੈਨੂੰ ਕਦੇ ਪਿਆਰ ਨਹੀਂ ਕਰਨਗੇ ਅਰ ਨ ਤੇਰੇ ਨਾਲ ਖੇਡਨਗੇ ਅਰ ਤੇਰੇ ਅਜੇਹੇ ਕਰਨ ਨਾਲ ਸਾਨੂੰ ਭੀ ਲੱਜਿਆ ਆਵੇਗੀ।

ਇਕ ਦਿਨ ਪ੍ਰੇਮ ਦੇਵੀ ਨੇ ਮੰਗਲਾਂ ਦਾਸੀ ਦੀਆਂ ਚੂੜੀਆਂ (ਵੰਗਾਂ) ਤੋੜ ਦਿਤੀਆਂ ਸਨ ਉਸ ਦਿਨ ਭੀ ਪਾਰਬਤੀ ਨੇ ਕੁੜੀਦੇ ਖਰਚਨ ਵਾਲੇ ਪੈਸਿਆਂ ਵਿਚੋਂ ਚੂੜੀਆਂ ਲੈ ਦਿਤੀਆਂ ਸਨ ਅਰ ਧੀ ਨੂੰ ਮੱਤ ਦਿੱਤੀ ਸੀ ਕਿ ਭਾਵੇਂ ਵਿਚਾਰੇ ਦਾਸ ਦਾਸੀਆਂ ਸਾਡੇ ਅਧੀਨ ਹਨ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਫੇਰ ਭੀ ਸਾਨੂੰ ਓਨਾਂ ਨੂੰ ਦੁੱਖ ਦੇਣਾ ਜਾਂ ਕੌੜੇ ਬਚਨ ਬੋਲਨੇ ਜਾਂ ਕਿਸੇ ਤਰਾਂ ਓਨਾਂ ਦੀ ਹਾਨੀ ਕਰਨੀ ਉਚਿਤ ਨਹੀਂ। ਬਹੁਤੇ ਘਰਾਂ ਦੇ ਬਾਲ ਆਪਣੇ ਦਾਸ ਦਾਸੀਆਂ ਨੂੰ ਬੜਾ ਸਤਾਉਂਦੇ ਹਨ ਓਨਾਂ ਨਾਲ ਚੰਗੀਤਰਾਂ ਬੋਲਦੇ ਨਹੀਂ ਪਰ ਏਹ ਬੜਾ ਅਨਿਆਇ ਹੈ, ਕੀ ਓਨਾਂ ਵਿਚ ਜਾਨ ਨਹੀਂ? ਕੀ ਓਨਾਂ ਦੇ ਮਨ ਵਿਚ ਸਾਡੇ ਵਾਂਗ ਦੁਖ ਸੁਖ ਦੀ ਸਮਝ ਨਹੀਂ? ਪਾਰਬਤੀ ਤਾਂ ਕਦੀ ਆਪਣੇ ਬਾਲਾਂ ਨੂੰ ਦਾਸ ਦਾਸੀਆਂ ਨੂੰ ਦੁਖ ਨਹੀਂ ਦੇਣ ਦੇਂਦੀ ਏਸੇ ਕਰਕੇ ਓਹ ਬੜੇ ਪ੍ਰੇਮ ਨਾਲ ਰਹਿੰਦੇ ਹਨ ਜਦ ਕਦੇ ਓਹ ਰੋਗੀ ਹੁੰਦੇ ਤਾਂ ਪ੍ਰੇਮ ਨਾਰਾਇਣ ਤੇ ਪ੍ਰੇਮ ਦੇਵੀ ਆਪ ਣੀਂ ਹੱਥੀਂ ਓਨਾਂ ਦੀ ਸੇਵਾ ਕਰਦੇ ਏਸੇ ਲਈ ਓਹ ਭੀ ਇਨਾਂ ਨਾਲ ਬੜਾ ਹਿਤ ਕਰਦੇ ਤੇ ਏਨਾਂਨੂੰ ਛੱਡਕੇ ਕਿਸੇ ਹੋਰ ਥਾਂ ਨਹੀਂ ਜਾਂਦੇ ਸਨ॥

ਪਾਰਬਤੀ ਆਪ ਭੀ ਬੜੀ ਪਰਉਪਕਾਰੀ ਇਸਤ੍ਰੀ ਸੀ ਗਵਾਂਢੀਆਂ ਵਿਚੋਂ ਜਦ ਕਦੇ ਕੋਈ ਰੋਗੀ ਹੋ ਜਾਂਦਾ ਤਾਂ ਪਾਰਬਤੀ ਓਸੇ ਵੇਲੇ ਓਸਦੇ ਘਰ ਜਾਕੇ ਚਕਿਤਸਾ ਸੇਵਾ ਆਦਿਕ ਦਾ ਪ੍ਰਬੰਧ ਕਰਦੀ॥

ਇਕ ਦਿਨ ਇਕ ਗਵਾਂਢਨ ਆਪਣੇ ਪੁਤ੍ਰ ਨੂੰ ਲੈਕੇ ਪਾਰਬਤੀ ਪਾਸ ਆਈ ਅਰ ਬੋਲੀ ਭੈਣ ਮੈਂ ਰੋਟੀ ਪਕਾ ਰਹੀ ਸਾਂ ਕਿ ਏਹ ਮੁੰਡਾ ਦੌੜਦਾ੨ ਆਯਾ ਨਾਲ ਦੇ ਚੁਲ੍ਹੇ ਤੇ ਪਾਣੀ ਧਰਿਆ ਹੋਯਾਸੀ ਓਹ ਸੜਦਾਬਲਦਾ ਪਾਣੀ ਇਸਦੇ ਉਪਰ ਆ ਪਿਆ ਹੈ ਏਹ ਦੇਖੋ ਸਾਰੇਛਾਲੇ ਫਲੂਹੇ ਪੈ ਗਏ ਹਨ ਹੁਣ ਮੈਂ ਕੀ ਕਰਾਂ? ਏਹ ਕਹਿਕੇ ਰੋਣ ਲਗ ਪਈ। ਪਾਰਬਤੀ ਨੇ ਓਸਨੂੰ ਧੀਰਜ ਦਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਪ੍ਰੇਮ ਦੇਵੀ ਪਾਸੋਂ ਚੂਨੇ ਦਾ ਪਾਣੀ, ਗਰੀ ਦਾ ਤੇਲ ਤੇ ਇਕ ਟਾਕੀ ਕਪੜੇ ਦੀ ਅਰ ਇਕ ਕੇਲੇ ਦਾ ਪੱਤਾ ਮੰਗ ਵਾਯਾ। ਕੁੜੀ ਨੇ ਗਰੀ ਦੇ ਤੇਲ ਵਿਚ ਚੂਨੇ ਦਾ ਪਾਣੀ ਚੰਗੀ ਤਰਾਂ ਰਲਾ ਕੇ ਓਸ ਵਿਚ ਟਾਕੀ ਭਿੰਉਂ ਕੇ ਦਿਤੀ ਪਾਰਬਤੀ ਨੇ ਮੁੰਡੇ ਨੂੰ ਕੁਛੜ ਚੱਕ ਲਿਆ ਅਰ ਜਿਥੇ ੨ ਤੱਤਾ ਪਾਣੀ ਪਿਆ ਸੀ ਓਥੇ ੨ ਤੇਲ ਲਾਕੇ ਓਸਤੇ ਕਪੜਾ ਰਖ ਉਪਰੋਂ ਕੇਲੇ ਦਾ ਪੱਤਾ ਬੰਨ੍ਹ ਦਿਤਾ। ਏਸੇ ਤਰਾਂ ਓਹ ਨਿਤ ਆਪਣੀ ਧੀ ਨੂੰ ਸੇਵਾ ਕਰਨੀ ਸਿਖਾਉਂਦੀ ਸੀ। ਰੋਗੀਆਂ ਲਈ ਸਾਬੂ ਦਾਣਾ, ਅਰਾਰੋਟ, ਬਾਰਲੇ ਆਦਿਕ ਬਨਾਉਣੇ, ਸੇਕ,ਭਾਪ ਦੇਣੀ, ਥਰਮਾ ਮੇਟਰ ਆਦਿਕ ਲਾਉਣਾ ਓਸਨੇ ਆਪਣੇ ਪੁਤ੍ਰ ਧੀਆਂ ਨੂੰ ਚੰਗੀ ਤਰਾਂ ਸਿਖਾ ਦਿਤਾ ਸੀ। ਸੁਛਤਾ ਤੇ ਸਫਾਈ ਵਲ ਭੀ ਓਨਾਂ ਦਾ ਬੜਾ ਧਿਆਨ ਸੀ। ਸਾਤੇਵਿਚ ਇਕ ਦਿਨ ਉਬਲ ਦੇ ਪਾਣੀ ਵਿਚ ਕਪੜੇ ਪਾਕੇ ਧੋਕੇ ਇਸ ਤ੍ਰੀ (ਕੁੰਦੀ) ਕਰਨਾ ਸਿਖਾਉਂਦੀ ਸੀ। ਸੂਈ ਸਲਾਈ ਆਦਕ ਦਾ ਕੰਮ ਕੁੜੀਆਂ ਨੇ ਬੜੀ ਚੰਗੀ ਤਰਾਂ ਸਿਖਿਆ ਸੀ। ਸਦਾ ਮਾਤਾ ਪਿਤਾ ਦੇ ਸੁਭ ਦ੍ਰਿਸ਼ਟਾਂਤ ਵੇਖਣ ਅਰ ਭਲੀ ਸਿਖਿਆ ਮਿਲਣ ਕਰਕੇ ਪੁਤ੍ਰ ਧੀਆਂ ਬੜੇ ਚਤੁਰ ਤੇ ਸਿਆਣੇ ਹੋਗਏ॥

ਜੇਹੀ ਕਿ ਦ੍ਰਿਸ਼ਟ ਸੁਛਤਾ ਵਲ ਸੀ ਓਤਨੀ ਹੀ ਘ੍ਰਿਣਾ ਸ਼ੋਕੀਨੀ ਤੋਂ ਸੀ ਇਨਾਂ ਨੇ ਆਪਣੇ ਧੀਆਂ ਪੁਤ੍ਰਾਂ ਨੂੰ ਕਦੇ ਗੋਟੇ ਕਨਾਰੀ ਵਾਲੇ ਕਪੜੇ ਨਹੀਂ ਬਨਵਾ ਦਿੱਤੇ ਸਨ ਜੇਹੇ ਆਪ ਸਿਧੇ ਸਾਦੇ ਕਪੜੇ ਪਾਉਂਦੇ ਸਨ ਤੇਹੇ ਹੀ ਸਾਦੇ ਕਪੜੇ ਪਾਉਣਦੀ ਵਾਦੀ ਬਾਲਾਂ ਨੂੰ ਸਿਖਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਈ ਸੀ, ਬਹੁਤੇਰੀਆਂ ਇਸਤ੍ਰੀਆਂ ਆਪਣੇ ਪਤੀ ਦੇ ਯਤ ਨਾਂ ਨਾਲ ਕਮਾਏ ਹੋਏ ਧਨ ਨੂੰ ਵਿਅਰਥ ਸ਼ੌਕੀਨੀ (ਬਾਂਕ ਪੁਣੇ) ਵਿਚ ਗੁਵਾ ਵੇਂਦੀਆਂਹਨ ਪਾਰਬਤੀ ਨੂੰ ਅਜੇਹੀਆਂ ਗੱਲਾਂ ਤੋਂ ਬੜੀ ਘ੍ਰਿਣਾ ਸੀ। ਇਕ ਦਿਨ ਰਾਮ ਪਿਆ ਰੀ ਦੀ ਸੱਸ ਨੇ ਪ੍ਰੇਮਦੇਵੀ ਨੂੰ ਦੇਖਕੇ ਪਾਰਬਤੀ ਨੂੰ ਕਿਹਾ ਕਾਕੋ! ਤੂੰ ਪ੍ਰੇਮ ਦੇਵੀ ਦੇ ਨੱਕ ਕੰਨ ਕੁਛ ਭੀ ਨਹੀਂ ਵਿੰਨ੍ਹਾ ਏ ਅਰ ਨਾਹੀਂ ਚੰਗੇ ਗਹਿਣੇ ਕਪੜੇ ਪੁਆਉਂਦੀ ਹੈਂ ਏਹ ਕੀ ਗੱਲ ਹੈ? ਜਵਾਨ ਧੀਆਂ ਨੂੰ ਤਾਂ ਸੋਹਣੇ ੨ ਗੋਟੇ ਕਨਾਰੀ ਵਾਲੇ ਕਪੜੇ ਤੇ ਚੰਗੇ ੨ ਗਹਿਣੇ ਜਰੂਰ ਪੁਆਉਣੇ ਚਾਹੀਦੇ ਹਨ॥

ਪਾਰਬਤੀ ਹੱਸ ਕੇ ਬੋਲੀ ਮਾਤਾ ਜੀ! ਜੇ ਕਿਸੇ ਦੇ ਘਰ ਨ ਹੋਣ ਤਾਂ ਕੀ ਕਰੇ? ਹੋਰ ਮੈਂ ਦੇਖਦੀ ਹਾਂ ਜੋ ਕੁੜੀਆਂ ਸੋਹਣੇ ਰੰਗਦਾਰ ਕਪੜਿਆਂ ਦੇ ਬਿਨਾਂ ਹੀ ਸੁੰਦ ਰ ਹਨ। ਰੰਗਦਾਰ ਜਰੀ ਗੋਟੇ ਵਾਲੇ ਕਪੜਿਆਂ ਦੀ ਸੁੰਦ੍ਰਤਾ ਤਾਂ ਚਾਰ ਹੀ ਦਿਨ ਹੈ ਰੋਜ ਪਹਿਨਣ ਨਾਲ ਮੈਲੇ ਹੋ ਜਾਂਦੇ ਹਨ ਫੇਰ ਧੋਤੇ ਭੀ ਨਹੀਂ ਜਾਂਦੇ, ਧੋਣ ਨਾਲ ਓਨਾਂ ਦੀ ਸ਼ੋਭਾ ਮਾਰੀ ਜਾਂਦੀ ਹੈ ਬਹੁਤੇ ਗਹਿਣੇ ਪਾਉਣ ਦੀ ਭੀ ਕੀ ਲੋੜ ਹੈ? ਸੀਤਾ, ਸਾਵਿੱਤ੍ਰੀ, ਦਮ ਯੰਤੀ ਆਦਿਕ ਦੀ ਜੋ ਅੱਜ ਤਕ ਭਗਤੀ ਹੁੰਦੀ ਹੈ ਕੀ ਓਨਾਂ ਦੇ ਗਹਿਣੇ ਕਪੜਿਆਂ ਦੇ ਕਾਰਨ? ਸੀਤਾ ਨੇ ਜਦ ਪਤਿਬ੍ਰਤਾ ਧਰਮ ਪਾਲਣ ਲਈ ਰਾਣੀ ਦਾ ਵੇਸ ਅਰ ਵਡ ਮੁੱਲੇ ਗਹਿਣੇ ਲਾਹ ਕੇ ਬਨ ਦੇ ਭੋਜ ਪੱਤ੍ਰ ਦੇ ਕਪੜੇ ਪਾਏ ਤਦ ਤੋਂ ਹੀ ਲੋਕ ਉਨਾਂ ਦੀ ਉਪਮਾ ਕਰਨ ਲਗ ਪਏ। ਅਰ ਅੱਜ ਤਕ ਉਸਨੂੰ ਦੇਵੀ ਕਹਿੰਦੇ ਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀ ਅਸੀਂ ਓਨਾਂ ਦੇ ਵਡਮੁਲੇ ਗਹਿਣਿਆਂ ਦੀ ਉਸਤਤ ਕਰਦੇ ਹਾਂ ? ਗੁਣਵੰਤੀ ਹੋਣਾ ਹੀ ਇਸਤ੍ਰੀਆਂ ਦਾ ਸ੍ਰੇਸ਼ਟ ਭੂਖਣ ਹੈ ਵਿੱਦਿਆ ਅਤੇ ਧਰਮ ਨਾਲ ਜਦ ਕੰਨਿਆ ਸੁਸਿਖਸ਼ਤ ਹੁੰਦੀਆਂ ਹਨ ਤਦ ਹੀ ਓਨਾਂ ਦੀ ਸ਼ੋਭਾ ਵਧਦੀ ਹੈ ਅਰ ਬਹੁਤੇ ਗਹਿਣੇ ਕਪੜੇ ਪਾਉਣ ਨਾਲ ਲੋਭ ਵਧ ਦਾ ਹੈ ਜਾਨ ਤਕ ਜਾਣ ਦਾ ਡਰ ਰਹਿੰਦਾ ਹੈ ਕੀ ਏਹ ਗੱਲ ਤੁਸੀਂ ਨਹੀਂ ਜਾਣਦੇ ? ਅਜੇ ਮਹੀਨਾ ਭੀ ਨਹੀਂ ਹੋਇਆ ਜੋ ਸੇਠ ਭਗਵਾਨ ਦਾਸ ਦੀ ਪੋਤ੍ਰੀ ਨੂੰ ਜੋ ਸਦਾ ਵਡਮੁੱਲੇ ਗਹਿਣੇ ਪਾਕੇ ਬਜਾਰਾਂ ਵਿਚ ਤੇ ਮੇਲਿਆਂ ਵਿਚ ਜਾਂਦੀ ਹੁੰਦੀ ਸੀ ਓਸਦੇ ਘਰਦੇ ਨੌਕਰ ਨੇ ਹੀ ਮੇਲੇ ਵਿਚ ਲੈ ਜਾਣ ਦਾ ਝੂਠਾ ਲਾਲਚ ਦੇਕੇ ਕੁੜੀ ਨੂੰ ਬਨ ਵਿਚ ਲੈਜਾਕੇ ਮਾਰ ਦਿਤਾ ਅਰ ਆਪ ਓਸਦੇ ਗਹਿਣੇ ਕਪੜੇ ਲੈਕੇ ਕਿਤੇ ਨੱਸ ਗਿਆ ਹੈ ਅੱਜ ਤਕ ਓਸ ਪਾਪੀ ਦਾ ਕਿਤੇ ਪਤਾ ਨਹੀਂ ਲਗਾ ਤਦਤੋਂ ਹੀ ਓਨਾਂ ਦੇ ਪ੍ਰਵਾਰਵਿਚ ਅਤਯੰਤ ਸ਼ੋਕ ਹੋ ਰਿਹਾ ਹੈ। ਏਸ ਕੋਲੋਂ ਤਾਂ ਗਹਿਣੇ ਨ ਪਵਾਉਣੇ ਹੀ ਚੰਗੇ ਹਨ । ਹਾਂ ਜੇ ਕਿਸੇ ਦੀ ਪ੍ਰਬਲ ਇੱਛਾ ਹੋਵੇ ਤਾਂ ਦੋ ਚਾਰ ਹੌਲੇ ੨ ਗਹਿਣੇ ਬਨਵਾਕੇ ਹੱਥਾਂ ਤੇ ਗਲਵਿਚ ਪਾ ਦੇਵੇ ਸੋ ਭੀ ਬਿਲਕੁਲ ਅੰਞਾਣੇ ਬਾਲ ਨੂੰ ਨਹੀਂ ਪਾਉਣੇ ਚਾਹੀਦੇ। ਹੋਰ ਦੇਖੋ ਨੱਕ, ਕੰਨ ਵਿਚ ਛਾਨਣੀ ਵਾਂਗ ਛੇਕ ਕਰਕੇ ਅਨੇਕਾਂ ਗਹਿਣੇ ਪੁਆਉਣੇ ਭੀ ਅਤਯੰਤ ਦੁਖਦਾਈ ਹਨ ਇਨਾਂ ਨਾਲ ਬਹੁਤੀਆਂ ਤੀਵੀਆਂ ਦੇ ਨੱਕ ਕੰਨ ਵੱਢੇ ਜਾਂਦੇ ਹਨ ਚੋਰ ਨੱਕ ਕੰਨਖਿੱਚ ਲੈ ਜਾਂਦੇਹਨ। ਗਹਿਣੇ ਪਾਉਣ ਦੇ ਕਾਰਨ ਚੰਗੀ ਤਰਾਂ ਨ੍ਹਾਤਾ ਧੋਤਾਨਹੀਂ ਜਾਂਦਾ,ਮੈਂ ਆਪਣੇਪੇਕੇ ਘਰਰਹਿੰਦਿਆਂ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਖਿਆ ਸੀ ਕਿ ਇਕ ਸੇਠ ਦੀ ਨੂੰਹ ਜਿਸਨੇ ਵਡਾ ਸਾਰਾ ਚੂੜਾ ਪਾਇਆ ਹੋਇਆ ਸੀ ਗਰਮੀਆਂ ਦੇ ਦਿਨਾਂ ਵਿਚ ਮੁੜਕਾ ਤੇ ਮੈਲ ਕੱਠਾ ਹੋ ਜਾਣ ਕਰਕੇ ਚੂੜੇ ਵਾਲੀ ਥਾਂ ਤੇ ਫੋੜੇ ਨਿਕਲ ਆਇ ਫੇਰ ਭੀ ਵਿਚਾਰੀ ਸੱਸ ਨਣਾਨ ਤੋਂ ਡਰਦੀ ਚੂੜ੍ਹਾ ਲਾਹ ਕੇ ਓਸ ਥਾਂ ਨੂੰ ਸਾਫ ਨ ਕਰ ਸਕੀ ਅਰ ਨਾਂ ਹੀਂ ਕੋਈ ਦਵਾਇ ਲਗਾਈ। ਹੌਲੀ ੨ ਫੋੜੇ ਵਧਦਿਆਂ ੨ ਇਕ ਚੰਗਾ ਤਕੜਾ ਘਾਉ ਪੈਗਿਆ ਅੰਤ ਨੂੰ ਹਾਰਕੇ ਇਕ ਡਾਕਟਰ ਦਾ ਇਲਾਜ ਕਰਵਾ ਇਆ, ਓਸਨੇ ਕਿਹਾ ਜੋ ਚੂੜਾ ਲਾਹੇ ਬਿਨਾ ਕੁਛ ਲਾਭ ਨਹੀਂ ਹੋ ਸਕਦਾ ਘਾਉ ਵਧੇਗਾ ਅਰ ਏਸਦੀ ਬਾਂਹ ਦਾ ਮਾਸ ਗਲ ਜਾਵੇਗਾ, ਹੁਣ ਤਾਂ ਬੜੀ ਬਿਪਤਾ ਪਈ ਸੱਸ ਤਾਂ ਆਪਣੇ ਪੁਤ੍ਰ ਦਾ ਕੁਸਗਨ ਹੁੰਦਾ ਵੇਖਕੇ ਚੂੜਾ ਲਾਹੁਣ ਨ ਦੇਵੇ ਨੂੰਹ ਵਿਚਾਰੀ ਕੀ ਕਰੇ ਅੰਤ ਨੂੰ ਓਸਦੇ ਪੁਤ੍ਰ ਨੇ ਆਪ ਆਕੇ ਤੋੜਕੇ ਚੂੜਾ ਲਾਹਿਆ ਅਰ ਧੋਕੇ ਦਵਾਈ ਲੁਆਈ ਤਦ ਜਾਕੇ ਕੁਛ ਆਰਾਮ ਹੋਇਆ ॥

ਹੁਣ ਦੇਖੋ ਇਸ ਮੂਰਖਤਾ ਦਾ ਫਲ ਕੀ ਹੁੰਦਾ ਹੈ ਇਸ ਪਾਸੋਂ ਤਾਂ ਮੈਂ ਗਹਿਣੇ ਨ ਪਾਉਣੇ ਹੀ ਪਸੰਦ ਕਰ ਦੀ ਹਾਂ। ਛੋਟੇ ੨ ਕੋਮਲ ਬਾਲਾਂ ਨੂੰ ਪੰਜ ੨ ਸੇਰ ਚਾਂਦੀ ਦਾ ਭਾਰ ਪਾਕ ਮਾਵਾਂ ਓਨਾਂ ਨੂੰ ਪ੍ਰਸੰਨਤਾ ਨਾਲ ਖੇਡਣ ਭੀ ਨਹੀਂ ਦੇਂਦੀਆਂ। ਛੋਟੇ ਹੁੰਦੇ ਤੋਂ ਹੀ ਗਹਿਣੇ ਪਾਉਣ ਕਰਕੇ ਲੋਭ ਭੀ ਵਧ ਜਾਂਦਾ ਹੈ ਜੇ ਕੁੜੀ ਕਿਸੇ ਗ੍ਰੀਬ ਦੇ ਘਰ ਵਿਆਹੀ ਜਾਵੇ ਓਥੇ ਬਹੁਤੇ ਗਹਿਣ ਨ ਮਿਲਣ, ਤਾਂ ਓਹ ਆਪ ਭੀ ਦੁਖੀ ਰਹਿੰਦੀ ਹੈ ਅਰ ਪਤੀ ਨੂੰ ਭੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਖ ਦੇਂਦੀ ਰਹਿੰਦੀ ਹੈ ਪਤੀ ਨੂੰ ਸੁਖ ਸ਼ਾਂਤੀ ਦੇਣ ਦੀ ਥਾਂ ਓਸਨੂੰ ਗਾਲਾਂ ਮੇਹਣੇ ਦੇਕੇ ਸਤਾਉਂਦੀਆਂ ਰਹਿੰਦੀਆਂ ਹਨ ਹੁਦਾਰ ਚੁਕਵਾਕੇ ਪਤੀ ਨੂੰ ਜੇਹਲਖਾਨੇ ਭੇਜਦੀਆਂ ਹਨ ਅਸਾਂ ਅਜੇਹੇ ਦ੍ਰਿਸ਼ਟਾਂਤ ਆਪਣੀ ਅਖੀਂ ਦੇਖੇ ਹਨ ਹੁਣ ਤਾਂ ਅਜੇਹੀ ਰੀਤਾਂ ਨੂੰ ਤੋੜਕੇ ਵਿੱਦਯਾ ਤੇ ਧਰਮਭਾਵ ਕੁੜੀਆਂ ਨੂੰ ਸਿਖਾਉਣਾ ਚਾਹੀਦਾ ਹੈ ਜਿਸ ਨਾਲ ਪਤੀ ਦੇ ਘਰ ਜਾਕੇ ਆਪਣੇ ਗੁਣਾਂ ਤੇ ਸੇਵਾ ਨਾਲ ਓਸਦੇ ਸਾਰੇ ਪ੍ਰਵਾਰ ਨੂੰ ਸੁਖ ਆਨੰਦ ਦੇਣ ॥

ਪਾਰਬਤੀ ਦੀਆਂ ਗੱਲਾਂ ਸੁਣਕੇ ਰਾਮ ਪਿਆਰੀ ਦੀ ਸੱਸ ਤੇ ਹੋਰ ਪਾਸ ਬੈਠੀਆਂ ਹੋਈਆਂ ਤੀਵੀਆਂ ਓਸ ਦੀ ਸਲਾਹੁਤਾ ਕਰਕੇ ਬੋਲੀਆਂ ਕਾਕੀ ਤੇਰੇ ਵਰਗੀ ਸਮਝ ਭੀ ਤਾਂ ਸਭਨਾਂ ਨੂੰ ਆਉਣੀ ਕਠਨ ਹੈ ਤੇਰੇ ਪ੍ਰਭਾਵ ਕਰਕੇ ਸਾਡੀ ਨੂੰਹ ਭੀ ਕੰਮ ਕਾਜ ਸਿੱਖਕੇ ਸਾਡੇ ਘਰ ਦੀ ਸ਼ੋਭਾ ਵਧਾ ਰਹੀ ਹੈ ਹੁਣ ਤਾਂ ਮੈਨੂੰ ਕੋਈ ਕੰਮ ਕਰਨ ਨਹੀਂ ਦੇਂਦੀ ਬਾਲਾਂ ਨੂੰ ਭੀ ਚੰਗੀਤਰਾਂ ਪਾਲਦੀ ਪੋਸਦੀ ਹੈ। ਹੁਣ ਪਹਿਲਾਂ ਵਾਂਗ ਸਦਾ ਗਹਿਣੇ ਕਪੜੇ ਵਿਚ ਹੀ ਨਹੀਂ ਰੁੱਝੀ ਰਹਿੰਦੀ ਪੁਸਤਕ ਪੜ੍ਹਨ ਤੇ ਸੂਈ ਸਲਾਈ ਦਾ ਕੰਮ ਕਰਨ ਵਿਚ ਲਗੀ ਰਹਿੰਦੀ ਹੈ ਤੇਰੀ ਦੇਖਾਦਾਖੀ ਹੁਣ ਓਹ ਭੀ ਧੀਆਂ ਨੂੰ ਬਹੁਤੇ ਗਹਿਣੇ ਨਹੀਂ ਪਾਉਂਦੀ ਪਰ ਫੇਰ ਭੀ ਲੋਕਾਚਾਰ ਕਰਕੇ ਏਡੇ ਘਰ ਦੀਆਂ ਨੂੰਹਾਂ ਧੀਆਂ ਨੂੰ ਥੋੜੇ ਬਹੁਤੇ ਗਹਿਣੇ ਕਪੜੇ ਪਾਉਣੇ ਹੀ ਚਾਹੀਦੇ ਹਨ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਰਬਤੀ ਆਪਣੀ ਸਹੇਲੀ ਦੀ ਸਲਾਘਾ ਸੁਣ ਕੇ ਮਨ ਵਿਚ ਬੜੀ ਪ੍ਰਸੰਨ ਹੋਈ ॥

ਸ਼ੁਭ ਦ੍ਰਿਸ਼ਟਾਂਤ ਦਾ ਪ੍ਰਭਾਵ ਕੇਹਾ ਹੁੰਦਾ ਹੈ! ਜੇ ਏਹ ਅਸੀਂ ਲੋਕ ਚੰਗੀ ਤਰਾਂ ਸਮਝਦੇ ਤਾਂ ਬਹੁਤੇ ਪ੍ਰਵਾਰਾਂ ਵਿਚ ਸੁਖ ਸ਼ਾਂਤੀ ਦਾ ਸੋਮਾ ਚਲ ਪੈਂਦਾ ਅਰ ਸਾਡੇ ਦੇਸ਼ ਦਾ ਮਾਨ ਭੀ ਵਧਦਾ॥

ਪ੍ਰਮਾਤਮਾ ਅਜੇਹਾ ਸ਼ੁਭ ਦਿਨ ਸਾਡੇ ਦੇਸ਼ ਵਿਚ ਕਦ ਦਿਖਾਵੇਗਾ !!!

ਪ੍ਰਥਮ ਭਾਗ ਸਮਾਪਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय
गुरुकुल कांगड़ी

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar